# PUNJAB VIDHAN SABHA

## DEBATES

*Thursday, 22nd March, 2018*

***Vol. IV-No.4***

## OFFICIAL REPORT

## CONTENTS


| | ***Page*** |
|---|---|
| Ruling by the Hon'ble Speaker regarding recording of House proceedings on Mobiles and uploading the same on Facebook by some Members of the House | (4) 1 |
| Starred Questions and Answers | (4) 4 |
| Written Answers to Starred Questions laid on the Table of the House under Rule 38 | (4) 35 |
| Unstarred Questions and Answers | (4) 38 |
| Matters raised during Zero Hour and Statements made by Chief Minister/Ministers thereon | (4) 50 |
| Short Adjournment of the House | (4) 58 |
| Obituary Reference | (4) 58 |



**PUNJAB VIDHAN SABHA SECRETARIAT, CHANDIGARH**

Price : Rs. ........................

| | |
|---|---|
| Call Attention Notices under Rule 66 | (4) 60 |
| Papers Laid on the Table of the House | (4) 63 |
| Presentation of Reports of the Committees | (4) 64 |
| Financial Business | (4) 66 |
| 1(i) Presentation of Supplementary Demands for Grants for expenditure of the Government of Punjab for the Year 2017-18 | (4) 66 |
| (ii) Presentation of the Report of the Committee on Estimates on the Supplementary Demands for Grants for Expenditure of the Government of Punjab for the Year 2017-18 | (4) 70 |
| Walk-out | (4) 70 |
| Presentation of Supplementary Demands for Grants for Expenditure of the Govt. of Punjab for the Year 2017-18 (*Resumption*) | (4) 70 |
| (iii) Supplementary Demands for Grants for Expenditure of the Government of Punjab for the Year 2017-18<br>(1) Discussion on the Estimates of the Expenditure Charged on revenue of the State<br>(2) Voting on the Demands for Supplementary Grants | (4) 73 |
| The Punjab Appropriation Bill, 2018 | (4) 82 |
| Walk-out | (4) 85 |
| The Punjab Appropriation Bill, 2018 (*Resumption*) | (4) 85 |
| Resolution Reg. Provision of Standard and Cheaper Health Services and Medicines to the People of the State | (4) 86 |
| Laying of minutes of GST Council Meeting on the Table of the House by the Finance Minister and Clarification Reg. refunding of State Share of GST on edible items used in Langar served in Sri Harmandir Sahib and Durgiana Mandir | (4) 87 |
| Motion of Thanks to the Chief Minister and Govt. for waiving off GST on edible items used in Langar served in Sri Harmandir Sahib & Durgiana Mandir | (4) 97 |
| Resolution reg. Provision of Standard and Cheaper Health Services and Medicines to the people of the State (*Resumption*) | (4) 98 |
| Appendix | (i-vi) |

# ਪੰਜਾਬ ਮੰਤਰੀ ਮੰਡਲ ਦੀ ਸੂਚੀ

| ਕ੍ਰਮ ਨੰ: | ਨਾਮ | ਮਹਿਕਮਾ/ਮਹਿਕਮੇ |
|---|---|---|
| 1) | ਕੈਪਟਨ ਅਮਰਿੰਦਰ ਸਿੰਘ<br>ਮੁੱਖ ਮੰਤਰੀ | ਆਮ ਪ੍ਰਸ਼ਾਸਨ, ਪਰਸੋਨਲ, ਗ੍ਰਹਿ ਮਾਮਲੇ ਅਤੇ ਨਿਆਂ, ਚੌਕਸੀ ਅਤੇ ਹੋਰ ਸਾਰੇ ਵਿਭਾਗ ਜਿਹੜੇ ਕਿਸੇ ਹੋਰ ਮੰਤਰੀ ਨੂੰ ਨਹੀਂ ਦਿੱਤੇ ਗਏ |
| 2) | ਸ਼੍ਰੀ ਬ੍ਰਹਮ ਮਹਿੰਦਰਾ | ਸਿਹਤ ਤੇ ਪਰਿਵਾਰ ਭਲਾਈ ਅਤੇ ਖੋਜ ਤੇ ਮੈਡੀਕਲ ਸਿੱਖਿਆ ਅਤੇ ਸੰਸਦੀ ਮਾਮਲੇ ਮੰਤਰੀ |
| 3) | ਸਰਦਾਰ ਨਵਜੋਤ ਸਿੰਘ ਸਿੱਧੂ | ਸਥਾਨਕ ਸਰਕਾਰ ਅਤੇ ਸੈਰ-ਸਪਾਟਾ ਤੇ ਸਭਿਆਚਾਰਕ ਮਾਮਲੇ, ਪੁਰਾਤੱਤਵ ਅਤੇ ਅਜਾਇਬ ਘਰ ਮੰਤਰੀ |
| 4) | ਸਰਦਾਰ ਮਨਪ੍ਰੀਤ ਸਿੰਘ ਬਾਦਲ | ਵਿੱਤ, ਯੋਜਨਾ ਅਤੇ ਰੁਜ਼ਗਾਰ ਉਤਪਤੀ ਮੰਤਰੀ |
| 5) | ਸਰਦਾਰ ਸਾਧੂ ਸਿੰਘ | ਜੰਗਲਾਤ, ਛਪਾਈ ਤੇ ਲਿਖਣ ਸਮੱਗਰੀ ਅਤੇ ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ |
| 6) | ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ | ਦਿਹਾਤੀ ਵਿਕਾਸ ਤੇ ਪੰਚਾਇਤਾਂ, ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ |
| 7) | ਸਰਦਾਰ ਚਰਨਜੀਤ ਸਿੰਘ ਚੰਨੀ | ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ |
| 8) | ਸ਼੍ਰੀਮਤੀ ਅਰੁਨਾ ਚੌਧਰੀ | ਉਚੇਰੀ ਸਿੱਖਿਆ ਅਤੇ ਸਕੂਲ ਸਿੱਖਿਆ ਰਾਜ ਮੰਤਰੀ |
| 9) | ਸ਼੍ਰੀਮਤੀ ਰਜ਼ੀਆ ਸੁਲਤਾਨਾ | ਲੋਕ ਨਿਰਮਾਣ ਵਿਭਾਗ (ਭਵਨ ਤੇ ਮਾਰਗ), ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਰਾਜ ਮੰਤਰੀ |

## PUNJAB VIDHAN SABHA

*Thursday, the 22nd March, 2018*

*The Vidhan Sabha met in the Punjab Vidhan Sabha Hall, Vidhan Bhawan, Sector-1, Chandigarh at 10.00 A.M. Mr. Speaker (Rana Kanwar Pal Singh) in the Chair.*

---

## RULING BY THE HON'BLE SPEAKER REGARDING RECORDING OF HOUSE PROCEEDINGS ON MOBILES AND UPLOADING THE SAME ON FACEBOOK BY SOME MEMBERS OF THE HOUSE

**ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ)** : ਸਪੀਕਰ ਸਾਹਿਬ, ਮੈਂ ਆਪ ਜੀ ਨੂੰ ਇੱਕ ਬੇਨਤੀ ਕਰਨੀ ਸੀ। ਮੇਰੀ ਇਨਫਰਮੇਸ਼ਨ ਵਿੱਚ ਹੈ ਕਿ ਕੁਝ ਮੈਂਬਰ ਆਪਣੀ ਰਿਕਾਰਡਿੰਗ ਆਨ ਕਰਕੇ ਇਥੇ ਰੱਖਦੇ ਹਨ ਔਰ ਫਿਰ ਬਾਹਰ ਜਾ ਕੇ ਫੇਸ ਬੁੱਕ ਵਗੈਰਾ ਤੇ ਪਾ ਦਿੰਦੇ ਹਨ। This is totally against the norms and functioning of the House. ਮੈਂ ਆਪ ਨੂੰ ਬੇਨਤੀ ਕਰਾਂਗਾ ਕਿ ਅਗਰ ਇਸ ਤੇ ਤੁਸੀਂ ਪਾਬੰਦੀ ਲਗਾ ਦਿਓ ਕਿ ਕਿਸੇ ਨੇ ਵੀ ਕੋਈ ਰਿਕਾਰਡਿੰਗ ਆਪਣੇ ਮੋਬਾਈਲ ਤੇ ਨਹੀਂ ਕਰਨੀ ਚਾਹੀਦੀ।

**ਮਾਨਯੋਗ ਸਪੀਕਰ** : ਬਿਹਤਰ ਜੀ ।

**ਸਥਾਨਕ ਸਰਕਾਰ ਮੰਤਰੀ (ਸਰਦਾਰ ਨਵਜੋਤ ਸਿੰਘ ਸਿੱਧੂ)** : ਸਪੀਕਰ ਸਾਹਿਬ, ਇਸ ਦੀ ਪਨਿਸ਼ਮੈਂਟ ਹੋਣੀ ਚਾਹੀਦੀ ਹੈ। ਜੇਕਰ ਅਪਰਾਧੀ ਨੂੰ ਅਪਰਾਧ ਦਾ ਭੈਅ ਨਾ ਹੋਵੇ ਤਾਂ ਫਿਰ ਉਹ ਅਪਰਾਧ ਦੁਬਾਰਾ ਦੁਬਾਰਾ ਕਰਦਾ ਹੈ ਜੀ।

**ਮਾਨਯੋਗ ਸਪੀਕਰ** : ਚਲੋ, ਠੀਕ ਜੀ ।

**ਸਥਾਨਕ ਸਰਕਾਰ ਮੰਤਰੀ** : ਇਸ ਕਰਕੇ ਰੋਕੋ ਨਾ ਠੋਕੋ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ (ਸਰਦਾਰ ਚਰਨਜੀਤ ਸਿੰਘ ਚੰਨੀ)** : ਸਪੀਕਰ ਸਾਹਿਬ, ਇਸ ਦੀ ਇਨਕੁਆਰੀ ਮਾਰਕ ਕਰੋ ਕਿ ਕਿਸ ਨੇ ਕੀਤਾ ਹੈ ਅਤੇ ਕੀ ਕੀਤਾ ਹੈ।

**ਮਾਨਯੋਗ ਸਪੀਕਰ** : ਚਲੋ, ਠੀਕ ਜੀ ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ** : ਸਰ, ਇਸ ਤਰ੍ਹਾਂ ਨਹੀਂ ਜੀ। ਸਰ, ਇਸ ਤਰ੍ਹਾਂ ਨਹੀਂ ਜੀ। ਸਰ, ਮੇਰੀ ਰਿਕੁਐਸਟ ਹੈ ...(ਵਿਘਨ)....

(ਇਸ ਸਮੇਂ ਲੋਕ ਇਨਸਾਫ ਪਾਰਟੀ ਦੇ ਮੈਂਬਰ, ਸਰਦਾਰ ਸਿਮਰਜੀਤ ਸਿੰਘ ਬੈਂਸ ਬਿਨਾਂ ਆਗਿਆ ਤੋਂ ਆਪਣੀ ਸੀਟ ਤੋਂ ਬੋਲ ਰਹੇ ਸਨ ਪਰ ਮਾਈਕ ਬੰਦ ਹੋਣ ਕਰਕੇ ਕੁਝ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਨਯੋਗ ਸਪੀਕਰ** : ਮੈਂ ਰੂਲ 90 ਪੜ੍ਹ ਕੇ ਸੁਣਾਉਂਦਾ ਹਾਂ। ਸੋ, ਮੈਂ ਪ੍ਰਾਰਥਨਾ ਵੀ ਸਾਰੇ ਹਾਊਸ ਨੂੰ ਕਰਦਾ ਹਾਂ ਕਿ ਕਿਰਪਾ ਕਰਕੇ ਇਸ ਤੇ ਅਮਲ ਕਰਿਓ –

> 90. While the House is sitting a Member –
> (x) "shall switch off the mobile phone or any other communication device on his person before entering the House."

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ** : ਸਰ, ਮੇਰੀ ਗੱਲ ਦਾ ਜਵਾਬ ਨਹੀਂ ਮਿਲਿਆ। ਮੈਂ ਬੇਨਤੀ ਕਰ ਰਿਹਾ ਸੀ ਕਿ ਜਿਹੜੀ ਕੱਲ੍ਹ ਗੱਲ ਹੋਈ ਹੈ, ਸੀ.ਐਮ. ਸਾਹਿਬ ਨੇ ਖੜ੍ਹੇ ਹੋ ਕੇ ਤੁਹਾਨੂੰ ਗੱਲ ਕੀਤੀ ਹੈ, ਉਸ ਤੇ ਇਨਕੁਆਰੀ ਮਾਰਕ ਕਰਨ ਲਈ ਮੈਂ ਆਪ ਜੀ ਨੂੰ ਬੇਨਤੀ ਕਰ ਰਿਹਾ ਹਾਂ।

**ਮਾਨਯੋਗ ਸਪੀਕਰ** : ਚਲੋ ਬੈਠੋ, ਵਿਚਾਰ ਕਰ ਲੈਂਦੇ ਹਾਂ। ਤੁਸੀਂ ਆਪਣੀ ਗੱਲ ਕਹਿ ਦਿੱਤੀ, ਕੋਈ ਗੱਲ ਨਹੀਂ...(ਵਿਘਨ)... ਇਹ ਕੁਐਸਚਨ ਆਵਰ ਹੈ ਜੀ, ਪਲੀਜ਼ ਕੁਐਸਚਨ ਆਵਰ ਚਲਾ ਲਈਏ।

**ਸ਼੍ਰੀ ਅਮਨ ਅਰੋੜਾ** : ਸਪੀਕਰ ਸਾਹਿਬ ....

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ** : ਸਪੀਕਰ ਸਾਹਿਬ, ਮੇਰੀ ਗੱਲ ਦਾ ਜਵਾਬ ਨਹੀਂ ਦਿੱਤਾ। ਮੈਂ ਜਨਾਬ ਤੋਂ ਇਨਕੁਆਰੀ ਮੰਗ ਰਿਹਾ ਹਾਂ। ਸਰ, ਤੁਸੀਂ ਇਨਕੁਆਰੀ ਕਰਵਾ ਦਿਓ ਜੀ, ਜਿਸ ਨੇ ਇਹ ਗੱਲ ਕੀਤੀ ਹੈ, ਪਤਾ ਲੱਗ ਜਾਵੇਗਾ ਜੀ। ....(ਵਿਘਨ).... ਸਪੀਕਰ ਸਾਹਿਬ, ਮੇਰੀ ਗੱਲ ਦਾ ਜਵਾਬ ਦਿਓ ....(ਵਿਘਨ)....

**ਮਾਨਯੋਗ ਸਪੀਕਰ** : ਅਮਨ ਜੀ, ਪਹਿਲਾਂ ਖੜ੍ਹੇ ਸੀ, ਜ਼ਰਾ ਇਨ੍ਹਾਂ ਦੀ ਗੱਲ ਸੁਣ ਲਵੋ ....(ਵਿਘਨ)... ਚੰਨੀ ਜੀ, ਇੱਕ ਮਿੰਟ ਦੇ ਦਿਓ। ਚੰਨੀ ਜੀ, ਅਮਨ ਜੀ ਖੜ੍ਹੇ ਹਨ ...(ਵਿਘਨ)....

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ** : ਸਰ, ਪਹਿਲਾਂ ਮੇਰੀ ਗੱਲ ਤਾਂ ਨਿਬੇੜ ਲਵੋ ਜੀ। ਸਰ, ਮੈਂ ਇਨਕੁਆਰੀ ਮੰਗ ਰਿਹਾ ਹਾਂ। ਸੀ.ਐਮ. ਸਾਹਿਬ ਨੇ, ਲੀਡਰ ਆਫ ਦਿ ਹਾਊਸ ਨੇ ਇੰਨਾ ਸੀਰੀਅਸ ਇਸ਼ੂ ਖੜ੍ਹੇ ਹੋ ਕੇ ਰੇਜ਼ ਕੀਤਾ ਹੈ।ਸਰ, ਮੈਂ ਆਪ ਨੂੰ ਇੰਨੀ ਹੀ ਬੇਨਤੀ ਕਰ ਰਿਹਾ ਹਾਂ ਕਿ ਜੋ ਕੱਲ੍ਹ ਹੋਇਆ ਹੈ, ਉਸ ਦੀ ਇਨਕੁਆਰੀ ਕਰਵਾ ਦਿਓ ਜੀ।

**ਮਾਨਯੋਗ ਸਪੀਕਰ** : ਇਨਕੁਆਰੀ ਕਰਵਾ ਲੈਂਦੇ ਹਾਂ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ** : ਠੀਕ ਹੈ ਜੀ।

**ਸ਼੍ਰੀ ਅਮਨ ਅਰੋੜਾ** : ਸਪੀਕਰ ਸਾਹਿਬ, ਮੇਰੀ ਬੇਨਤੀ ਸਿਰਫ ਇੰਨੀ ਹੈ ਕਿ ਤੁਸੀਂ ਇਸ ਆਗਸਟ ਚੇਅਰ ਦੇ ਉੱਪਰ ਬੈਠੇ ਹੋ। ਜੋ ਤੁਸੀਂ ਹੁਕਮ ਕਰੋਗੇ, ਉਹ ਸਿਰ ਮੱਥੇ। ਸੀ.ਐਮ. ਸਾਹਿਬ ਨੇ ਰਿਕੁਮੈਂਡ ਕੀਤਾ ਹੈ, ਠੀਕ ਹੈ। ਅਸੀਂ ਸਾਰੀਆਂ ਗੱਲਾਂ ਮੰਨਦੇ ਹਾਂ, ਸਰ, ਪਰ ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਇਹ ਚੀਜ਼ਾਂ ਕਿਉਂ ਹੁੰਦੀਆਂ ਹਨ। ਆਪਾਂ ਇਥੇ ਹਾਊਸ ਵਿੱਚ ਅਜਿਹਾ ਕੀ ਕਰਦੇ

ਹਾਂ, ਜਿਸ ਉਪਰ ਆਪਾਂ ਨੂੰ ਪੜਦੇ ਪਾਉਣ ਦੀ ਲੋੜ ਹੈ। ਦੁਨੀਆਂ ਵਿੱਚ, ਆਪਣੀ ਲੋਕ ਸਭਾ, ਆਪਣੀ ਪਾਰਲੀਮੈਂਟ ਵਿੱਚ ਲਾਈਵ ਪ੍ਰੋਸੀਡਿੰਗਜ਼ ਚਲਦੀਆਂ ਹਨ। ਸਰ, ਕਿੰਨੀ ਵਾਰ ਤੁਹਾਨੂੰ ਹੱਥ ਜੋੜ ਕੇ ਬੇਨਤੀ ਕਰ ਲਈ, ਲਾਈਵ ਨਹੀਂ ਕਰਨਾ ਹੈ ਤਾਂ ਤੁਸੀਂ 15 ਮਿੰਟ ਕੋਈ ਪੋਰਟਲ ਦੇ ਦਿਓ ....

**ਮਾਨਯੋਗ ਸਪੀਕਰ** : ਕੁਐਸਚਨ ਆਵਰ ਤੋਂ ਬਾਅਦ ਗੱਲ ਕਰ ਲੈਣਾ, ਪਲੀਜ਼।

**ਸ਼੍ਰੀ ਅਮਨ ਅਰੋੜਾ** : ਜਿਹੜਾ ਕੋਈ ਵਰਡ ਚੰਗਾ ਨਹੀਂ ਲਗਦਾ, ਉਸ ਨੂੰ ਐਕਸਪੰਜ ਕਰਕੇ ਬਾਅਦ ਵਿੱਚ ਰਿਲੇਅ ਕਰ ਦਿਓ ...

**ਮਾਨਯੋਗ ਸਪੀਕਰ** : ਕੁਐਸਚਨ ਆਵਰ ਤੋਂ ਬਾਅਦ ....(ਵਿਘਨ)... ਪਲੀਜ਼ ਕੁਐਸਚਨ ਆਵਰ ਚਲਾ ਲਈਏ।

**ਸ਼੍ਰੀ ਅਮਨ ਅਰੋੜਾ** : ਸਰ, ਇੰਨੇ ਪੜਦੇ ਨਾ ਪਾਈਏ ਆਪਾਂ। ਉਸ ਦੇ ਨਾਲ ਮੈਂ ਸਮਝਦਾ ਹਾਂ ਕਿ ਇਸ ਨਾਲ ਹਾਊਸ ਦੇ ਹਾਲਾਤ ਹੋਰ ਖਰਾਬ ਹੋਣਗੇ। ਥੈਂਕ ਯੂ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਜੋ ਵੀ ਚੀਫ ਮਨਿਸਟਰ ਸਾਹਿਬ ਨੇ ਸਦਨ ਦੇ ਧਿਆਨ ਵਿੱਚ ਲਿਆਂਦਾ ਹੈ, ਤੁਸੀਂ ਉਸ ਤੇ ਬਿਲਕੁਲ ਫੈਸਲਾ ਲੈ ਸਕਦੇ ਹੋ ਪਰ ਜਿਹੜੀ ਮੇਰੀ ਇਨਫਰਮੇਸ਼ਨ ਹੈ ਔਰ ਫੇਸਬੁੱਕ ਉਤੇ ਸਿਮਰਜੀਤ ਸਿੰਘ ਬੈਂਸ ਦਾ ਆਡੀਓ ਚੱਲਿਆ ਹੈ, not a video- ਨੰਬਰ ਵੰਨ। ਸਾਰੀ ਜਗ੍ਹਾ ਸਪੀਕਰ ਲੱਗੇ ਹੋਏ ਹਨ .....(ਵਿਘਨ).... just give me one second ji. Speakers are in party offices, canteen ਵਿੱਚ ਹਨ and in all the party offices. ਉਸ ਸਪੀਕਰ ਤੋਂ ਅੱਗੇ ਕਿਸੇ ਨੇ ਆਡੀਓ ਬਣਾ ਕੇ ਫੇਸ ਬੁੱਕ ਤੇ ਪਾ ਦਿੱਤੀ that is outside the House.

**ਮਾਨਯੋਗ ਸਪੀਕਰ** : ਖਹਿਰਾ ਸਾਹਿਬ, ਤੁਹਾਡੀ ਗੱਲ ਆ ਗਈ ਹੈ। Question Hour is more important.

**ਸਰਦਾਰ ਸੁਖਪਾਲ ਸਿੰਘ ਖਹਿਰਾ** : ਅਗਲੀ ਗੱਲ ਹੈ ਕਿ ਚੰਨੀ ਜੀ ਨੇ ਵੀ ਪਿਛਲੇ ਹਾਊਸ ਵਿੱਚ ਆਪਣੀ ਵੀਡੀਓ ਇਥੇ ਰੱਖ ਕੇ ਰਿਕਾਰਡਿੰਗ ਕੀਤੀ ਸੀ। ...(ਵਿਘਨ).... ਉਸ ਵਿੱਚ ਕੀ ਹੈ, ਹੱਦ ਹੋ ਗਈ। ਦੂਹਰੇ ਮਾਪਦੰਡ ਨਾ ਰੱਖੋ।

**Mr. Speaker**: Question Hour is more important, Khaira Sahib, please.

**ਸਰਦਾਰ ਸੁਖਪਾਲ ਸਿੰਘ ਖਹਿਰਾ** : ਮੈਂ ਤਾਂ ਇਨ੍ਹਾਂ ਦੇ ਧਿਆਨ ਵਿੱਚ ਗੱਲ ਲਿਆਉਣੀ ਸੀ। ਇਨ੍ਹਾਂ ਦੀ ਕੀਤੀ ਹੋਈ ਵੀ ਧਿਆਨ ਵਿੱਚ ਲਿਆਉਣੀ ਸੀ।

**Mr. Speaker** : Question Hour is more important.

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ** : ਪਿਛਲੀ ਵਿਧਾਨ ਸਭਾ ਦੀ ਗੱਲ ਅੱਜ ਡਿਸਕਸ ਹੀ ਨਹੀਂ ਹੋ ਸਕਦੀ ਜੀ।

**Mr. Speaker** : Question Hour is more important. ਪਲੀਜ਼ ਬੈਠੋ। ਹੁਣ ਪ੍ਰਸ਼ਨ ਕਾਲ ਸ਼ੁਰੂ ਹੁੰਦਾ ਹੈ । ਹਾਂ ਜੀ, **ਸ਼੍ਰੀ** ਅਰੁਣ ਨਾਰੰਗ ਜੀ ।

---

## STARRED QUESTIONS AND ANSWERS

### ਮਿਊਂਸਿਪਲ ਕਮੇਟੀ, ਅਬੋਹਰ ਕੋਲ ਅਰਬਨ ਮਿਸ਼ਨ ਸਕੀਮ ਦੇ ਪਏ ਅਣਵਰਤੇ ਫੰਡਾਂ ਦਾ ਵੇਰਵਾ

*823. **ਸ਼੍ਰੀ ਅਰੁਣ ਨਾਰੰਗ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮਿਊਂਸਿਪਲ ਕਮੇਟੀ, ਅਬੋਹਰ ਕੋਲ ਇਸ ਸਮੇਂ ਅਰਬਨ ਮਿਸ਼ਨ ਸਕੀਮ ਦਾ ਕਿੰਨਾ ਫੰਡ ਅਣਵਰਤਿਆ ਪਿਆ ਹੈ ਅਤੇ ਇਸ ਨੂੰ ਸ਼ਹਿਰ ਦੇ ਵਿਕਾਸ ਲਈ ਖਰਚ ਨਾ ਕੀਤੇ ਜਾਣ ਦੇ ਕੀ ਕਾਰਨ ਹਨ ਅਤੇ ਕੀ ਭਵਿੱਖ ਵਿੱਚ ਇਸ ਫੰਡ ਨੂੰ ਸ਼ਹਿਰ ਦੇ ਵਿਕਾਸ ਲਈ ਖਰਚਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

**ਸਰਦਾਰ ਨਵਜੋਤ ਸਿੰਘ ਸਿੱਧੂ :** ਅਰਬਨ ਮਿਸ਼ਨ ਅਧੀਨ ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ, ਚੰਡੀਗੜ੍ਹ ਵੱਲੋਂ ਨਗਰ ਕੌਂਸਲ, ਅਬੋਹਰ ਨੂੰ ਵਿਕਾਸ ਦੇ ਕੰਮਾਂ ਲਈ ਕੋਈ ਰਕਮ ਜਾਰੀ ਨਹੀਂ ਕੀਤੀ ਗਈ। ਨਗਰ ਕੌਂਸਲ, ਅਬੋਹਰ ਨੂੰ ਵਿਕਾਸ ਦੇ ਕੰਮਾਂ ਲਈ ਭਾਰਤ ਸਰਕਾਰ ਵੱਲੋਂ 14ਵੇਂ ਵਿੱਤ ਕਮਿਸ਼ਨ ਅਧੀਨ ਫੰਡ ਡਾਇਰੈਕਟਰ, ਸਥਾਨਕ ਸਰਕਾਰ, ਪੰਜਾਬ, ਚੰਡੀਗੜ੍ਹ ਰਾਹੀਂ ਜਾਰੀ ਕੀਤੇ ਗਏ ਹਨ। ਨਗਰ ਕੌਂਸਲ, ਅਬੋਹਰ ਪਾਸ 14ਵੇਂ ਵਿੱਤ ਕਮਿਸ਼ਨ ਦੀ 407.00 ਲੱਖ ਰੁਪਏ ਦੀ ਬਕਾਇਆ ਗਰਾਂਟ ਪਈ ਹੈ। ਇਹ ਗਰਾਂਟ ਜਲਦੀ ਹੀ ਵਿਕਾਸ ਦੇ ਕੰਮਾਂ ਤੇ ਵਰਤ ਲਈ ਜਾਵੇਗੀ ।

ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਉਥੇ ਤੁਹਾਡੇ ਨਗਰ ਕੌਂਸਲ ਦੇ ਪ੍ਰਧਾਨ ਸੀ, ਇੱਕ ਸਾਲ ਵਿੱਚ, ਹਰ ਮਹੀਨੇ ਇੱਕ ਮੀਟਿੰਗ ਕਰਨੀ ਬਹੁਤ ਜ਼ਰੂਰੀ ਹੁੰਦੀ ਹੈ। ਲੇਕਿਨ ਉਸ ਨੇ ਇੱਕ ਜਾਂ ਦੋ ਮੀਟਿੰਗਾਂ ਕੀਤੀਆਂ ਹਨ, ਕੋਈ ਮਤਾ ਨਹੀਂ ਭੇਜਿਆ ਜਿਸ ਨਾਲ ਗਰਾਂਟਾਂ ਦਿੱਤੀਆਂ ਜਾ ਸਕਣ। ਹੁਣ ਉਨ੍ਹਾਂ ਦਾ ਰੈਜ਼ੋਲਿਊਸ਼ਨ ਹੋ ਗਿਆ ਹੈ, ਤੁਹਾਡਾ ਨਵਾਂ ਪ੍ਰਧਾਨ ਬਣੇਗਾ ਤਾਂ ਵਿਕਾਸ ਨੂੰ ਪਹੀਏ ਲਗਾ ਦਿਆਂਗੇ।

**ਸ਼੍ਰੀ ਅਰੁਣ ਨਾਰੰਗ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੀ ਗਰਾਂਟ ਆਈ ਹੈ, ਇਹ ਦੋ ਕਿਸ਼ਤਾਂ ਵਿੱਚ ਪਿਛਲੇ ਪੂਰੇ ਸਾਲ ਵਿਚ ਆਈ ਹੈ, ਰਿਜ਼ਾਇਨ ਤਾਂ ਹੁਣ ਹੋਇਆ ਹੈ ਜੀ, ਇਹ ਪੂਰਾ ਸਾਲ ਹੋ ਗਿਆ, ਇਹ ਪੈਸੇ ਨਹੀਂ ਲੱਗੇ । ਵਰਬਲੀ ਰੋਕ ਦਿੱਤੇ ਗਏ, ਮੈਂ ਹਰ ਅਫਸਰ ਕੋਲ ਗਿਆ ਹਾਂ, ਉਥੇ ਵਰਬਲੀ ਪੈਸੇ ਰੋਕੇ ਹਨ, ਕੰਮ ਕਰਨ ਹੀ ਨਹੀਂ ਦਿੱਤਾ।

**ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਇਹ ਦੱਸਣਾ ਚਾਹੁੰਦਾ ਹਾਂ ਕਿ ਪਹਿਲਾਂ ਰੈਜ਼ੋਲਿਊਸ਼ਨ ਆਉਂਦਾ ਹੈ, ਫਿਰ ਅਸੀਂ ਰੈਜ਼ੋਲਿਊਸ਼ਨ ਪਾਸ ਕਰਦੇ ਹਾਂ, ਫਿਰ ਰੈਜ਼ੋਲਿਊਸ਼ਨ ਪਾਸ ਹੋ ਕੇ

ਉਥੇ ਜਾਂਦਾ ਹੈ। ਇਨ੍ਹਾਂ ਨੇ ਕੋਈ ਮੀਟਿੰਗ ਕੀਤੀ ਹੋਈ ਹੋਵੇ ਤਾਂ ਇਹ ਦੱਸ ਦੇਣ। ਸਾਰੇ ਸਾਲ ਵਿਚ ਸਿਰਫ ਇਕ ਮੀਟਿੰਗ ਕੀਤੀ ਹੈ । ਮੈਂ ਪਹਿਲਾਂ ਵੀ ਕਿਹਾ ਹੈ, ਮੈਨੂੰ ਪਤਾ ਸੀ ਕਿ ਇਨ੍ਹਾਂ ਨੇ ਕੀ ਪੁੱਛਣਾ ਹੈ, ਇਕ ਮਹੀਨੇ ਵਿਚ ਇੱਕ ਮੀਟਿੰਗ ਹੁੰਦੀ ਹੈ, ਇਨ੍ਹਾਂ ਦੀ ਸਾਰੇ ਸਾਲ ਵਿੱਚ ਇਕ ਮੀਟਿੰਗ ਹੋਈ ਹੈ। ਕੋਈ ਮਤਾ ਭੇਜਿਆ ਹੋਵੇ ਤਾਂ ਇਹ ਮੈਨੂੰ ਦੱਸਣ । ਬਿਨਾਂ ਖੰਭਾਂ ਦੇ ਪੰਛੀ ਕਿਸ ਤਰ੍ਹਾਂ ਉਡੇਗਾ? ਬਿਨਾਂ ਸਾਧਨਾਂ ਤੋਂ ਆਪਣੇ ਗੋਲ ਤੱਕ ਕਿਵੇਂ ਪਹੁੰਚ ਸਕਦੇ ਹਨ, ਪਰ ਗੱਲ ਕਰ ਦਿੱਤੀ, ਪੱਲੇ ਨਾ ਤੇਲ ਨਾ ਕੜਾਹੀ ਤੇ ਬਣਾਉਣ ਚੱਲੇ ਹਾਂ ਮਠਿਆਈ।

**ਸ਼੍ਰੀ ਅਰੁਣ ਨਾਰੰਗ** : ਸਪੀਕਰ ਸਾਹਿਬ, ਮੰਤਰੀ ਜੀ ਨੂੰ ਸ਼ਾਇਦ ਪਤਾ ਨਹੀਂ, ਇਸ ਗਰਾਂਟ ਦੇ ਅਗੇਂਸਟ ਟੈਂਡਰ ਵੀ ਲੱਗ ਚੁੱਕੇ ਹਨ, ਮਤੇ ਪਾਸ ਹੋ ਚੁੱਕੇ ਹਨ ਲੇਕਿਨ ਕੰਮ ਨਹੀਂ ਹੋਇਆ। ਅੱਜ ਇਹ ਕਹਿ ਰਹੇ ਹਨ ਕਿ ਕੋਈ ਮੀਟਿੰਗ ਨਹੀਂ ਹੋਈ, ਮੀਟਿੰਗਾਂ ਤਿੰਨ ਹੋ ਚੁੱਕੀਆਂ ਹਨ ਲੇਕਿਨ ਉਸ ਤੋਂ ਪਹਿਲਾਂ ਦੇ ਮਤੇ ਪਾਸ ਹਨ, ਟੈਂਡਰ ਹਨ, ਠੇਕੇਦਾਰ ਨੂੰ ਕੰਮ ਨਹੀਂ ਕਰਨ ਦਿੰਦੇ।

**ਮਾਨਯੋਗ ਸਪੀਕਰ** : ਤੁਸੀਂ ਆਪ ਕਿਹਾ ਹੈ ਕਿ ਵਰਬਲ ਆਰਡਰ ਹਨ, ਲਿਖਤੀ ਆਰਡਰ ਨਹੀਂ। How he can be held responsible?

**ਮੰਤਰੀ** : ਸਪੀਕਰ ਸਾਹਿਬ, ਸਰਕਾਰਾਂ ਗੱਲਾਂ ਨਾਲ ਨਹੀਂ ਚਲਦੀਆਂ, ਗੱਲਾਂ ਨਾਲ ਨਹੀਂ ਚਲਦੀਆਂ ਸਗੋਂ ਸਰਕਾਰਾਂ ਕਾਗਜ਼ਾਂ ਤੇ ਚਲਦੀਆਂ ਹਨ, ਸਰਕਾਰਾਂ ਕਾਗਜ਼ਾਂ ਤੇ ਚਲਦੀਆਂ ਹਨ। (ਵਿਘਨ)

**ਸ਼੍ਰੀ ਅਰੁਣ ਨਾਰੰਗ:** ਸਪੀਕਰ ਸਾਹਿਬ, ਸਰਕਾਰ ਗੱਲਾਂ ਨਾਲ ਨਹੀਂ ਚਲਦੀਆਂ ਤੇ ਚੁਟਕਲਿਆਂ ਨਾਲ ਵੀ ਨਹੀਂ ਚਲਦੀਆਂ, ਕੰਮਾਂ ਨਾਲ ਚਲਦੀਆਂ ਹਨ । (ਵਿਘਨ) ਸਰਕਾਰ ਕੰਮਾਂ ਨਾਲ ਚੱਲਦੀ ਹੈ।

**ਮੰਤਰੀ** : ਸਪੀਕਰ ਸਾਹਿਬ, ਇੱਕ ਮਿੰਟ ਸੁਣ ਲਵੋ। (ਵਿਘਨ)

**ਸ਼੍ਰੀ ਅਰੁਣ ਨਾਰੰਗ** : ਸਰਕਾਰ ਕੰਮਾਂ ਨਾਲ ਚਲਦੀ ਹੈ। ਸੈਂਟਰ ਨੇ ਦੋ ਵਾਰੀ ਪੈਸੇ ਦਿੱਤੇ ਹਨ, ਪੰਜ ਕਰੋੜ ਰੁਪਿਆ ਦਿੱਤਾ ਪਰ ਉਥੇ ਇਕ ਰੁਪਿਆ ਨਹੀਂ ਲੱਗਿਆ। ਟੈਂਡਰ ਹੋਏ ਹਨ, ਮਤੇ ਪਾਸ ਹਨ, ਸਾਰਾ ਕੁਝ ਪਾਸ ਹੈ (ਵਿਘਨ)

**ਮੰਤਰੀ** : ਨਵਾਂ ਪ੍ਰਧਾਨ ਬਣੇਗਾ, ਨਵਾਂ ਪ੍ਰਧਾਨ ਬਣਦੇ ਸਾਰ ਖੱਚਰ ਨੂੰ ਅਰਬੀ ਘੋੜਾ ਬਣਾ ਦਿਆਂਗੇ।

**ਸ਼੍ਰੀ ਅਰੁਣ ਨਾਰੰਗ:** ਇਸ ਦਾ ਮਤਲਬ ਹੈ ਕਿ ਪ੍ਰਧਾਨ ਹੀ ਨਵਾਂ ਬਣਾਉਣਾ ਸੀ ਤੇ ਪਹਿਲੇ ਪ੍ਰਧਾਨ ਨੂੰ ਹਟਾਉਣਾ ਸੀ। (ਵਿਘਨ)

**ਮੰਤਰੀ** : ਮੈਂ ਕੌਣ ਹਾਂ।(ਵਿਘਨ) ਮੈਂ ਪ੍ਰਧਾਨ ਬਣਾਉਣ ਵਾਲਾ ਕੌਣ ਹਾਂ, ਮੈਂ ਨਹੀਂ ਨਵਾਂ ਪ੍ਰਧਾਨ ਬਣਾਉਣਾ... (ਵਿਘਨ)

**ਸ਼੍ਰੀ ਅਰੁਣ ਨਾਰੰਗ** : ਜਿਹੜੇ ਚੁਣੇ ਹੋਏ ਨੁਮਾਇੰਦੇ ਬੈਠੇ ਹਨ, ਉਹ ਡਿਵੈਲਪਮੈਂਟ ਨਹੀਂ ਕਰਵਾ ਸਕਦੇ (ਵਿਘਨ) (ਸ਼ੋਰ) ਜੇ ਨਵਾਂ ਬਣਾਉਗੇ ਤਾਂ ਹੀ ਹੋਵੇਗਾ।

**ਮਾਨਯੋਗ ਸਪੀਕਰ:** ਹਾਂ ਜੀ, ਢੀਂਡਸਾ ਸਾਹਿਬ ਖੜ੍ਹੇ ਹਨ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜੇ ਟੈਂਡਰ ਲੱਗੇ ਹੋਏ ਹਨ, ਸਾਰੀ ਪ੍ਰੋਸੀਡਿੰਗਜ਼ ਕੰਪਲੀਟ ਹੈ ਤਾਂ ਕੰਮ ਕਿਉਂ ਨਹੀਂ ਹੋ ਰਿਹਾ? ਮੰਤਰੀ ਜੀ ਉਸ ਦਾ ਕਾਰਨ ਤਾਂ ਦੱਸ ਦੇਣ ਕਿ ਕੰਮ ਕਿਉਂ ਨਹੀਂ ਹੋ ਰਿਹਾ ?

**ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਨੂੰ ਪਹਿਲਾਂ ਹੀ ਕਹਿ ਚੁੱਕਿਆ ਹਾਂ ਕਿ ਜੇ ਰੈਜ਼ੋਲਿਊਸ਼ਨ ਪਏ ਹੁੰਦੇ, ਮੇਰੇ ਕੋਲ ਆਏ ਹੁੰਦੇ ਤਾਂ ਮੈਂ ਰੈਜ਼ੋਲਿਊਸ਼ਨ ਪਾਸ ਕਰ ਦਿੰਦਾ। (ਵਿਘਨ) ਤੁਸੀਂ ਇਕ ਗੱਲ ਨੂੰ ਸਮਝ ਲਵੋ ਕਿ ਜੋ ਮੈਂ ਕਹਿ ਰਿਹਾ ਹਾਂ, ਉਹ ਰਿਕਾਰਡ ਤੇ ਹੈ । ਉਹ ਰਿਕਾਰਡਿਡ ਹੈ। ਜੇ ਇਸ ਤੋਂ ਇਲਾਵਾ ਕੋਈ ਗੱਲ ਹੋਵੇ ਤਾਂ ਮੈਨੂੰ ਦੱਸ ਦੇਣ । ਜੇ ਉਹ ਪ੍ਰਧਾਨ ਚੰਗਾ ਸੀ, ਜੇ ਉਹ ਸਹੀ ਕੰਮ ਕਰ ਰਿਹਾ ਸੀ, ਮੀਟਿੰਗਾਂ ਕਰ ਰਿਹਾ ਸੀ, ਰੈਜ਼ੋਲਿਊਸ਼ਨ ਸਾਨੂੰ ਭੇਜਿਆ ਹੁੰਦਾ ਤਾਂ ਗੱਲ ਖਤਮ ਹੋਈ ਹੁੰਦੀ । (ਵਿਘਨ) ਕਿਹੜੇ ਮਤੇ, ਇਥੇ ਬੈਠੇ ਗੱਲਾਂ ਕਰੀ ਜਾਂਦੇ ਹਨ। ਸਰ, ਕੱਲ੍ਹ ਇਹ 74 ਕਰੋੜ ਰੁਪਏ ਦੀ ਗੱਲ ਕਰਦੇ ਸੀ, 2007 ਤੋਂ ਲੈ ਕੇ 2017 ਤੱਕ 74 ਕਰੋੜ ਆਇਆ, ਉਸ ਤੋਂ ਬਾਅਦ ਪੰਝੀ ਨਹੀਂ ਆਈ, ਗੌਰਮਿੰਟ ਆਫ ਇੰਡੀਆ ਨੇ ਸਾਡੇ ਕੰਮ ਰੋਕ ਦਿੱਤੇ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਸਪੀਕਰ ਸਾਹਿਬ, ਮੇਰੀ ਇੱਕ ਬੇਨਤੀ ਹੈ ਕਿ ਵੇਖੋ ਇਹ ਬੜਾ ਸੀਰੀਅਸ ਮਸਲਾ ਹੈ ਕਿਉਂਕਿ ਇਹ ਸਾਫ ਜ਼ਾਹਰ ਹੈ ਕਿ ਪ੍ਰਧਾਨ ਨੂੰ ਕੰਮ ਨਹੀਂ ਕਰਨ ਦਿੱਤਾ ਜਾ ਰਿਹਾ, ਮਿਉਂਸਿਪਲ ਕਮੇਟੀ ਦੇ ਕੰਮ ਰੋਕੇ ਜਾ ਰਹੇ ਹਨ । ਕਿਸ ਦੇ ਵਰਬਲ ਆਰਡਰਾਂ ਉਤੇ ਰੋਕੇ ਗਏ, ਇਹ ਮੰਤਰੀ ਸਾਹਿਬ ਦੱਸ ਸਕਦੇ ਹਨ । ਦੇਖੋ ਤੁਹਾਨੂੰ ਵੀ ਪਤਾ ਹੈ ਕਿ ਕੰਮ ਦੇ ਟੈਂਡਰ ਵੀ ਲੱਗੇ ਹਨ, ਹੋ ਸਕਦਾ ਹੈ ਕਿ ਰੈਜ਼ੋਲਿਊਸ਼ਨ ਸਾਲ ਤੋਂ ਪਹਿਲਾਂ ਦਾ ਪਿਆ ਹੋਇਆ ਹੋਵੇ ਜੀ, ਇਨ੍ਹਾਂ ਦੇ ਸਮੇਂ ਤੋਂ ਪਹਿਲਾਂ ਦਾ ਪਿਆ ਹੋਇਆ ਹੋਵੇ।

**ਮੰਤਰੀ :** ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਵਰਬਲ ਆਰਡਰ ਦੇ ਨਾਲ ਸਰਕਾਰ ਚੱਲਦੀ ਹੈ? ਕਿਸਦੇ ਵਰਬਲ ਆਰਡਰ ਹਨ ? ਜੇ ਚੀਫ ਮਨਿਸਟਰ ਸਾਹਿਬ ਕੋਈ ਗੱਲ ਕਹਿੰਦੇ ਹਨ ਤਾਂ ਉਹ ਵਰਬਲ ਆਰਡਰ ਨਹੀਂ ਹੁੰਦਾ, ਉਹ ਲਿਖਤ ਵਿਚ ਆਰਡਰ ਹੁੰਦਾ ਹੈ। (ਵਿਘਨ) ਸਪੀਕਰ ਸਾਹਿਬ, ਇਹ ਦੱਸ ਦੇਣ ਕਿ ਕਿਹੜੇ ਵਰਬਲ ਆਰਡਰ ਨਾਲ ਸਰਕਾਰ ਚਲਦੀ ਹੈ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ** : ਸਪੀਕਰ ਸਾਹਿਬ, ਹੋ ਸਕਦਾ ਹੈ ਕਿ ਸਾਲ ਤੋਂ ਪਹਿਲਾਂ ਦਾ ਰੈਜ਼ੋਲਿਊਸ਼ਨ ਗਿਆ ਹੋਵੇ, ਇਹ ਜ਼ਰੂਰੀ ਨਹੀਂ ਕਿ ਹੁਣ ਰੈਜ਼ੋਲਿਊਸ਼ਨ ਨਹੀਂ ਗਿਆ। ਇਹ ਰੈਜ਼ੋਲਿਊਸ਼ਨ ਪਹਿਲਾਂ ਦਾ ਪਿਆ ਹੋਇਆ ਹੈ।

**ਮਾਨਯੋਗ ਸਪੀਕਰ** : ਢੀਂਡਸਾ ਸਾਹਿਬ, ਤੁਸੀਂ ਠੀਕ ਕਹਿੰਦੇ ਹੋ।

**ਮੰਤਰੀ** : ਜੇ ਮੇਰੀ ਚਾਚੀ ਦੀਆਂ ਮੁੱਛਾਂ ਹੁੰਦੀਆਂ ਤਾਂ ਕੀ ਮੈਂ ਉਸ ਨੂੰ ਚਾਚੀ ਨਾ ਕਹਿੰਦਾ ?

**ਮਾਨਯੋਗ ਸਪੀਕਰ** : ਸਿੱਧੂ ਸਾਹਿਬ, ਪਲੀਜ਼ ਬੈਠੋ। ਅਗਲਾ ਸਵਾਲ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ** : ਸਪੀਕਰ ਸਾਹਿਬ, ਜਵਾਬ ਨਹੀਂ ਆਇਆ।

**ਮਾਨਯੋਗ ਸਪੀਕਰ** : ਢੀਂਡਸਾ ਸਾਹਿਬ, ਇਕ ਮਿੰਟ ਮੇਰੀ ਗੱਲ ਸੁਣੋ। Just listen.

**ਮੰਤਰੀ** : ਤੁਸੀਂ ਮੰਤਰੀ ਸੀ। 90 ਕਰੋੜ ਦੀ ਤੁਹਾਡੇ ਕੋਲ ਗਰਾਂਟ ਆਈ ਸੀ ਪਰ 90 ਕਰੋੜ ਵਿੱਚ ਤੁਹਾਡੇ ਕੋਲ ਫਾਇਰ ਬ੍ਰਿਗੇਡ ਨਹੀਂ ਆਈ।

**ਮਾਨਯੋਗ ਸਪੀਕਰ** : ਸਿੱਧੂ ਸਾਹਿਬ, ਤੁਸੀਂ ਬੈਠੋ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਪਰਮਿੰਦਰ ਸਿੰਘ ਢੀਂਡਸਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਪਰ ਮਾਈਕ ਬੰਦ ਹੋਣ ਕਾਰਨ ਸਾਫ ਸੁਣਾਈ ਨਹੀਂ ਦੇ ਰਿਹਾ ਸੀ ।)

**ਮੰਤਰੀ** : ਗੱਲ ਸੱਚੀ ਕਰੋ, ਗੱਲ ਖਰੀ ਕਰੋ। ਤੁਸੀਂ ਫੋਕੀ ਗੱਲ ਕਰਦੇ ਹੋ।

**ਮਾਨਯੋਗ ਸਪੀਕਰ** : ਢੀਂਡਸਾ ਸਾਹਿਬ, ਇਕ ਮਿੰਟ। ਤੁਸੀਂ ਵੀ ਤਾਂ ਇਹ ਗੱਲ ਕਹੀ ਹੈ ਕਿ ਹੋ ਸਕਦਾ ਹੈ ਕਿ ਮਤਾ ਪਾਸ ਹੋਇਆ ਹੋਵੇ। ਤੁਸੀਂ ਇਹ ਨਹੀਂ ਕਿਹਾ ਕਿ ਹੋਇਆ। So you are not certain. ਜਦ ਤੱਕ certainty ਨਹੀਂ ਹੈ........

**ਮੰਤਰੀ** : ਸਪੀਕਰ ਸਾਹਿਬ, ਇਹ certain ਹੀ ਨਹੀਂ ਹਨ। ਜਹਾਂ ਚਿਕਨਾ ਹੈ ਵਹਾਂ ਟਿਕਨਾ ਬੜਾ ਮੁਸ਼ਕਿਲ ਹੈ।

**ਮਾਨਯੋਗ ਸਪੀਕਰ** : ਸਿੱਧੂ ਸਾਹਿਬ, ਤੁਸੀਂ ਇਨ੍ਹਾਂ ਚੀਜ਼ਾਂ ਨੂੰ ਵੈਰੀਫਾਈ ਕਰਵਾ ਲਵੋ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ** : ਸਪੀਕਰ ਸਾਹਿਬ, certainty ਇਸ ਗੱਲ ਦੀ ਹੈ ਕਿ ਰੈਜ਼ੋਲਿਊਸ਼ਨ ਪਹਿਲਾਂ ਪਿਆ ਹੋਵੇ।

**ਮਾਨਯੋਗ ਸਪੀਕਰ** : ਤੁਸੀਂ ਕਹਿੰਦੇ ਹੋ ਕਿ ਰੈਜ਼ੋਲਿਊਸ਼ਨ ਪਿਆ ਹੋਇਆ ਹੈ ਪਰ ਇਸ ਗੱਲ ਦਾ ਸਬੂਤ ਨਹੀਂ ਹੈ। ਮੈਂ ਸਿੱਧੂ ਸਾਹਿਬ ਨੂੰ ਰਿਕੁਐਸਟ ਕਰਦਾ ਹਾਂ ਕਿ ਇਸ ਬਾਰੇ ਵੈਰੀਫਾਈ ਕਰਵਾ ਲਓ।

**ਮੰਤਰੀ** : ਸਰ, ਬਿਲਕੁਲ ਕਰਵਾਵਾਂਗੇ। ਤੁਹਾਡਾ ਹੁਕਮ ਸਿਰ ਮੱਥੇ।

**ਮਾਨਯੋਗ ਸਪੀਕਰ** : ਹੁਣ ਸਾਰੇ ਬੈਠੋ ਅਤੇ ਕੁਐਸਚਨ ਆਵਰ ਨੂੰ ਚੱਲਣ ਦਿਓ। Next question.

## ਨਿੱਜੀ ਸਕੂਲਾਂ ਦੇ ਐਸ.ਸੀ. ਵਿਦਿਆਰਥੀਆਂ ਦੀ ਫੀਸ ਦੀ ਰਕਮ ਜਾਰੀ ਕਰਨਾ

*829. **ਡਾਕਟਰ ਹਰਜੋਤ ਕਮਲ ਸਿੰਘ :** ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਕੀ ਇਹ ਠੀਕ ਹੈ ਕਿ ਸਰਕਾਰ ਨੇ ਫੰਡਾਂ ਦੀ ਚੈਕਿੰਗ ਅਤੇ ਲੇਖਾ ਪੜਤਾਲ ਕਰਨ ਕਰਕੇ ਕੇਂਦਰ ਸਰਕਾਰ ਵੱਲੋਂ ਜਾਰੀ ਨਿੱਜੀ ਸਕੂਲਾਂ ਅਤੇ ਕਾਲਜਾਂ ਨੂੰ ਅਦਾ ਕਰਨਯੋਗ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਦੀ ਫੀਸ ਨੂੰ ਰੋਕ ਲਿਆ ਹੈ ;

(ਅ) ਕੀ ਸਰਕਾਰ ਨਿੱਜੀ ਸਕੂਲਾਂ ਅਤੇ ਕਾਲਜਾਂ ਦੇ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਦੀ ਉਪਰੋਕਤ ਫੀਸ ਨੂੰ ਤੁਰੰਤ ਟਰਾਂਸਫਰ ਕਰ ਦੇਵੇਗੀ ਤਾਂ ਜੋ ਫੀਸ ਦੇ ਰੁਕੇ ਹੋਣ ਕਰਕੇ ਉਨ੍ਹਾਂ ਦੀ ਪੜ੍ਹਾਈ ਦਾ ਨੁਕਸਾਨ ਹੋਣ ਤੋਂ ਬਚਾਅ ਹੋ ਸਕੇ ?

**ਸਰਦਾਰ ਸਾਧੂ ਸਿੰਘ :** (ੳ) ਨਹੀਂ ਜੀ, ਰਾਜ ਸਰਕਾਰ ਕੇਵਲ ਉਨ੍ਹਾਂ ਪ੍ਰਾਈਵੇਟ ਵਿਦਿਅਕ ਅਦਾਰਿਆਂ ਨੂੰ ਹੀ ਵਜ਼ੀਫੇ/ਫੀਸ ਦੀ ਅਦਾਇਗੀ ਕਰ ਰਹੀ ਹੈ, ਜਿਨ੍ਹਾਂ ਵਿਰੁੱਧ ਆਡਿਟ ਦੌਰਾਨ ਕੋਈ ਬੇਨਿਯਮਤਾ ਨਹੀਂ ਪਾਈ ਗਈ ਪਰੰਤੂ ਵਿੱਤ ਵਿਭਾਗ ਵੱਲੋਂ ਕੀਤੇ ਆਡਿਟ ਦੌਰਾਨ ਜਿਨ੍ਹਾਂ ਪ੍ਰਾਈਵੇਟ ਵਿਦਿਅਕ ਅਦਾਰਿਆਂ ਵਿਰੁੱਧ ਬੇਨਿਯਮਤਾ/ਕਮੀਆਂ ਪਾਈਆਂ ਗਈਆਂ ਹਨ, ਉਨ੍ਹਾਂ ਦੀ ਵਜ਼ੀਫੇ/ਫੀਸ ਦੀ ਅਦਾਇਗੀ ਰੋਕ ਲਈ ਗਈ ਹੈ ।

(ਅ) ਜਿਨ੍ਹਾਂ ਪ੍ਰਾਈਵੇਟ ਵਿਦਿਅਕ ਅਦਾਰਿਆਂ ਵਿਰੁੱਧ ਆਡਿਟ ਦੌਰਾਨ ਬੇਨਿਯਮਤਾਵਾਂ ਪਾਈਆਂ ਗਈਆਂ ਹਨ, ਉਨ੍ਹਾਂ ਨੂੰ ਵਜ਼ੀਫੇ/ਫੀਸ ਦੀ ਰਾਸ਼ੀ ਦੀ ਅਦਾਇਗੀ ਨੋਟਿਸ ਜਾਰੀ ਕਰਕੇ ਉਨ੍ਹਾਂ ਤੋਂ ਪ੍ਰਾਪਤ ਹੋਏ ਜਵਾਬ ਉਪਰੰਤ ਖਾਤਿਆਂ ਦੇ ਮਿਲਾਨ ਕਰਨ ਤੋਂ ਬਾਅਦ ਹੀ ਕੀਤੀ ਜਾਵੇਗੀ ।

**ਡਾਕਟਰ ਹਰਜੋਤ ਕਮਲ ਸਿੰਘ :** ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪਹਿਲੀ ਗੱਲ ਇਹ ਪੁੱਛਣਾ ਚਾਹੁੰਦਾ ਹਾਂ ਕਿ ਆਡਿਟ ਕਦੋਂ ਤੱਕ ਕੰਪਲੀਟ ਹੋ ਜਾਵੇਗਾ ਕਿਉਂਕਿ ਸਾਲ ਹੋ ਗਿਆ ਹੈ ਅਤੇ ਬੱਚਿਆਂ ਦੀ ਪੜ੍ਹਾਈ ਬਹੁਤ ਖਰਾਬ ਹੋ ਰਹੀ ਹੈ ? ਦੂਸਰਾ, ਇਸ ਨੂੰ ਟਾਈਮ ਬਾਊਂਡ ਜ਼ਰੂਰ ਕੀਤਾ ਜਾਵੇ ਜੀ। ਇਸ ਦੇ ਨਾਲ ਹੀ ਜੇਕਰ ਆਡਿਟ ਵਿੱਚ ਕੋਈ ਪ੍ਰਾਬਲਮ ਆ ਰਹੀ ਹੈ ਤਾਂ ਜਿਹੜਾ ਅਗਲਾ ਸੈਸ਼ਨ ਸ਼ੁਰੂ ਹੋ ਰਿਹਾ ਹੈ ਜਾਂ ਜਿਹੜੀ ਪਿਛਲੀ ਪੜ੍ਹਾਈ ਬੱਚਿਆਂ ਦੀ ਖਰਾਬ ਹੋਈ ਹੈ, ਕੀ ਸਰਕਾਰ ਨੇ ਉਸ ਵਾਸਤੇ ਕੋਈ ਬਦਲਵਾਂ ਪ੍ਰਬੰਧ ਕੀਤਾ ਹੈ ਤਾਂ ਕਿ ਬੱਚਿਆਂ ਦੀ ਫੀਸ ਪ੍ਰਾਈਵੇਟ ਕਾਲਜਾਂ ਜਾਂ ਦੂਜਿਆ ਅਦਾਰਿਆਂ ਤੱਕ ਪਹੁੰਚ ਜਾਵੇ ਅਤੇ ਬੱਚਿਆਂ ਦੀ ਪੜ੍ਹਾਈ ਦੀ ਕੰਟੀਨਿਊਟੀ ਬਣੀ ਰਹੇ ?

**ਮੰਤਰੀ** : ਸਪੀਕਰ ਸਾਹਿਬ, 80 ਫੀਸਦੀ ਆਡਿਟ ਹੋ ਚੁੱਕਾ ਹੈ। ਦੋ ਮਹੀਨਿਆਂ ਦੇ ਅੰਦਰ ਅੰਦਰ ਬਾਕੀ ਰਹਿੰਦਾ ਆਡਿਟ ਵੀ ਪੂਰਾ ਹੋ ਜਾਵੇਗਾ। ਆਡਿਟ ਹੋਣ ਉਪਰੰਤ ਸਾਰਿਆਂ ਦੀ ਜਿੰਨੀ ਰਾਸ਼ੀ ਬਣਦੀ ਹੈ, ਉਹ ਉਨ੍ਹਾਂ ਨੂੰ ਦੇ ਦਿੱਤੀ ਜਾਵੇਗੀ।

**ਸਰਦਾਰ ਬਲਬੀਰ ਸਿੰਘ ਸਿੱਧੂ** : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਸਭ ਤੋਂ ਵੱਡੀ ਗੱਲ ਇਹ ਹੈ ਕਿ ਸਾਡੇ ਜਿਹੜੇ ਬੱਚੇ ਪਾਸ ਆਊਟ ਕਰ ਜਾਂਦੇ ਹਨ, ਇੰਸਟੀਚਿਊਟ ਵਾਲੇ ਉਨ੍ਹਾਂ ਦਾ ਸਰਟੀਫਿਕੇਟ ਰੋਕ ਲੈਂਦੇ ਹਨ। ਉਨ੍ਹਾਂ ਬੱਚਿਆਂ ਨੇ ਅੱਗੇ ਐਡਮਿਸ਼ਨ ਲੈਣੀ ਹੁੰਦੀ ਹੈ, ਉਸ ਤੋਂ ਉਹ

ਵਾਂਝੇ ਹੋ ਜਾਂਦੇ ਹਨ। ਇੰਸਟੀਚਿਊਟ ਵਾਲੇ ਕਹਿੰਦੇ ਹਨ ਕਿ ਸਾਨੂੰ ਲੱਖ ਰੁਪਿਆ ਦੇ ਕੇ ਜਾਓ ਅਤੇ ਆਪਣਾ ਸਰਟੀਫਿਕੇਟ ਲੈ ਜਾਓ। ਪਿਛਲੇ ਪੰਜ ਸਾਲ ਲਗਾਤਾਰ ਇਹ ਹੁੰਦਾ ਰਿਹਾ ਹੈ। ਮੈਂ ਮੰਤਰੀ ਸਾਹਿਬ ਨੂੰ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਗੱਲ ਕਨਫਰਮ ਕਰਵਾਉਣ ਕਿ ਬੱਚਿਆਂ ਨਾਲ ਅਜਿਹਾ ਨਹੀਂ ਹੋਵੇਗਾ। ਕੀ ਇਹ ਇਸ ਗੱਲ ਦੀ ਗਰੰਟੀ ਦਿਵਾਉਣਗੇ ?

**ਮੰਤਰੀ** : ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ ਠੀਕ ਕਿਹਾ ਹੈ। ਜਿਸ ਕਿਸੇ ਬੱਚੇ ਨੂੰ ਅਜਿਹੀ ਸ਼ਿਕਾਇਤ ਹੈ ਤਾਂ ਉਹ ਸਾਨੂੰ ਫੌਰਨ ਤੌਰ ਤੇ ਦੱਸੇ। ਜਿਹੜਾ ਕੋਈ ਸਕੂਲ ਜਾਂ ਕਾਲਜ ਵਾਲਾ ਐਸ.ਸੀ. ਬੱਚੇ ਨੂੰ ਤੰਗ ਕਰੇਗਾ, ਉਸ ਵਾਸਤੇ ਅਸੀਂ ਬੈਠੇ ਹਾਂ।

**ਸਰਦਾਰ ਬਲਬੀਰ ਸਿੰਘ ਸਿੱਧੂ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਤੁਸੀਂ ਇਸ ਗੱਲ ਦੀ ਗਰੰਟੀ ਕਰੋਗੇ ਕਿ ਬੱਚਿਆਂ ਨੂੰ ਕੋਈ ਤੰਗ ਨਾ ਕਰੇ ? ਬੱਚਾ ਤੁਹਾਨੂੰ ਕਿਸ ਤਰ੍ਹਾਂ ਕਾਂਟੈਕਟ ਕਰੇਗਾ ? ਮੇਰੀ ਇਹ ਵੀ ਬੇਨਤੀ ਹੈ ਕਿ ਮੰਤਰੀ ਜੀ ਆਪਣੇ ਵੱਲੋਂ ਸਖਤ ਹਦਾਇਤਾਂ ਕਰਨ ਕਿ ਜਿਹੜੇ ਬੱਚੇ ਦਾ ਸਰਟੀਫਿਕੇਟ ਰੋਕੇਗਾ, ਉਸ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ।

**ਮੰਤਰੀ** : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਆਪਣੇ ਆਪ ਵਿੱਚ ਹਦਾਇਤਾਂ ਹਨ ਕਿ ਜਿਹੜਾ ਇਸ ਦੀ ਗਲਤ ਵਰਤੋਂ ਕਰੇਗਾ ਜਾਂ ਐਸ.ਸੀ. ਬੱਚੇ ਨਾਲ ਧੱਕਾ ਕਰੇਗਾ, ਉਸ ਖਿਲਾਫ ਕਾਰਵਾਈ ਹੋਵੇਗੀ।

**ਮਾਨਯੋਗ ਸਪੀਕਰ:** ਹਾਂ ਜੀ, ਇਹ ਹਦਾਇਤਾਂ ਹਨ।

**ਸ਼੍ਰੀ ਪਵਨ ਕੁਮਾਰ ਟੀਨੂ :** ਸਪੀਕਰ ਸਾਹਿਬ, ਮਾਨਯੋਗ ਮੰਤਰੀ ਜੀ ਨੇ ਕਿਹਾ ਹੈ ਕਿ ਜਦੋਂ ਆਡਿਟ ਪੂਰਾ ਹੋ ਜਾਵੇਗਾ, ਉਦੋਂ ਅਸੀਂ ਇਹ ਕਾਰਵਾਈ ਕਰਾਂਗੇ। ਇਨ੍ਹਾਂ ਨੇ ਹਿੰਦੁਸਤਾਨ ਟਾਈਮਜ਼ ਅਖਬਾਰ ਵਿੱਚ ਮਿਤੀ 3.11.2017 ਨੂੰ ਕਿਹਾ ਹੈ ਕਿ 31 ਦਸੰਬਰ, 2017 ਤੱਕ ਆਡਿਟ ਪੂਰਾ ਹੋ ਜਾਵੇਗਾ। ਹੁਣ ਸਾਲ 2018 ਦਾ ਮਾਰਚ ਮਹੀਨਾ ਚੱਲ ਰਿਹਾ ਹੈ ਪਰ ਅਜੇ ਤੱਕ ਵੀ ਆਡਿਟ ਪੂਰਾ ਨਹੀਂ ਹੋਇਆ। ਮੰਤਰੀ ਸਾਹਿਬ ਸ਼ਾਇਦ ਅਖਬਾਰਾਂ ਪੜ੍ਹਦੇ ਨਹੀਂ ਹੋਣੇ । ਇਸ ਸਮੇਂ ਦੌਰਾਨ ਜਿਹੜੇ ਵਿਦਿਆਰਥੀਆਂ ਦਾ ਨੁਕਸਾਨ ਹੋਇਆ ਹੈ, ਉਹ ਬੱਚੇ ਵਿਚਾਰੇ ਡੀ.ਸੀ. ਅਤੇ ਐਸ.ਡੀ.ਐਮਜ਼ ਦੇ ਦਫ਼ਤਰਾਂ ਵਿਚ ਜਾ ਕੇ ਰੌਲਾ ਪਾਉਂਦੇ ਹਨ ਕਿ ਪ੍ਰਾਈਵੇਟ ਕਾਲਜਾਂ ਵਾਲੇ ਉਨ੍ਹਾਂ ਨੂੰ ਕਾਲਜਾਂ ਵਿਚੋਂ ਕੱਢੀ ਜਾਂਦੇ ਹਨ ਅਤੇ ਰੋਲ ਨੰਬਰ ਨਹੀਂ ਦਿੰਦੇ। ਜਿਹੜੀ ਪ੍ਰਾਈਵੇਟ ਕਾਲਜ ਵਾਲਿਆਂ ਦੀ ਇਕ ਐਸੋਸੀਏਸ਼ਨ ਬਣੀ ਹੈ, ਉਨ੍ਹਾਂ ਨੇ ਸ਼ਰੇਆਮ ਪ੍ਰੈਸ ਕਾਨਫਰੰਸ ਕਰਕੇ ਅਖਬਾਰਾਂ ਵਿੱਚ ਕਹਿ ਦਿੱਤਾ ਹੈ ਕਿ ਪੰਜਾਬ ਸਰਕਾਰ ਸਾਡੇ ਫੰਡ ਜਾਰੀ ਨਹੀਂ ਕਰਦੀ। ਜੇਕਰ ਸਰਕਾਰ ਫੰਡ ਜਾਰੀ ਨਹੀਂ ਕਰਦੀ ਤਾਂ ਅਸੀਂ ਬੱਚਿਆਂ ਨੂੰ ਦਾਖਲਾ ਨਹੀਂ ਦੇਣਾ ਅਤੇ ਨਾ ਹੀ ਰੋਲ ਨੰਬਰ ਦੇਣੇ ਹਨ, ਸਰਕਾਰ ਸਾਡਾ ਜੋ ਕੁਝ ਕਰ ਸਕਦੀ ਹੈ, ਭਾਵੇਂ ਕਰ ਲਵੇ। ਹੁਣ ਸਰਕਾਰ ਬੈਠੀ ਹੈ, ਮਾਨਯੋਗ ਮੁੱਖ ਮੰਤਰੀ ਜੀ ਬੈਠੇ ਹਨ, ਜੇਕਰ ਆਪਾਂ ਸ਼ਡਿਊਲਡ ਕਾਸਟਸ ਬੱਚਿਆਂ ਦੀ ਐਡਮਿਸ਼ਨ ਦਾ ਪ੍ਰਬੰਧ ਨਹੀਂ ਕਰਾਂਗੇ....

**ਮਾਨਯੋਗ ਸਪੀਕਰ :** ਸਵਾਲ ਪੁੱਛੋ ਜੀ।

**ਸ਼੍ਰੀ ਪਵਨ ਕੁਮਾਰ ਟੀਨੂ :** ਸਰਕਾਰ ਇਹ ਦੱਸੇ ਕਿ ਕੀ ਇਸ ਸਬੰਧੀ ਆਰਡਰ ਜਾਰੀ ਕਰਨਗੇ? ਇੱਕ ਤਾਂ ਕਾਲਜਾਂ ਵਾਲੇ ਵਿਦਿਆਰਥੀਆਂ ਦੀਆਂ ਐਡਮਿਸ਼ਨਾਂ ਨਾ ਰੋਕਣ, ਰੋਲ ਨੰਬਰ ਨਾ ਰੋਕਣ ਅਤੇ ਸਰਟੀਫਿਕੇਟ ਨਾ ਰੋਕਣ। ਦੂਜਾ ਸਵਾਲ ਇਹ ਹੈ ਕਿ ਜਿਹੜੀ 31 ਦਸੰਬਰ ਦੀ ਡੇਟ ਦਿੱਤੀ ਸੀ ਕਿ ਇਸ ਮਿਤੀ ਤੱਕ ਆਡਿਟ ਕਰਵਾ ਲਿਆ ਜਾਵੇਗਾ, ਹੁਣ ਤੱਕ ਸਰਕਾਰ ਆਡਿਟ ਕਿਉਂ ਨਹੀਂ ਕਰਵਾ ਸਕੀ ? ਇਸ ਵਿਚ ਕੀ ਨੁਕਸ ਰਹਿ ਗਿਆ ਹੈ, ਕੀ ਕਮੀ ਰਹਿ ਗਈ ਹੈ ?

**ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਕਾਂਗਰਸ ਪਾਰਟੀ ਦੀ, ਮਹਾਰਾਜਾ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਹੈ। ਇਹ ਹਰੇਕ ਗਰੀਬ ਦੇ ਨਾਲ ਖੜ੍ਹੀ ਹੈ। ਮੈਂ ਸਮਝਦਾ ਹਾਂ ਕਿ ਪਿਛਲੇ 10 ਸਾਲਾਂ ਦੇ ਵਿੱਚ ਇਨ੍ਹਾਂ ਦੀ ਸਰਕਾਰ ਨੇ ਆਡਿਟ ਨਹੀਂ ਕਰਵਾਇਆ। ਜੇ ਕਿਤੇ ਮਹਾਰਾਜਾ ਸਾਹਿਬ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨਾ ਆਉਂਦੀ, ਇਹ ਪੈਸਾ ਇਨ੍ਹਾਂ ਨੇ ਇਸ ਤਰ੍ਹਾਂ ਹੀ ਖਾ-ਪੀ ਜਾਣਾ ਸੀ ਪਰ ਅਸੀਂ 500 ਕਰੋੜ ਰੁਪਏ ਦੇ ਨੇੜੇ-ਤੇੜੇ ਪੈਸਾ ਆਡਿਟ ਕਰਵਾ ਕੇ ਕੱਢ ਦਿੱਤਾ ਹੈ। ਇਹ ਤਾਂ ਅੱਖਾਂ ਮੀਚ ਕੇ ਬੈਠੇ ਰਹੇ।

**ਸ਼੍ਰੀ ਪਵਨ ਕੁਮਾਰ ਟੀਨੂ :** ਸਪੀਕਰ ਸਾਹਿਬ, ਜਿਹੜਾ ਇਹ ਕਹਿ ਰਹੇ ਹਨ ਕਿ 500 ਕਰੋੜ ਰੁਪਿਆ ਆਡਿਟ ਕਰਵਾ ਕੇ ਕੱਢਿਆ ਹੈ, ਮੇਰੀ ਬੇਨਤੀ ਹੈ ਕਿ ਵਿਦਿਆਰਥੀਆਂ ਨੂੰ ਪੈਸਾ ਨਹੀਂ ਚਾਹੀਦਾ, ਸਗੋਂ ਵਿਦਿਆਰਥੀਆਂ ਨੂੰ ਤਾਂ ਕਾਲਜਾਂ ਵਿੱਚ ਐਡਮਿਸ਼ਨ ਚਾਹੀਦੀ ਹੈ। ਤੁਸੀਂ ਕਿਹੜੀਆਂ ਫਾਲਤੂ ਗੱਲਾਂ ਕਰੀ ਜਾਂਦੇ ਹੋ ?

**ਮੰਤਰੀ :** ਐਡਮਿਸ਼ਨ ਹੋਵੇਗੀ। ਮੈਂ ਫਾਲਤੂ ਗੱਲ ਨਹੀਂ ਕਰ ਰਿਹਾ। (ਵਿਘਨ)(ਸ਼ੋਰ) 500 ਕਰੋੜ ਰੁਪਿਆ ਅਸੀਂ ਆਡਿਟ ਕਰਵਾ ਕੇ ਕੱਢਿਆ ਹੈ, (ਵਿਘਨ) (ਸ਼ੋਰ) ਇਹ ਲੋਕਾਂ ਦਾ ਪੈਸਾ ਸੀ, ਸਰਕਾਰ ਦਾ ਪੈਸਾ ਸੀ।

**ਸ਼੍ਰੀ ਪਵਨ ਕੁਮਾਰ ਟੀਨੂ :** 31 ਦਸੰਬਰ ਦੀ ਤਰੀਕ ਕਦੋਂ ਦੀ ਚਲੀ ਗਈ ਹੈ ਪਰ ਆਡਿਟ ਨਹੀਂ ਹੋਇਆ। (ਵਿਘਨ) ਇਹ ਤੁਹਾਡੀ ਜ਼ਿੰਮੇਵਾਰੀ ਬਣਦੀ ਸੀ। ਤੁਸੀਂ ਕਰਦੇ ਕੀ ਹੋ ? ਜੇਕਰ ਤੁਸੀਂ ਪੈਸੇ ਨਹੀਂ ਦੇਣੇ, ਤਾਂ ਦੱਸੋ ?

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸ਼੍ਰੀ ਪਵਨ ਕੁਮਾਰ ਟੀਨੂ ਅਤੇ ਭਲਾਈ ਮੰਤਰੀ ਇੱਕ ਦੂਜੇ ਖਿਲਾਫ ਬਿਨਾਂ ਇਜਾਜ਼ਤ ਉੱਚੀ ਉੱਚੀ ਬੋਲ ਰਹੇ ਸਨ।)

**ਮਾਨਯੋਗ ਸਪੀਕਰ :** ਟੀਨੂ ਜੀ, ਚੇਅਰ ਨੂੰ ਐਡਰੈੱਸ ਕਰੋ। ਪਲੀਜ਼, ਚੇਅਰ ਨੂੰ ਐਡਰੈੱਸ ਕਰੋ, ਇਸ ਤਰ੍ਹਾਂ ਨਾ ਕਰੋ।

**ਮੰਤਰੀ :** ਸਪੀਕਰ ਸਾਹਿਬ, ਜੇ ਅਸੀਂ ਕੀਤੀ ਹੋਈ ਚੋਰੀ ਕਢਵਾਈਏ ਤਾਂ ਇਨ੍ਹਾਂ ਨੂੰ ਔਖਾ ਲਗਦਾ ਹੈ। ਬਹੁਤ ਵਾਰੀ ਅਸੀਂ ਇਨ੍ਹਾਂ ਦਾ ਪੋਰਟਲ ਖੋਲ੍ਹਿਆ ਹੈ । ਸਪੀਕਰ ਸਾਹਿਬ, ਲਾਸਟ ਤੱਕ ਵੀ ਜੋ ਬੱਚੇ ਮੇਰੇ ਕੋਲ ਆ ਗਏ ਤਾਂ ਅਸੀਂ ਉਨ੍ਹਾਂ ਵਾਸਤੇ ਤੁਰੰਤ ਪੋਰਟਲ ਖੋਲ੍ਹਣ ਵਾਸਤੇ ਕਿਹਾ ਹੈ। ਅਸੀਂ ਕਿਹਾ ਕਿ ਇਨ੍ਹਾਂ ਦਾ ਜ਼ਰੂਰ ਕਰਨਾ ਹੈ, ਅਸੀਂ ਇਨ੍ਹਾਂ ਬੱਚਿਆਂ ਨੂੰ ਰੁਲਣ ਨਹੀਂ ਦੇਣਾ। ਅੱਜ ਮੈਂ ਫਿਰ ਜ਼ਿੰਮੇਵਾਰੀ ਨਾਲ ਕਹਿੰਦਾ ਹਾਂ ਕਿ ਮੈਂ ਇਕ ਮਜ਼ਦੂਰ ਦਾ ਬੇਟਾ ਹਾਂ। ਤੁਹਾਨੂੰ ਮੇਰੇ ਨਾਲੋਂ ਜ਼ਿਆਦਾ ਪੀੜ ਨਹੀਂ ਹੈ, ਸਾਨੂੰ ਉਨ੍ਹਾਂ ਬੱਚਿਆਂ ਲਈ ਪੀੜ ਹੈ, ਮੈਂ ਦਿਨ ਰਾਤ ਲੱਗਿਆ ਹੋਇਆ ਹਾਂ। ਮੈਂ ਚੋਰੀ ਨਹੀਂ ਹੋਣ ਦਿੰਦਾ, ਚੋਰਾਂ ਨੂੰ ਜ਼ਰੂਰ ਨੰਗਿਆਂ ਕਰਦਾ ਹਾਂ।

**ਮਾਨਯੋਗ ਸਪੀਕਰ :** ਮੰਤਰੀ ਜੀ, ਬੈਠੋ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਹੈ।

**ਮਾਨਯੋਗ ਸਪੀਕਰ :** ਪੰਜ ਸਪਲੀਮੈਂਟਰੀਜ਼ ਹੋ ਗਈਆਂ ਹਨ ਜੀ। ਚਲੋ, ਦੱਸੋ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਬੇਨਤੀ ਹੈ ਕਿ ਟਰੇਜ਼ਰੀ ਬੈਂਚਿਜ਼ ਦੇ ਮੈਂਬਰ ਨੇ ਬਹੁਤ ਵਾਜਬ ਗੱਲ ਕਹੀ ਹੈ ਕਿ ਸਟੂਡੈਂਟਸ ਦੇ ਸਰਟੀਫਿਕੇਟਸ ਰੋਕੇ ਜਾਂਦੇ ਹਨ। ਸਿਰਫ ਇੱਕ ਦੋ ਲਾਈਨਾਂ ਦੀ ਐਸ਼ੋਰੈਂਸ ਦਿੱਤੀ ਜਾਵੇ ਕਿ ਭਾਵੇਂ ਗੌਰਮਿੰਟ ਆਫ ਇੰਡੀਆ ਤੋਂ ਫੀਸ ਕਿਸੇ ਬੱਚੇ ਲਈ ਆਈ ਹੈ ਜਾਂ ਨਹੀਂ ਆਈ ਪ੍ਰੰਤੂ ਕਿਸੇ ਵੀ ਦਲਿਤ ਬੱਚੇ ਦਾ ਸਰਟੀਫਿਕੇਟ ਨਹੀਂ ਰੋਕਿਆ ਜਾਵੇਗਾ। ਨੰਬਰ-1, ਇਹ ਦੱਸਿਆ ਜਾਵੇ ਕਿ ਕੀ ਕਾਲਜਾਂ ਵਲੋਂ ਬੱਚਿਆਂ ਦੇ ਸਰਟੀਫਿਕੇਟ ਜਾਰੀ ਨਾ ਕਰਨ ਨੂੰ ਰੋਕਿਆ ਜਾਵੇਗਾ ਜਾਂ ਨਹੀਂ ਰੋਕਿਆ ਜਾਵੇਗਾ? ਨੰਬਰ-2, ਮੈਂ ਕੱਲ੍ਹ ਦਾ ਸੁਣ ਰਿਹਾ ਹਾਂ ਕਿ 500 ਕਰੋੜ ਰੁਪਿਆ ਖਾ ਗਏ, ਮੈਂ ਜਾਣਨਾ ਚਾਹੁੰਦਾ ਹਾਂ ਕਿ ਇਸ ਦੇ ਖਿਲਾਫ ਕੀ ਐਕਸ਼ਨ ਲਿਆ ਗਿਆ ਹੈ ? 500 ਕਰੋੜ ਰੁਪਏ ਖਾਣ ਵਿਰੁੱਧ ਐਕਸ਼ਨ ਦੱਸਿਆ ਜਾਵੇ ਕਿ ਕੀ ਲਿਆ ਹੈ ?

**ਮੰਤਰੀ :** ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੂੰ ਮੈਂ ਦੱਸਣਾ ਚਾਹੁੰਦਾ ਹਾਂ ਕਿ ** ** ਜੇਕਰ ਅਸੀਂ ਆਡਿਟ ਕਰਕੇ 500 ਕਰੋੜ ਰੁਪਿਆ ਕੱਢਿਆ ਹੈ ਤਾਂ ਉਨ੍ਹਾਂ ਦੇ ਖਿਲਾਫ ਕਾਰਵਾਈ ਕਰ ਦਿੱਤੀ ਗਈ ਹੈ ਅਤੇ ਕਈਆਂ ਦੇ ਖਿਲਾਫ ਕਰਾਂਗੇ । (ਥੰਪਿੰਗ) ਔਰ ਜਿਹੜਾ ਇੱਕ ਵੀ ਬੱਚੇ ਦਾ ਜੇ ਨੁਕਸਾਨ ਹੋਇਆ ਹੈ ਤਾਂ ਸਰਕਾਰ ਜ਼ਿੰਮੇਵਾਰ ਹੈ। (ਵਿਘਨ)(ਸ਼ੋਰ)

**ਮਾਨਯੋਗ ਸਪੀਕਰ :** ਬੈਠੋ ਜੀ, ਬੈਠੋ। ਪਵਨ ਕੁਮਾਰ ਟੀਨੂ ਜੀ ਤੁਹਾਡਾ ਅਗਲਾ ਸਵਾਲ ਹੈ। ਤੁਸੀਂ ਉਠ ਕੇ ਸਵਾਲ ਪੇਸ਼ ਕਰੋ।

---

## ਬੰਦ ਕੀਤੇ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਨੂੰ ਮੁੜ ਚਾਲੂ ਕਰਨਾ

*1015. **ਸ਼੍ਰੀ ਪਵਨ ਕੁਮਾਰ ਟੀਨੂ :** ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਕੀ ਇਹ ਠੀਕ ਹੈ ਕਿ ਬੱਚਿਆਂ ਨੂੰ ਟੈਕਨੀਕਲੀ ਸਕਿੱਲਡ ਬਣਾਉਣ ਲਈ ਖੋਲ੍ਹੇ ਗਏ ਚਾਰ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਆਦਮਪੁਰ, ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਸਿੰਘਪੁਰਾ, ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਮਾਣਕਪੁਰ ਸ਼ਰੀਫ ਅਤੇ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਮਲੌਦ ਨੂੰ ਸਰਕਾਰ ਨੇ ਬੰਦ ਕਰ ਦਿੱਤਾ ਹੈ ?

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਅਜਿਹਾ ਕਰਨ ਦੇ ਕੀ ਕਾਰਨ ਸਨ ਅਤੇ ਕੀ ਇਨ੍ਹਾਂ ਨੂੰ ਲੋਕ ਹਿੱਤ ਵਿੱਚ ਮੁੜ ਤੋਂ ਅਕੈਡਮਿਕ ਸਾਲ 2018-19 ਵਿੱਚ ਚਾਲੂ ਕਰ ਦਿੱਤਾ ਜਾਵੇਗਾ ?

---

** **Expunged as ordered by Hon'ble Speaker.

**ਸਰਦਾਰ ਚਰਨਜੀਤ ਸਿੰਘ ਚੰਨੀ :** (ੳ) ਜੀ ਨਹੀਂ, ਇਹ ਠੀਕ ਨਹੀਂ ਹੈ ਕਿ ਸਰਕਾਰ ਨੇ ਚਾਰ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ, ਆਦਮਪੁਰ, ਸਿੰਘਪੁਰਾ, ਮਾਣਕਪੁਰ ਸ਼ਰੀਫ ਅਤੇ ਮਲੌਦ ਨੂੰ ਬੰਦ ਕਰ ਦਿੱਤਾ ਹੈ ।

(ਅ) ਇਨ੍ਹਾਂ ਚਾਰ ਸੰਸਥਾਵਾਂ ਵਿੱਚੋਂ ਮਲੌਦ ਅਤੇ ਆਦਮਪੁਰ ਵਿਖੇ ਆਰਜ਼ੀ ਤੌਰ ਤੇ ਸਟਾਫ ਤੈਨਾਤ ਕਰਕੇ ਅਕਾਦਮਿਕ ਸੈਸ਼ਨ 2016 ਵਿੱਚ ਦਾਖਲਾ ਕੀਤਾ ਗਿਆ ਸੀ ਪਰੰਤੂ ਅਕਾਦਮਿਕ ਸੈਸ਼ਨ 2017 ਵਿੱਚ ਦਾਖਲਾ ਨਹੀਂ ਕੀਤਾ ਗਿਆ ਸੀ ਕਿਉਂਕਿ ਵਿੱਤ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਸਟਾਫ ਨੂੰ ਉਨ੍ਹਾਂ ਦੀ ਅਸਲ ਪੋਸਟਿੰਗ ਦੇ ਸਥਾਨ ਤੇ ਬਦਲ ਦਿੱਤਾ ਗਿਆ ਸੀ । ਇਨ੍ਹਾਂ ਸੰਸਥਾਵਾਂ ਲਈ ਅਸਾਮੀਆਂ ਦੀ ਰਚਨਾ ਦੀ ਕਾਰਵਾਈ ਚੱਲ ਰਹੀ ਹੈ, ਜਿਸ ਉਪਰੰਤ ਮਸ਼ੀਨਰੀ ਅਤੇ ਇਕੁਇਪਮੈਂਟ ਮੁਹੱਈਆ ਕਰਵਾਉਂਦੇ ਹੋਏ ਦਾਖਲਾ ਕੀਤਾ ਜਾਵੇਗਾ ਜੀ ।

**ਸ਼੍ਰੀ ਪਵਨ ਕੁਮਾਰ ਟੀਨੂ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮਾਨਯੋਗ ਤਕਨੀਕੀ ਸਿੱਖਿਆ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮਲੌਦ, ਆਦਮਪੁਰ, ਮਾਣਕਪੁਰ ਸ਼ਰੀਫ ਅਤੇ ਸਿੰਘਪੁਰਾ, ਇਹ ਚਾਰ ਆਈ.ਟੀ.ਆਈਜ਼ ਪਿਛਲੀ ਸਰਕਾਰ ਵਿੱਚ ਬਣਾਈਆਂ ਗਈਆਂ ਸਨ ਔਰ ਇਨ੍ਹਾਂ ਵਿੱਚੋਂ ਆਦਮਪੁਰ ਮੇਰੇ ਹਲਕੇ ਵਿੱਚ ਹੈ । ਇਸ ਆਈ.ਟੀ.ਆਈ. ਵਿਚ ਸਾਲ 2016 ਦੇ ਸ਼ੁਰੂ ਵਿੱਚ ਉਥੇ ਦਾਖਲਾ ਵੀ ਸ਼ੁਰੂ ਕਰਵਾ ਦਿੱਤਾ ਸੀ, ਬਿਲਡਿੰਗ ਵੀ ਟਾੱਪ ਕਲਾਸ ਦੀ ਬਣ ਕੇ ਪੜ੍ਹਾਈ ਸ਼ੁਰੂ ਹੋ ਗਈ ਸੀ। ਮੈਂ ਮੰਤਰੀ ਜੀ ਦੇ ਧਿਆਨ ਵਿੱਚ ਇਹ ਵੀ ਲਿਆਉਣਾ ਚਾਹੁੰਦਾ ਹਾਂ ਕਿ ਕਰੀਬ 450 ਬੱਚਿਆਂ ਨੇ ਉਥੇ ਐਡਮਿਸ਼ਨ ਵੀ ਲੈ ਲਈ ਸੀ ਪਰ ਹੁਣ ਉਸ ਨੂੰ ਜਿੰਦਰੇ ਲਗ ਗਏ ਹਨ ਔਰ ਉਨ੍ਹਾਂ ਬੱਚਿਆਂ ਨੂੰ ਇਧਰ ਉਧਰ ਸ਼ਿਫਟ ਕਰ ਦਿੱਤਾ ਗਿਆ ਹੈ। ਕਈ ਵਿਦਿਆਰਥੀਆਂ ਨੇ ਪੜ੍ਹਾਈ ਹੀ ਛੱਡ ਦਿੱਤੀ ਹੈ। ਤੁਸੀਂ ਜਿਹੜੀਆਂ ਪੋਸਟਾਂ ਦੀ ਕ੍ਰੀਏਸ਼ਨ ਕਰਨੀ ਹੈ, ਉਹ ਮਸਲਾ ਪਹਿਲਾਂ ਅਫਸਰ ਕਮੇਟੀ ਵਿਚ ਜਾਏਗਾ ਅਤੇ ਫਿਰ ਕੈਬਿਨੇਟ ਵਿਚ ਜਾਵੇਗਾ। ਸਪੀਕਰ ਸਾਹਿਬ, ਸਰਕਾਰ ਨੂੰ ਇੱਕ ਸਾਲ ਹੋ ਗਿਆ ਹੈ ਅਤੇ ਹੁਣ ਜਵਾਬ ਦਿੱਤਾ ਜਾ ਰਿਹਾ ਹੈ ਕਿ ਵਿੱਤ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਸਟਾਫ ਨੂੰ ਉਨ੍ਹਾਂ ਦੇ ਪਿੱਤਰੀ ਵਿਭਾਗਾਂ ਵਿਚ ਭੇਜ ਦਿੱਤਾ ਗਿਆ ਹੈ, ਜਿਸ ਕਾਰਨ ਆਈ.ਟੀ.ਆਈਜ਼ ਬੰਦ ਹੋ ਗਈਆਂ ਹਨ। ਕੀ ਵਿੱਤ ਵਿਭਾਗ ਸਰਕਾਰ ਦੇ ਅਧੀਨ ਨਹੀਂ ਆਉਂਦਾ ? ਕੀ ਵਿੱਤ ਵਿਭਾਗ ਨੂੰ ਇਨ੍ਹਾਂ ਆਈ.ਟੀ.ਆਈਜ਼ ਦੇ ਬੰਦ ਹੋਣ ਦਾ ਕੋਈ ਫਿਕਰ ਨਹੀਂ ਹੈ?

**ਮਾਨਯੋਗ ਸਪੀਕਰ :** ਤੁਸੀਂ ਸਵਾਲ ਪੁੱਛੋ?

**ਸ਼੍ਰੀ ਪਵਨ ਕੁਮਾਰ ਟੀਨੂ :** ਮੇਰਾ ਸਵਾਲ ਇਹ ਹੈ ਕਿ ਪੋਸਟਾਂ ਦੀਆਂ ਰਚਨਾਵਾਂ ਕਰਨ ਲਈ ਅਫਸਰ ਕਮੇਟੀ ਦੀ ਮੀਟਿੰਗ ਕਦੋਂ ਤੱਕ ਹੋਵੇਗੀ ਅਤੇ ਇਹ ਪੋਸਟਾਂ ਕਦੋਂ ਤੱਕ ਕ੍ਰੀਏਟ ਕਰ ਦਿੱਤੀਆਂ ਜਾਣਗੀਆਂ ? ਇਸ ਤੋਂ ਇਲਾਵਾ ਇਹ ਜਿਹੜੀਆਂ ਬੰਦ ਆਈ.ਟੀ.ਆਈਜ਼ ਹਨ, ਕੀ ਇਹ ਆਉਂਦੇ ਅਕਾਦਮਿਕ ਸੈਸ਼ਨ ਤੱਕ ਸ਼ੁਰੂ ਕਰ ਦਿੱਤੀਆਂ ਜਾਣਗੀਆਂ ?

**ਮੰਤਰੀ :** ਸਪੀਕਰ ਸਾਹਿਬ, ਸਾਡੇ ਸਤਿਕਾਰਯੋਗ ਮੈਂਬਰ ਸਾਹਿਬ ਦਾ ਕਨਸਰਨ ਬਿਲਕੁਲ ਜਾਇਜ਼ ਹੈ। ਗਲਤੀ ਇਹ ਹੋਈ ਹੈ ਕਿ ਪਿਛਲੀ ਸਰਕਾਰ ਨੇ ਕੇਂਦਰ ਸਰਕਾਰ ਦੀ ਗਰਾਂਟ ਨਾਲ ਬਿਲਡਿੰਗਾਂ ਤਾਂ ਬਣਾ ਦਿੱਤੀਆਂ ਪ੍ਰੰਤੂ ਪਿਛਲੀ ਸਰਕਾਰ ਨੇ ਇਹ ਨਹੀਂ ਸੋਚਿਆ ਕਿ ਇਕੱਲੀਆਂ ਬਿਲਡਿੰਗਾਂ ਨਾਲ ਕਾਲਜ ਨਹੀਂ ਚਲਦੇ, ਉਥੇ ਮਾਸਟਰ ਵੀ ਹੋਣੇ ਜ਼ਰੂਰੀ ਹਨ। ਉਨ੍ਹਾਂ ਦੀਆਂ ਪੋਸਟਾਂ ਕ੍ਰੀਏਟ ਨਹੀਂ ਕੀਤੀਆਂ ਗਈਆਂ ਸਨ। ਵਿੱਤ ਵਿਭਾਗ ਨੇ ਪਿੱਛੇ ਜਿਹੇ ਇਕ ਚਿੱਠੀ

ਜਾਰੀ ਕੀਤੀ ਹੈ, ਉਸ ਦਾ ਕਾਰਨ ਇਹ ਸੀ ਕਿ ਜਿਹੜੇ ਇਨਫਲੂਐਂਸ਼ੀਅਲ ਕਰਮਚਾਰੀ ਹਨ, ਉਹ ਚੰਡੀਗੜ੍ਹ ਵਿੱਚ ਆ ਕੇ ਬੈਠ ਜਾਂਦੇ ਹਨ, ਚਾਹੇ ਪੋਸਟ ਹੋਵੇ ਜਾਂ ਨਾ ਹੋਵੇ। ਇਸ ਤਰ੍ਹਾਂ ਡੈਪੂਟੇਸ਼ਨ ਤੇ ਬਹੁਤ ਸਾਰੇ ਕਰਮਚਾਰੀ ਬੈਠੇ ਸਨ। ਇੱਕ ਕੈਮਿਸਟਰੀ ਦਾ ਟੀਚਰ ਲੁਧਿਆਣੇ ਦੀ ਆਈ.ਟੀ.ਆਈ. ਵਿਚ ਬੈਠਾ ਹੈ ਚਾਹੇ ਉਥੇ ਕੈਮਿਸਟਰੀ ਦੀ ਪੋਸਟ ਹੈ ਜਾਂ ਨਹੀਂ ਪਰ ਫਿਰ ਵੀ ਉਹ ਉਥੇ ਮੈਥ ਟੀਚਰ ਦੀ ਪੋਸਟ ਵਿਰੁੱਧ ਡੈਪੂਟੇਸ਼ਨ ਤੇ ਲੱਗਾ ਹੋਇਆ ਹੈ। ਸੋ, ਇਸ ਸਿਲਸਿਲੇ ਨੂੰ ਖਤਮ ਕਰਨ ਲਈ ਵਿੱਤ ਵਿਭਾਗ ਨੇ ਇੱਕ ਚਿੱਠੀ ਜਾਰੀ ਕੀਤੀ ਕਿ ਜਿਥੇ ਜਿਸ ਦੀ ਪੋਸਟ ਹੈ, ਜਿਥੇ ਐਪੁਆਇੰਟ ਕੀਤਾ ਗਿਆ ਹੈ, ਉਹ ਉਥੇ ਹੀ ਰਹੇ। ਇਹ ਫੈਸਲਾ ਬਹੁਤ ਵਧੀਆ ਸੀ ਪਰ ਇਸ ਦਾ ਸਾਡੇ ਤੇ ਇੱਕ ਅਸਰ ਇਹ ਹੋ ਗਿਆ ਕਿ ਜਿਹੜੀਆਂ ਆਈ.ਟੀ.ਆਈਜ਼ ਇਨ੍ਹਾਂ ਨੇ ਖੋਲ੍ਹੀਆਂ ਸਨ, ਉਨ੍ਹਾਂ ਵਿਚਲਾ ਸਟਾਫ ਵੀ ਆਪਣੇ ਪਿੱਤਰੀ ਵਿਭਾਗਾਂ ਵਿਚ ਚਲਾ ਗਿਆ, ਜਿਸ ਕਾਰਨ ਇਹ ਨੁਕਸਾਨ ਹੋਇਆ ਹੈ ਪਰ ਮੈਂ ਮੈਂਬਰ ਸਾਹਿਬ ਨੂੰ ਆਸ਼ਵਾਸਨ ਦੇਣਾ ਚਾਹੁੰਦਾ ਹਾਂ ਕਿ ਇਸ ਸਾਲ ਅਸੀਂ ਵਿੱਤ ਵਿਭਾਗ ਨੂੰ ਬੇਨਤੀ ਕਰ ਲਵਾਂਗੇ ਕਿ ਚਾਹੇ ਅਸੀਂ ਆਰਜ਼ੀ ਤੌਰ ਤੇ ਹੀ ਕਰੀਏ ਲੇਕਿਨ ਅਸੀਂ ਇਨ੍ਹਾਂ ਦੀ ਆਈ.ਟੀ.ਆਈ. ਚਲਾ ਦਿਆਂਗੇ ਅਤੇ ਇਸ ਦੇ ਨਾਲ ਹੀ ਸਾਡਾ ਪ੍ਰੋਸੀਜ਼ਰ ਵੀ ਚੱਲ ਰਿਹਾ ਹੈ। ਸਾਨੂੰ ਵਿੱਤ ਵਿਭਾਗ ਨੇ ਮਨਜ਼ੂਰੀ ਦੇ ਦਿੱਤੀ ਹੈ ਅਤੇ ਹੁਣ ਪ੍ਰਸੋਨਲ ਵਿਭਾਗ ਤੋਂ ਮਨਜ਼ੂਰੀ ਲੈ ਕੇ ਇਹ ਪੋਸਟਾਂ ਪੱਕੇ ਤੌਰ ਤੇ ਭਰ ਦਿਆਂਗੇ। ਮੈਂ ਇਨ੍ਹਾਂ ਨੂੰ ਪੱਕਾ ਵਿਸ਼ਵਾਸ ਦਿਵਾਉਂਦਾ ਹਾਂ ਕਿ ਮੈਂ ਆਪ ਤੁਹਾਡੀ ਆਈ.ਟੀ.ਆਈ. ਵਿੱਚ ਆ ਕੇ ਦੇਖਾਂਗਾ, ਮੈਨੂੰ ਪਹਿਲਾਂ ਵੀ ਇਹ ਡਿਮਾਂਡ ਕਿਸੇ ਹੋਰ ਪਾਸੇ ਤੋਂ ਆ ਚੁੱਕੀ ਹੈ। ਸੋ, ਮੈਂ ਵਿਸ਼ਵਾਸ ਦਿਵਾਉਂਦਾ ਹਾਂ ਕਿ ਇਹ ਆਈ.ਟੀ.ਆਈ. ਸ਼ੁਰੂ ਕਰ ਦਿਆਂਗੇ।

**ਮਾਨਯੋਗ ਸਪੀਕਰ** : ਟੀਨੂ ਜੀ, ਹੁਣ ਤਾਂ ਧੰਨਵਾਦ ਕਰ ਦਿਓ।

**ਸ਼੍ਰੀ ਪਵਨ ਕੁਮਾਰ ਟੀਨੂ** : ਸਪੀਕਰ ਸਾਹਿਬ, ਪਹਿਲਾਂ ਤਾਂ ਮੰਤਰੀ ਜੀ ਨੇ ਕਿਹਾ ਕਿ ਪਿਛਲੀ ਸਰਕਾਰ ਨੇ ਬਿਲਡਿੰਗਾਂ ਬਣਾ ਦਿੱਤੀਆਂ ਪਰ ਮੇਰੀ ਬੇਨਤੀ ਹੈ ਕਿ ਪਹਿਲਾਂ ਤਾਂ ਬਿਲਡਿੰਗਾਂ ਹੀ ਬਣਦੀਆਂ ਹਨ, ਮਾਸਟਰ ਤਾਂ ਬਾਅਦ ਵਿਚ ਹੀ ਲੱਗਦੇ ਹਨ।

**ਮਾਨਯੋਗ ਸਪੀਕਰ** : ਹੁਣ ਆਸ਼ਵਾਸਨ ਆ ਗਿਆ ਹੈ, ਤੁਹਾਡਾ ਕੋਈ ਸਵਾਲ ਰਹਿ ਗਿਆ ਹੈ ਤਾਂ ਦੱਸੋ।

**ਸ਼੍ਰੀ ਪਵਨ ਕੁਮਾਰ ਟੀਨੂ** : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਜਦੋਂ ਵੀ ਕੋਈ ਕੰਮ ਰੋਕਣਾ ਹੋਵੇ ਤਾਂ ਇਹ ਕਹਿ ਦਿੰਦੇ ਹਨ ਕਿ ਵਿੱਤ ਵਿਭਾਗ ਕਾਰਨ ਹੋ ਗਿਆ......

**ਮਾਨਯੋਗ ਸਪੀਕਰ** : ਮੰਤਰੀ ਜੀ ਨੇ ਉਹ ਵੀ ਜ਼ਿੰਮੇਵਾਰੀ ਲੈ ਲਈ ਹੈ।

**ਸ਼੍ਰੀ ਪਵਨ ਕੁਮਾਰ ਟੀਨੂ** : ਸਪੀਕਰ ਸਾਹਿਬ, ਮੰਤਰੀ ਜੀ ਮੈਨੂੰ ਟਾਈਮ ਦੱਸ ਦੇਣ ਕਿ ਕਦੋਂ ਤੱਕ ਇਹ ਪੱਕੀਆਂ ਪੋਸਟਾਂ ਕ੍ਰੀਏਟ ਕਰ ਦੇਣਗੇ ਅਤੇ ਕਦੋਂ ਤੱਕ ਵਿੱਤ ਵਿਭਾਗ ਤੋਂ ਕਲੀਅਰੈਂਸ ਲੈ ਲੈਣਗੇ ? ਕੋਈ ਟਾਈਮ ਬਾਊਂਡ ਕਰ ਦਿਓ, ਕਿਉਂਕਿ ਸਰਕਾਰ ਦਾ ਇਕ ਸਾਲ ਲੰਘ ਗਿਆ ਹੈ।

**ਮਾਨਯੋਗ ਸਪੀਕਰ** : ਵਿਸ਼ਵਾਸ ਤਾਂ ਕਰੋ, ਹੁਣ ਤਾਂ ਮੰਤਰੀ ਜੀ ਨੇ ਜ਼ਿੰਮੇਵਾਰੀ ਲੈ ਲਈ ਹੈ।

**ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਨੂੰ ਹੁਣ ਗੰਨੇ ਚੂਪਣ ਤੱਕ ਹੀ ਰੱਖੋ, ਇਹ ਤਾਂ ਖੇਤ ਦੇ ਮਾਲਕ ਬਣਨਾ ਚਾਹੁੰਦੇ ਹਨ। ਮੈਂ ਮੈਂਬਰ ਸਾਹਿਬ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਤੁਹਾਡੀ ਆਈ.ਟੀ.ਆਈ. ਚੱਲ ਜਾਵੇਗੀ। ਅਸੀਂ ਸਾਰਾ ਪ੍ਰੋਸੀਜਰ ਸ਼ੁਰੂ ਕੀਤਾ ਹੋਇਆ ਹੈ। ਵਿੱਤ ਵਿਭਾਗ ਨੇ ਸਾਨੂੰ ਮਨਜ਼ੂਰੀ ਦੇ ਦਿੱਤੀ ਹੈ। ਹੁਣ ਪ੍ਰਸੋਨਲ ਵਿਭਾਗ ਕੋਲ ਫਾਈਲ ਜਾਣੀ ਹੈ। ਮੈਂ ਤੁਹਾਨੂੰ ਵਿਸ਼ਵਾਸ ਨਾਲ ਕਹਿ ਰਿਹਾ ਹਾਂ ਕਿ ਤੁਹਾਡਾ ਕੰਮ ਸ਼ੁਰੂ ਹੋ ਜਾਵੇਗਾ। ਜੇਕਰ ਤੁਸੀਂ ਮੇਰਾ ਹੋਰ ਅੱਗੇ ਇਮਤਿਹਾਨ ਲੈਣਾ ਚਾਹੁੰਦੇ ਹੋ ਤਾਂ ਲੈ ਲਓ, ਮੈਂ ਤੁਹਾਡੇ ਵਾਸਤੇ ਵਿਹਲਾ ਹਾਂ ਜੀ।

**ਸ਼੍ਰੀ ਦਿਨੇਸ਼ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਮੇਰੇ ਸੁਜਾਨਪੁਰ ਹਲਕੇ ਵਿੱਚ ਨਿਆੜੀ ਆਈ.ਟੀ.ਆਈ ਮਨਜ਼ੂਰ ਹੋਇਆ ਹੈ। ਉਸ ਦੇ ਟੈਂਡਰ ਵੀ ਹੋ ਗਏ ਹਨ ਲੇਕਿਨ ਕੰਮ ਅੱਜ ਤੱਕ ਸ਼ੁਰੂ ਨਹੀਂ ਹੋਇਆ ਹੈ। ਮੈਂ ਪਿਛਲੇ ਸੈਸ਼ਨ ਵਿੱਚ ਵੀ ਇਹ ਸਵਾਲ ਲਗਾਇਆ ਸੀ, ਉਦੋਂ ਤੁਸੀਂ ਕਿਹਾ ਸੀ ਕਿ ਫਾਰੈਸਟ ਦੀ ਪਰਮਿਸ਼ਨ ਨਹੀਂ ਆਈ ਹੈ। ਕਾਈਂਡਲੀ, ਫਾਰੈਸਟ ਦੀ ਪਰਮਿਸ਼ਨ ਕਰਵਾ ਕੇ ਜਲਦੀ ਸ਼ੁਰੂ ਕਰ ਦਿਓ ਜੀ।

**ਮੰਤਰੀ:** ਮਾਨਯੋਗ ਸਪੀਕਰ ਸਾਹਿਬ, ਇਨ੍ਹਾਂ ਦਾ ਕੇਸ ਵੀ ਉਹੀ ਹੈ। ਬਾਕੀ ਚਾਰ ਸ਼ੁਰੂ ਹੋ ਗਈਆਂ ਸਨ ਪਰ ਇੱਕ ਆਈ.ਟੀ.ਆਈ ਸ਼ੁਰੂ ਨਹੀਂ ਹੋਈ। ਉਸ ਦਾ ਕਾਰਨ ਇਹ ਸੀ ਕਿ ਜਿਹੜੀ ਇਨ੍ਹਾਂ ਨੇ ਜ਼ਮੀਨ ਦਿੱਤੀ ਸੀ, ਉਹ ਜੰਗਲ ਦਾ ਰਕਬਾ ਘੋਸ਼ਿਤ ਹੋਇਆ ਪਿਆ ਹੈ ਜਿਸ ਕਰਕੇ ਉਸ ਵਿੱਚ ਪ੍ਰਾਬਲਮ ਆ ਰਹੀ ਹੈ । ਇਸ ਲਈ ਜਾਂ ਤਾਂ ਮਾਨਯੋਗ ਮੈਂਬਰ ਸਾਹਿਬ ਜਗ੍ਹਾ ਬਦਲ ਕੇ ਸਾਨੂੰ ਉਸ ਦੇ ਬਦਲੇ ਕੋਈ ਹੋਰ ਜਗ੍ਹਾ ਦੇ ਦੇਣ ਜਾਂ ਫਿਰ ਇਕੱਠੇ ਬੈਠ ਕੇ ਅਫਸਰਾਂ ਨੂੰ ਬੁਲਾ ਲਿਆ ਜਾਵੇ ਤੇ ਫਿਰ ਦੇਖਿਆ ਜਾਏ ਕਿ ਗੱਲ ਕਿੱਥੇ ਅੜ ਰਹੀ ਹੈ। ਜੇ ਜੰਗਲਾਤ ਵੱਲੋਂ ਉਹ ਜ਼ਮੀਨ ਕਲੀਅਰ ਹੀ ਨਹੀਂ ਹੋ ਸਕਦੀ ਤਾਂ ਜ਼ਮੀਨ ਬਦਲ ਲੈਂਦੇ ਹਾਂ ਨਹੀਂ ਤਾਂ ਉਸੇ ਜ਼ਮੀਨ ਤੇ ਸ਼ੁਰੂ ਕਰਵਾ ਦਿਆਂਗੇ।

---

## ਸਕੂਲੀ ਵਿਦਿਆਰਥੀਆਂ ਦੀਆਂ ਅੱਖਾਂ ਦਾ ਚੈੱਕ-ਅੱਪ

*854. **ਡਾਕਟਰ ਸੁਖਵਿੰਦਰ ਕੁਮਾਰ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ Ophthalmic ਅਫਸਰ ਰਾਜ ਦੇ ਸਕੂਲਾਂ ਵਿੱਚ ਬੱਚਿਆਂ ਦੀਆਂ ਅੱਖਾਂ ਦਾ ਰੈਗੂਲਰ ਤੌਰ ਤੇ ਚੈੱਕ ਅੱਪ ਕਰਦੇ ਹਨ; ਜੇਕਰ ਅਜਿਹਾ ਹੋਵੇ ਤਾਂ ਕਿੰਨੇ ਸਮੇਂ ਬਾਅਦ ਚੈਕਿੰਗ ਕੀਤੀ ਜਾਂਦੀ ਹੈ ;

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ Opthalmic ਅਫਸਰਾਂ ਦੀਆਂ ਰਾਜ ਵਿੱਚ ਕੁੱਲ ਕਿੰਨੀਆਂ ਮਨਜ਼ੂਰਸ਼ੁਦਾ ਅਸਾਮੀਆਂ ਹਨ ਤੇ ਇਨ੍ਹਾਂ ਅਸਾਮੀਆਂ ਵਿੱਚੋਂ ਕਿੰਨੀਆਂ ਅਸਾਮੀਆਂ ਖਾਲੀ ਹਨ; ਖਾਲੀ ਅਸਾਮੀਆਂ, ਜੇਕਰ ਹੋਣ ਤਾਂ ਇਨ੍ਹਾਂ ਨੂੰ ਖਾਲੀ ਰੱਖਣ ਦੇ ਕੀ ਕਾਰਨ ਹਨ ਅਤੇ ਇਨ੍ਹਾਂ ਖਾਲੀ ਅਸਾਮੀਆਂ ਨੂੰ ਕਦੋਂ ਤੱਕ ਭਰ ਦਿੱਤਾ ਜਾਵੇਗਾ ?

**ਸ਼੍ਰੀ ਬ੍ਰਹਮ ਮਹਿੰਦਰਾ :** ਸ਼੍ਰੀਮਾਨ ਜੀ, (ੳ) ਪੰਜਾਬ ਰਾਜ ਦੇ ਸਰਕਾਰੀ ਅਤੇ ਅਰਧ ਸਰਕਾਰੀ ਸਕੂਲਾਂ ਦੇ ਬੱਚਿਆਂ ਦੀਆਂ ਅੱਖਾਂ ਦਾ ਚੈੱਕ-ਅੱਪ ਆਰ.ਬੀ.ਐਸ.ਕੇ. ਟੀਮ ਦੁਆਰਾ ਹਰ ਸਾਲ ਇੱਕ ਵਾਰੀ ਕੀਤਾ ਜਾਂਦਾ ਹੈ । ਇਸ ਟੀਮ ਦੁਆਰਾ ਬੱਚਿਆਂ ਦੀ ਸਕਰੀਨਿੰਗ ਦੌਰਾਨ ਜੇਕਰ

ਨਜ਼ਰ ਕਮਜ਼ੋਰ ਪਾਈ ਜਾਂਦੀ ਹੈ ਤਾਂ ਅਪਥਾਲਮਿਕ ਅਫਸਰ ਦੁਆਰਾ ਉਨ੍ਹਾਂ ਦੀ ਰਿਫਰੈਕਸ਼ਨ ਕਰਨ ਉਪਰੰਤ ਐਨਕਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ ।

(ਅ) ਪੰਜਾਬ ਰਾਜ ਵਿੱਚ ਅਪਥਾਲਮਿਕ ਅਫਸਰਾਂ ਦੀਆਂ ਕੁੱਲ ਮਨਜ਼ੂਰਸ਼ੁਦਾ ਅਸਾਮੀਆਂ ਦੀ ਗਿਣਤੀ 221 ਹੈ ਅਤੇ 42 ਅਸਾਮੀਆਂ ਖਾਲੀ ਹਨ । ਸਾਲ 2016-17 ਵਿੱਚ ਖਾਲੀ ਅਸਾਮੀਆਂ ਨੂੰ ਭਰਨ ਲਈ ਬਾਬਾ ਫਰੀਦ ਯੂਨੀਵਰਸਿਟੀ, ਫਰੀਦਕੋਟ ਵੱਲੋਂ ਦੋ ਵਾਰ ਉਪਰਾਲਾ ਕੀਤਾ ਗਿਆ । ਇਸ ਪ੍ਰਕਿਰਿਆ ਦੌਰਾਨ ਸਿਰਫ 11 ਅਸਾਮੀਆਂ ਹੀ ਭਰੀਆਂ ਗਈਆਂ । ਬਾਕੀ ਖਾਲੀ ਅਸਾਮੀਆਂ ਭਰਨ ਲਈ ਸਰਕਾਰ ਦੁਆਰਾ ਉਪਰਾਲਾ ਕੀਤਾ ਜਾ ਰਿਹਾ ਹੈ ।

**ਡਾਕਟਰ ਸੁਖਵਿੰਦਰ ਕੁਮਾਰ :** ਮਾਨਯੋਗ ਸਪੀਕਰ ਸਾਹਿਬ, ਸ਼ਹੀਦ ਭਗਤ ਸਿੰਘ ਨਗਰ ਵਿੱਚ ਅਪਥਾਲਮਿਕ ਅਫਸਰ ਦੀਆਂ ਤਿੰਨ ਅਸਾਮੀਆਂ ਭਰੀਆਂ ਹੋਈਆਂ ਹਨ ਤੇ ਪੰਜ ਅਸਾਮੀਆਂ ਖਾਲੀ ਪਈਆਂ ਹਨ । ਇਹ ਤਿੰਨੇ ਅਪਥਾਲਮਿਕ ਅਫਸਰਾਂ ਵਿੱਚੋਂ ਇੱਕ ਸਿਵਲ ਹਸਪਤਾਲ, ਨਵਾਂ ਸ਼ਹਿਰ ਵਿੱਚ ਬੈਠਦਾ ਹੈ, ਦੂਸਰਾ ਬਲਾਚੌਰ, ਸਿਵਲ ਹਸਪਤਾਲ ਵਿੱਚ ਬੈਠਦਾ ਹੈ ਤੇ ਤੀਸਰਾ ਮੁਕੰਦਪੁਰ, ਸਿਵਲ ਹਸਪਤਾਲ ਵਿੱਚ ਬੈਠਦਾ ਹੈ। ਉਨ੍ਹਾਂ ਨੇ ਪਿਛਲੇ ਸਾਲ ਇੱਕ ਵੀ ਸਕੂਲ ਚੈੱਕ ਨਹੀਂ ਕੀਤਾ । ਮੈਂ ਇਹ ਮੰਤਰੀ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਕੋਲ ਕੋਈ ਇਸ ਤਰ੍ਹਾਂ ਦੀ ਇਨਫਰਮੇਸ਼ਨ ਹੈ ਕਿ ਉਨ੍ਹਾਂ ਨੇ ਅੱਜ ਤੱਕ ਕਿੰਨੇ ਬੱਚਿਆਂ ਦੀ ਅੱਖਾਂ ਚੈੱਕ ਕੀਤੀਆਂ ਹਨ ਅਤੇ ਕਿੰਨਿਆਂ ਨੂੰ ਐਨਕਾਂ ਦਿੱਤੀਆਂ ਜਾ ਚੁੱਕੀਆਂ ਹਨ ? ਇਹ ਮੈਨੂੰ ਮੰਤਰੀ ਸਾਹਿਬ ਦੱਸ ਦੇਣ।

**ਮੰਤਰੀ :** ਸਪੀਕਰ ਸਾਹਿਬ, ਇਹ ਅੰਕੜੇ ਤਾਂ ਮੇਰੇ ਕੋਲ ਨਹੀਂ ਹਨ। ਮੈਂ ਸਾਰੀ ਸਟੇਟ ਦੇ ਅੰਕੜੇ ਦੱਸ ਦਿੰਦਾ ਹਾਂ। ਸਾਲ 2016-17 ਵਿੱਚ 23657 ਮੁਫਤ ਐਨਕਾਂ ਲੱਗੀਆਂ ਸਨ ਅਤੇ ਸਾਲ 2017-18 ਦੇ 15 ਮਾਰਚ, 2018 ਤੱਕ 32959 ਮੁਫਤ ਐਨਕਾਂ ਲੱਗ ਚੁੱਕੀਆਂ ਹਨ। ਜੇ ਇਨ੍ਹਾਂ ਦੀ ਕੋਈ ਸਪੈਸੀਫਿਕ ਕੰਪਲੇਂਟ ਹੈ ਜਾਂ ਜਿਹੜੀ ਇੱਥੇ ਕੋਈ ਸਟਾਫ ਦੀ ਕਮੀ ਹੈ, ਉਹ ਤਾਂ ਮੈਂ ਜਲਦੀ ਹੀ ਪੂਰੀ ਕਰਾਂਗਾ। ਅਸੀਂ ਆਪਣੇ ਡਿਪਾਰਟਮੈਂਟ ਦੀ ਰੈਸ਼ਨੇਲਾਈਜ਼ੇਸ਼ਨ ਕਰਨ ਲੱਗੇ ਹਾਂ। ਉਸ ਵਿੱਚ ਸਾਰੀਆਂ ਕਮੀਆਂ ਪੂਰੀਆਂ ਕਰ ਦਿਆਂਗੇ। ਜੇਕਰ ਕੋਈ ਇਨ੍ਹਾਂ ਦੀ ਪਰਟੀਕੁਲਰ ਸ਼ਿਕਾਇਤ ਹੈ ਤਾਂ ਇਹ ਸਾਨੂੰ ਦੇ ਦੇਣ, I will enquire into it.

**ਮਾਨਯੋਗ ਸਪੀਕਰ :** ਜੇ ਕੋਈ ਪਰਟੀਕੂਲਰ ਹੈ ਤਾਂ ਤੁਸੀਂ ਇਨ੍ਹਾਂ ਨੂੰ ਲਿਖ ਕੇ ਭੇਜ ਦਿਓ, ਅਦਰਵਾਈਜ਼ ਐਸ਼ਿਓਰੈਂਸ ਇਨ੍ਹਾਂ ਨੇ ਦੇ ਦਿੱਤੀ ਹੈ।

**ਡਾਕਟਰ ਸੁਖਵਿੰਦਰ ਕੁਮਾਰ :** ਮਾਨਯੋਗ ਸਪੀਕਰ ਸਾਹਿਬ, ਮੈਂ ਇਹ ਗੱਲ ਕਹਿਣੀ ਚਾਹਾਂਗਾ ਕਿ ਉਥੇ ਰੋਟਰੀ ਕਲੱਬ ਨੇ ਆਪਣੇ ਤੌਰ ਤੇ ਪੰਜਾਬ ਦੇ ਬਲਾਕ ਵੰਨ ਵਿੱਚ ਸਕੂਲਾਂ ਦੇ ਬੱਚਿਆਂ ਦੀ ਨਿਗ੍ਹਾ ਟੈਸਟ ਕੀਤੀ। ਮੈਂ ਰੋਟਰੀ ਕਲੱਬ ਦਾ ਧੰਨਵਾਦ ਵੀ ਕਰਨਾ ਚਾਹਾਂਗਾ। ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਤੁਹਾਡੇ ਥਰੂ ਦੱਸਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ 1900 ਬੱਚੇ ਚੈੱਕ ਕੀਤੇ। ਇਨ੍ਹਾਂ ਬੱਚਿਆਂ ਵਿੱਚੋਂ 207 ਬੱਚਿਆਂ ਦੀ ਨਿਗ੍ਹਾ ਕਮਜ਼ੋਰ ਪਾਈ ਗਈ। ਕਰੀਬ 10% ਬੱਚਿਆਂ ਦੀ ਨਿਗ੍ਹਾ ਕਮਜ਼ੋਰ ਪਾਈ ਗਈ ਹੈ। ਜਿਹੜੇ ਸਾਡੇ ਅਪਥਾਲਮਿਕ ਅਫਸਰ ਹਨ, ਉਹ ਕੀ ਕਰਦੇ ਹਨ ਕਿ ਉਹ ਸਕੂਲ ਟੀਚਰ ਦੀ ਹੀ ਡਿਊਟੀ ਲਗਾ ਦਿੰਦੇ ਹਨ ਕਿ ਤੁਸੀਂ ਆਪਣੇ ਬੱਚਿਆਂ ਤੋਂ ਇਹ ਬੋਰਡ ਪੜਵਾ ਕੇ ਦੇਖੋ । ਜੇ ਇਹ ਬੋਰਡ ਪੜ੍ਹ ਲੈਂਦੇ ਹਨ ਤਾਂ ਠੀਕ ਹੈ ਨਹੀਂ ਤਾਂ ਸਾਡੇ ਕੋਲ ਭੇਜ ਦਿਓ। ਜ਼ਿਆਦਾਤਰ ਟੀਚਰ ਆਪਣੇ ਬੱਚਿਆਂ ਨੂੰ ਆਪਣੇ ਹਸਪਤਾਲਾਂ ਵਿੱਚ ਨਹੀਂ ਲੈ ਕੇ ਜਾਂਦੇ। ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕਿਉਂ ਨਾ ਹਰ ਹਲਕੇ ਵਿੱਚ ਇੱਕ ਵੈਨ ਪ੍ਰੋਵਾਈਡ ਕੀਤੀ ਜਾਵੇ ਜਿਸ ਵਿੱਚ ਇੱਕ ਸਿਸਟਮ ਹੋਵੇ।

**ਮਾਨਯੋਗ ਸਪੀਕਰ** : ਸਵਾਲ ਪੁੱਛੋ। ਸਵਾਲ ਕੀ ਹੈ?

**ਡਾਕਟਰ ਸੁਖਵਿੰਦਰ ਕੁਮਾਰ** : ਮੈਂ ਸਵਾਲ ਹੀ ਪੁੱਛਣ ਲੱਗਾ ਹਾਂ ਜੀ। ਜੇਕਰ ਅਸੀਂ ਵੈਨ ਪ੍ਰੋਵਾਈਡ ਕਰਵਾ ਦਿੰਦੇ ਹਾਂ ਅਤੇ ਉੱਥੇ ਇਹ ਸਿਸਟਮ ਬਣ ਜਾਵੇਗਾ ਕਿ ਬੱਚਿਆਂ ਦੀ ਨਿਗ੍ਹਾ ਟੈਸਟ ਕੀਤੀ ਜਾ ਸਕਦੀ ਹੈ ਅਤੇ ਲੋੜਵੰਦ ਬੱਚਿਆਂ ਨੂੰ ਐਨਕਾਂ ਦਿੱਤੀਆਂ ਜਾ ਸਕਦੀਆਂ ਹਨ। ਮੈਂ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਕੋਈ ਤਜਵੀਜ਼ ਹੈ ਕਿ ਅਸੀਂ ਇਸ ਤਰ੍ਹਾਂ ਦੀਆਂ ਵੈਨਾਂ ਖਰੀਦ ਕੇ ਹਰ ਸਬ ਸੈਂਟਰ ਲੈਵਲ ਤੇ ਦੇ ਸਕੀਏ ?

**ਮੰਤਰੀ** : ਸਪੀਕਰ ਸਾਹਿਬ, ਸੁਜੈਸ਼ਨ ਬੜਾ ਅੱਛਾ ਹੈ ਅਤੇ ਰੋਟਰੀ ਕਲੱਬ ਇੱਕ ਐਨ.ਜੀ.ਓ. ਹੈ। ਜੇਕਰ ਅਜਿਹੀਆਂ ਐਨ.ਜੀ.ਓਜ਼ ਸੁਸਾਇਟੀਆਂ ਇਸ ਤਰ੍ਹਾਂ ਦੇ ਅੱਛੇ ਕੰਮ ਕਰਨ ਲਈ ਅੱਗੇ ਆਉਂਦੀਆਂ ਹਨ ਅਤੇ ਸਾਡੇ ਐਸ.ਐਮ.ਓ. ਅਤੇ ਸਿਵਲ ਸਰਜਨ ਨਾਲ ਟਾਈ ਅੱਪ ਕਰਦੀਆਂ ਹਨ ਤਾਂ we welcome them ਕੋਈ ਐਸਾ ਪ੍ਰੋਗਰਾਮ ਬਣਾ ਕੇ ਦੇ ਦੇਣ, ਕੋਈ ਪ੍ਰਾਜੈਕਟ ਬਣਾ ਕੇ ਦੇਣ, ਅਸੀਂ ਉਸ ਨੂੰ ਅਡਾਪਟ ਕਰ ਲਵਾਂਗੇ।

**ਡਾਕਟਰ ਸੁਖਵਿੰਦਰ ਕੁਮਾਰ** : ਸਰ, ਮੈਂ ਵੈਨਜ਼ ਦੀ ਗੱਲ ਕੀਤੀ ਹੈ।

**ਮੰਤਰੀ** : ਵੈਨ ਵੀ ਜੇ ਤੁਸੀਂ ਕੋਈ ਪ੍ਰੋਵਾਈਡ ਕਰਵਾ ਸਕਦੇ ਹੋ ਤਾਂ ਅਸੀਂ ਸਿਵਲ ਸਰਜਨ ਨਾਲ ਕੋਈ ਐਮ.ਓ.ਯੂ. ਕਰਵਾ ਕੇ ਚਾਲੂ ਕਰ ਦੇਵਾਂਗੇ। ਇਹ ਅੱਛੀ ਗੱਲ ਹੈ । ਮੈਂ ਐਪਰੀਸ਼ਿਏਟ ਕਰਦਾ ਹਾਂ। ਇਹ ਇਸ ਗੱਲ ਲਈ ਪ੍ਰਾਪਰ ਪਰਪੋਜ਼ਲ ਦੇ ਦੇਣ।

**ਡਾਕਟਰ ਸੁਖਵਿੰਦਰ ਕੁਮਾਰ** : ਮੈਂ ਮੰਤਰੀ ਸਾਹਿਬ ਨੂੰ ਇੱਕ ਗੱਲ ਦੱਸਣੀ ਚਾਹੁੰਦਾ ਹਾਂ ਕਿ ਰੋਟਰੀ ਕਲੱਬ ਮੈਚਿੰਗ ਗਰਾਂਟ ਦੇ ਥਰੂ ਇਸ ਤਰ੍ਹਾਂ ਦੀਆਂ ਸਰਵਿਸਿਜ਼ ਦਿੰਦੇ ਹਨ।

**ਮਾਨਯੋਗ ਸਪੀਕਰ** : ਉਹ ਕਹਿ ਰਹੇ ਹਨ ਕਿ ਪਰਪੋਜ਼ਲ ਦੇ ਦਿਉ।

**ਡਾਕਟਰ ਸੁਖਵਿੰਦਰ ਕੁਮਾਰ** : ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਜੇਕਰ ਤੁਸੀਂ ਸਾਰੇ ਮੈਂਬਰ ਸਾਹਿਬਾਨ ਰੋਟਰੀ ਕਲੱਬ ਨੂੰ ਆਪਣੇ ਲੈਵਲ ਤੇ ਕਾਨਟੈਕਟ ਕਰਕੇ ਇਸ ਤਰ੍ਹਾਂ ਦਾ ਇੰਤਜ਼ਾਮ ਕਰ ਸਕਦੇ ਹੋ ਤਾਂ ਚੰਗਾ ਹੈ। ਮੈਂ ਆਪਣੇ ਨਵਾਂਸ਼ਹਿਰ ਦੇ ਲੈਵਲ ਤੇ ਕਰਨ ਨੂੰ ਤਿਆਰ ਹਾਂ । ਤੁਸੀਂ ਵੀ ਸਾਰੇ ਕੋਸ਼ਿਸ਼ ਕਰੋ ਕਿਉਂਕਿ ਉਨ੍ਹਾਂ ਕੋਲ ਮੈਚਿੰਗ ਗਰਾਂਟ ਹੈ ਪਰ ਅਪਰੋਚ ਸਾਨੂੰ ਹੀ ਕਰਨੀ ਪਵੇਗੀ। ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ।

**ਮਾਨਯੋਗ ਸਪੀਕਰ** : ਮੰਤਰੀ ਜੀ ਨੇ ਤੁਹਾਨੂੰ ਇਹੀ ਕਿਹਾ ਹੈ ਕਿ ਤੁਸੀਂ ਪਰਪੋਜ਼ਲ ਭੇਜੋ, ਤੁਸੀਂ ਪਹਿਲ ਤਾਂ ਕਰੋ।

---

## ਜੰਡਿਆਲਾ ਵਿਖੇ ਡਿਫੈਂਸ ਰੋਡ ਨੂੰ ਚਾਰ ਮਾਰਗੀ ਕਰਨਾ

*845. **ਡਾਕਟਰ ਧਰਮਬੀਰ ਅਗਨੀਹੋਤਰੀ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜੰਡਿਆਲਾ ਗੁਰੂ ਵਾਇਆ ਤਰਨਤਾਰਨ, ਝਬਾਲ ਤੋਂ ਅਟਾਰੀ ਵਾਹਗਾ ਬਾਰਡਰ ਤੱਕ ਡਿਫੈਂਸ ਰੋਡ ਨੂੰ ਚਾਰ ਮਾਰਗੀ ਕਰਨ ਲਈ ਰਾਜ ਸਰਕਾਰ/ਕੇਂਦਰ ਸਰਕਾਰ ਕੋਈ ਕਦਮ ਚੁੱਕੇਗੀ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ ?

**ਸ਼੍ਰੀਮਤੀ ਰਜ਼ੀਆ ਸੁਲਤਾਨਾ :** ਸ਼੍ਰੀਮਾਨ ਜੀ, ਨਹੀਂ ਜੀ । ਇਸ ਸੜਕ ਨੂੰ ਚਾਰ ਮਾਰਗੀ ਕਰਨ ਦੀ ਸਰਕਾਰ ਦੀ ਕੋਈ ਤਜਵੀਜ਼ ਨਹੀਂ ਹੈ ।

**ਡਾਕਟਰ ਧਰਮਬੀਰ ਅਗਨੀਹੋਤਰੀ** : ਸਪੀਕਰ ਸਾਹਿਬ, ਪਿਛਲੇ 9-10 ਸਾਲ ਤੋਂ ਇਸ ਸੜਕ ਦੀ ਜੰਡਿਆਲਾ ਤੋਂ ਲੈ ਕੇ ਤਰਨਤਾਰਨ ਤੱਕ ਬਹੁਤ ਹੀ ਖਸਤਾ ਹਾਲਤ ਹੈ। ਤਰਨਤਾਰਨ ਦੀ ਆਬਾਦੀ ਕੋਈ 15 ਲੱਖ ਦੇ ਕਰੀਬ ਹੈ। ਸਾਨੂੰ ਜਦੋਂ ਵੀ ਤਰਨਤਾਰਨ ਤੋਂ ਚੰਡੀਗੜ੍ਹ ਆਉਣਾ ਪੈਂਦਾ ਹੈ, ਇਸ ਰੋਡ ਤੋਂ ਬਿਨਾਂ ਕੋਈ ਹੋਰ ਨਜ਼ਦੀਕੀ ਰੋਡ ਨਹੀਂ ਹੈ। ਕਿਰਪਾ ਕਰਕੇ ਇਸ ਨੂੰ ਠੀਕ ਕਰਵਾਇਆ ਜਾਵੇ ਜੀ।

**ਰਾਜ ਮੰਤਰੀ** : ਸਪੀਕਰ ਸਾਹਿਬ, ਜੰਡਿਆਲਾ ਗੁਰੂ ਤੋਂ ਤਰਨਤਾਰਨ ਰੋਡ ਜਿਹੜੀ ਹੈ, ਉਸ ਦੀ ਹਾਲਤ ਥੋੜ੍ਹੀ ਖਸਤਾ ਹੈ ਅਤੇ ਇਸ ਨੂੰ ਅਸੀਂ ਠੀਕ ਕਰਵਾਉਣ ਬਾਰੇ ਸੋਚ ਲਵਾਂਗੇ।

**ਡਾਕਟਰ ਧਰਮਬੀਰ ਅਗਨੀਹੋਤਰੀ** : ਸਪੀਕਰ ਸਾਹਿਬ, ਇਹ ਥੋੜ੍ਹੀ ਨਹੀਂ ਜੀ, ਬਹੁਤ ਜ਼ਿਆਦਾ ਖਸਤਾ ਹੈ। ਖਾਸ ਕਰਕੇ ਜਦੋਂ ਫੋਰ ਲੇਨ ਸੜਕ ਬਣ ਰਹੀ ਸੀ ਤਾਂ ਉਸ ਸੜਕ ਤੇ ਓਵਰਲੋਡ ਟਿੱਪਰ ਚਲਦੇ ਰਹੇ ਹਨ, ਖਾਸ ਕਰਕੇ ਬੰਡਾਲਾ ਤੋਂ ਲੈ ਕੇ ਤਰਨਤਾਰਨ ਤੱਕ ਦਾ 8 ਕਿਲੋਮੀਟਰ ਦਾ ਏਰੀਆ ਬਹੁਤ ਖਰਾਬ ਹੈ। ਜੇ ਸਰਕਾਰ ਕੋਲ ਪੈਸੇ ਨਹੀਂ ਹਨ ਤਾਂ ਜਿਸ ਕੰਪਨੀ ਵੱਲੋਂ ਫੋਰ ਲੇਨ ਹਾਈਵੇਅ ਬਣਾਈ ਜਾ ਰਹੀ ਹੈ, ਉਸ ਕੰਪਨੀ ਤੋਂ ਇਹ ਸੜਕ ਬਣਵਾਈ ਜਾਵੇ, ਜਿਨ੍ਹਾਂ ਨੇ ਇਹ ਸੜਕ ਖਰਾਬ ਕੀਤੀ ਹੈ।

**ਰਾਜ ਮੰਤਰੀ** : ਸਪੀਕਰ ਸਾਹਿਬ, ਜਿਹੜੀ ਤਰਨਤਾਰਨ ਤੋਂ ਅਟਾਰੀ ਬਾਰਡਰ ਨੂੰ ਸੜਕ ਜਾਂਦੀ ਹੈ, ਉਸ ਦੀ ਹਾਲਤ ਤਾਂ ਠੀਕ ਹੈ ਪਰ ਜਿਹੜੀ ਸੜਕ ਦੀ ਇਹ ਹੁਣ ਗੱਲ ਕਰ ਰਹੇ ਹਨ, ਜੰਡਿਆਲਾ ਗੁਰੂ ਤੋਂ ਤਰਨਤਾਰਨ ਤੱਕ ਦੀ, ਉਸ ਦੀ ਰਿਪੇਅਰ ਅਸੀਂ ਕਰਵਾ ਦਿਆਂਗੇ।

**ਮਾਨਯੋਗ ਸਪੀਕਰ** : ਉਸ ਦੀ ਰਿਪੇਅਰ ਕਰਵਾ ਦੇਣਗੇ ਜੀ।

**ਡਾਕਟਰ ਧਰਮਬੀਰ ਅਗਨੀਹੋਤਰੀ** : ਧੰਨਵਾਦ ਜੀ।

---

## ਜਗਰਾਓਂ ਨੂੰ ਜ਼ਿਲ੍ਹਾ ਬਣਾਉਣਾ

*737. **ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਕੀ ਜਗਰਾਓਂ ਨੂੰ ਜ਼ਿਲ੍ਹਾ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ;

(ਅ) ਇੱਕ ਜ਼ਿਲ੍ਹਾ ਬਣਾਉਣ ਲਈ ਕਿਹੜੀਆਂ ਕਿਹੜੀਆਂ ਸ਼ਰਤਾਂ ਦਾ ਪੂਰੀਆਂ ਹੋਣਾ ਚਾਹੀਦਾ ਹੈ ?

**ਕੈਪਟਨ ਅਮਰਿੰਦਰ ਸਿੰਘ :** (ੳ) ਨਹੀਂ ਜੀ ।

(ਅ) ਸਰਕਾਰ ਵੱਲੋਂ ਪ੍ਰਬੰਧਕੀ ਇਕਾਈਆਂ ਦੇ ਮੁੜ ਸੰਗਠਨ ਲਈ ਮਾਪਦੰਡ ਸੁਝਾਉਣ ਲਈ ਇੱਕ ਰੈਵੀਨਿਊ ਕਮਿਸ਼ਨ ਦਾ ਗਠਨ ਕੀਤਾ ਗਿਆ ਹੈ ।

ਇੱਕ ਰੈਵੇਨਿਊ ਕਮਿਸ਼ਨ ਸਾਡੀ ਸਰਕਾਰ ਨੇ ਸੈੱਟ ਅੱਪ ਕੀਤਾ ਹੈ, ਜਿਹੜੀ ਦੇਖੇਗੀ ਕਿ ਜਿਹੜਾ ਜ਼ਿਲ੍ਹਿਆਂ ਦਾ ਤਹਿਸੀਲਾਂ ਦਾ ਪ੍ਰਸ਼ਾਸਨਿਕ ਪ੍ਰਬੰਧ ਹੈ, ਕਿਸ ਤਰੀਕੇ ਨਾਲ ਬਣਾਇਆ ਜਾ ਸਕਦਾ ਹੈ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ** : ਮੈਂ ਮਾਨਯੋਗ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦੀ ਹਾਂ ਕਿ ਉਨ੍ਹਾਂ ਨੇ ਉੱਤਰ ਦਿੱਤਾ ਪਰ ਇੱਕ ਗੱਲ ਜ਼ਰੂਰ ਹੈ ਕਿ ਜਦੋਂ ਵੀ ਕੋਈ ਚੁਣਾਵੀ ਮੁੱਦਾ ਹੁੰਦਾ ਹੈ ਤਾਂ ਲਾਲਾ ਜੀ ਦੇ ਨਾਂ ਤੇ ਉੱਥੇ ਜ਼ਿਲ੍ਹਾ ਬਣਾਉਣ ਦਾ ਵਾਅਦਾ ਕੀਤਾ ਜਾਂਦਾ ਹੈ, ਉੱਥੇ ਸਟੇਡੀਅਮ ਦੇਣ ਦਾ ਵੀ ਵਾਅਦਾ ਕੀਤਾ ਜਾਂਦਾ ਹੈ। ਇਹ ਮੁੱਦਾ ਉਸੇ ਤਰ੍ਹਾਂ ਹੀ ਲਮਕ ਰਿਹਾ ਹੈ। ਲੁਧਿਆਣਾ ਸਾਡੇ ਨਾਲ ਲੱਗਦਾ ਹੈ। ਉੱਥੇ ਹਰ ਫੰਡ ਦਿੱਤਾ ਜਾਂਦਾ ਹੈ। ਕੀ ਕੋਈ ਐਸੀ ਤਜਵੀਜ਼ ਆਵੇਗੀ ਕਿ ਸਾਡਾ ਸ਼ਹਿਰ ਜਗਰਾਓਂ ਜਿਹੜਾ ਲੁਧਿਆਣਾ ਦੇ ਨਾਲ ਹੀ ਲੱਗਦਾ ਹੈ, ਸਿਰਫ 20-25 ਕਿਲੋਮੀਟਰ ਤੇ ਹੀ ਹੈ, ਕੋਈ ਮਾੜੀ ਮੋਟੀ ਗਰਾਂਟ ਲਾਲਾ ਜੀ ਦੇ ਨਾਂ ਤੇ ਜਾਂ ਕੁਝ ਹੋਰ ਦਿੱਤਾ ਜਾਵੇਗਾ ?

**ਮਾਨਯੋਗ ਸਪੀਕਰ** : ਲਾਲਾ ਜੀ ਦੇ ਨਾਂ ਤੇ ਕਹਿ ਰਹੇ ਹਨ ਜੀ।

**ਮੁੱਖ ਮੰਤਰੀ** : ਜਿੱਥੇ ਤੱਕ ਜ਼ਿਲ੍ਹੇ ਬਣਾਉਣ ਦਾ ਸਵਾਲ ਹੈ, ਇਹ 1994 ਵਿੱਚ ਇੱਕ ਰਿਪੋਰਟ ਆਈ ਸੀ ਅਤੇ ਉਸ ਮੁਤਾਬਕ ਹੀ ਚਲਦਾ ਆ ਰਿਹਾ ਹੈ। ਅਸੀਂ ਸਮਝਦੇ ਹਾਂ ਕਿ ਇਸ ਦੀ ਰਿਵੀਜ਼ਨ ਹੋਣੀ ਚਾਹੀਦੀ ਹੈ, ਕਾਫੀ ਸਮਾਂ ਲੰਘ ਗਿਆ ਹੈ। ਇਸ ਸਬੰਧੀ ਐਸ.ਐਸ. ਸਾਰੋਂ ਕਮਿਸ਼ਨ ਬਣਾਇਆ ਹੋਇਆ ਹੈ ਕਿ ਉਹ ਦੇਖਣ ਕਿ ਇਸ ਨੂੰ ਕਿਸ ਤਰੀਕੇ ਨਾਲ ਅੱਗੇ ਵਧਾਇਆ ਜਾਵੇ।

**ਮਾਨਯੋਗ ਸਪੀਕਰ** : ਬਿਹਤਰ ਜੀ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ** : ਸਰ, ਮੈਂ ਇੱਕ ਹੋਰ ਬੇਨਤੀ ਕਰਨੀ ਚਾਹੁੰਦੀ ਹਾਂ ਕਿ ਜਦੋਂ ਵੀ ਇਸ ਤਰ੍ਹਾਂ ਦਾ ਕੋਈ ਮੁੱਦਾ ਆਉਂਦਾ ਹੈ ਤਾਂ ਜਗਰਾਓਂ ਹਮੇਸ਼ਾ ਨਿਗਲੈਕਟ ਰਹਿ ਜਾਂਦਾ ਹੈ। ਇੱਕ ਤਾਂ ਵੈਸੇ ਹੀ ਇਹ ਸਾਡੀ ਰਿਜ਼ਰਵ ਸੀਟ ਹੈ । ਦੂਸਰੀ ਗੱਲ ਇਹ ਹੈ ਕਿ ਜੋ ਮੇਨ ਮੁੱਦਾ ਹੈ ਕਿ ਲੁਧਿਆਣਾ ਸਮਾਰਟ ਸਿਟੀ ਬਣਾਉਣਾ ਹੈ ਅਤੇ ਅਸੀਂ ਕਰੋੜਾਂ ਅਰਬਾਂ ਰੁਪਏ ਉਥੇ ਖਰਚ ਚੁੱਕੇ ਹਾਂ ਪਰ ਲੁਧਿਆਣੇ ਦੇ ਨਾਲ ਹੀ 20-25 ਕਿਲੋਮੀਟਰ ਤੇ 20-25 ਪਿੰਡ ਐਸੇ ਹਨ ਜਿੱਥੇ ਕੋਈ ਮੈਡੀਕਲ ਸਹੂਲਤ ਹੈ ਨਹੀਂ।

**ਮਾਨਯੋਗ ਸਪੀਕਰ** : ਮਾਣੂਕੇ ਜੀ, ਤੁਸੀਂ ਸਵਾਲ ਪੁੱਛੋ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ** : ਕੀ ਸਰਕਾਰ ਇਸ ਸ਼ਹਿਰ ਬਾਰੇ ਕੁਝ ਸੋਚੇਗੀ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਜਿਹੜੀ ਵੀ ਗੱਲ ਇਨ੍ਹਾਂ ਨੇ ਕਰਨੀ ਹੈ ਜਿਸ ਦੇ ਨਾਲ ਇਹ ਸਮਝਦੇ ਹਨ ਕਿ ਇਨ੍ਹਾਂ ਦੇ ਸ਼ਹਿਰ ਦੀ ਕੋਈ ਬਿਹਤਰੀ ਹੋ ਸਕਦੀ ਹੈ, ਸਾਨੂੰ ਲਿਖ ਕੇ ਦੇ ਦੇਣ।

**ਮਾਨਯੋਗ ਸਪੀਕਰ :** ਤੁਸੀਂ ਲਿਖ ਕੇ ਭੇਜ ਦਿਓ। ਸੀ.ਐਮ. ਸਾਹਿਬ ਨੂੰ ਲਿਖ ਕੇ ਭੇਜੋ ਕਿ ਤੁਸੀਂ ਕੀ ਚਾਹੁੰਦੇ ਹੋ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ:** ਸਾਡਾ ਸ਼ਹਿਰ ਵੀ ਸਮਾਰਟ ਬਣਾ ਦਿਓ। ਇਹ ਇੱਕ ਛੋਟਾ ਜਿਹਾ ਟੁਕੜਾ ਹੀ ਹੈ। ਸਾਡੇ ਸ਼ਹਿਰ ਦਾ ਵੀ ਨਾਲ ਹੀ ਕੁਝ ਕਰ ਦਿਓ।

**ਮਾਨਯੋਗ ਸਪੀਕਰ:** ਤੁਸੀਂ ਲਿਖ ਕੇ ਭੇਜੋ। ਸੀ.ਐਮ. ਸਾਹਿਬ ਕਹਿੰਦੇ ਹਨ ਕਿ ਤੁਸੀਂ ਲਿਖ ਕੇ ਭੇਜੋ ਕਿ ਤੁਹਾਡੀ ਕੀ ਪਰਪੋਜ਼ਲ ਹੈ ਤੇ ਤੁਸੀਂ ਕੀ ਚਾਹੁੰਦੇ ਹੋ।

**Chief Minister** : Our Minister will do it.

**ਸਥਾਨਕ ਸਰਕਾਰ ਮੰਤਰੀ (ਸਰਦਾਰ ਨਵਜੋਤ ਸਿੰਘ ਸਿੱਧੂ):** ਜਿਹੜੀ ਸਮਾਰਟ ਸਿਟੀ ਦੀ ਗੱਲ ਹੈ ਉਹ ਭਾਰਤ ਸਰਕਾਰ ਡਿਸਾਈਡ ਕਰਦੀ ਹੈ। ਉਹ ਰਾਜ ਸਰਕਾਰ ਡਿਸਾਈਡ ਨਹੀਂ ਕਰਦੀ ਔਰ ਜਿਹੜੇ ਸਟੇਡੀਅਮ ਦੀ ਇਹ ਗੱਲ ਕਰ ਰਹੇ ਹਨ, ਉਸ ਬਾਰੇ ਮੈਂ ਤੁਹਾਨੂੰ ਚਾਨਣਾ ਪਾਉਣਾ ਚਾਹੁੰਦਾ ਹਾਂ ਤੇ ਮੈਂ ਕੱਲ੍ਹ ਵੀ ਤੁਹਾਨੂੰ ਦੱਸਿਆ ਸੀ ਕਿ ਉਸ ਸਟੇਡੀਅਮ ਲਈ 10 ਕਰੋੜ ਰੁਪਏ ਦੀ ਗ੍ਰਾਂਟ ਭਾਰਤ ਸਰਕਾਰ ਨੇ ਮਨਜ਼ੂਰ ਕੀਤੀ ਸੀ ਅਤੇ ਉਸ ਵਿੱਚੋਂ 4 ਕਰੋੜ 16 ਲੱਖ ਰੁਪਏ ਸਾਲ 2015-16 ਵਿੱਚ ਆਏ ਸੀ। ਉਸ ਤੋਂ ਬਾਅਦ ਉਸ ਦਾ ਯੂਟੀਲਾਈਜ਼ੇਸ਼ਨ ਸਰਟੀਫਿਕੇਟ ਸਰਕਾਰ ਕੋਲ ਨਹੀਂ ਗਿਆ ਔਰ ਕਿਉਂਕਿ ਯੂਟੀਲਾਈਜ਼ੇਸ਼ਨ ਸਰਟੀਫਿਕੇਟ ਸਰਕਾਰ ਕੋਲ ਨਹੀਂ ਗਿਆ ਤੇ ਇਹ ਨਹੀਂ ਦੱਸਿਆ ਗਿਆ ਕਿ ਪੈਸੇ ਕਿਸ ਤਰ੍ਹਾਂ ਖਰਚੇ ਗਏ ਹਨ, ਇਸ ਕਰਕੇ ਉਨ੍ਹਾਂ ਨੇ ਅਗਲੀ ਗ੍ਰਾਂਟ ਨਹੀਂ ਭੇਜੀ।

**ਮਾਨਯੋਗ ਸਪੀਕਰ :** ਅਗਲਾ ਸਵਾਲ, ਹਰਪਾਲ ਸਿੰਘ ਚੀਮਾ ਜੀ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਦਰਸ਼ਨ ਸਿੰਘ ਬਰਾੜ ਆਪਣੀ ਸੀਟ ਤੇ ਖੜ੍ਹੇ ਹੋ ਕੇ ਸਪਲੀਮੈਂਟਰੀ ਪੇਸ਼ ਕਰਨ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ :** ਪਹਿਲੇ ਦਿਨ ਉਠੇ ਹਨ। ਬਰਾੜ ਸਾਹਿਬ, ਪਹਿਲੀ ਵਾਰ ਉਠੇ ਹਨ, ਚੀਮਾ ਜੀ, ਬੈਠ ਜਾਓ। ਬੋਲੋ, ਬੋਲੋ, ਬੋਲੋ ਬਰਾੜ ਸਾਹਿਬ।

**ਸਰਦਾਰ ਦਰਸ਼ਨ ਸਿੰਘ ਬਰਾੜ :** ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਜਗਰਾਓਂ ਇੱਕ ਇਤਿਹਾਸਕ ਨਗਰ ਹੈ ਜਾਂ ਇਤਿਹਾਸਕ ਸ਼ਹਿਰ ਹੈ। ਆਪਣੇ ਦੇਸ਼ ਵਾਸਤੇ ਲਾਲਾ ਲਾਜਪਤ ਰਾਏ ਜੀ ਦੀ ਇੰਨੀ ਵੱਡੀ ਕੁਰਬਾਨੀ ਕੀਤੀ ਹੈ ਤੇ ਜਗਰਾਓਂ ਸ਼ਹਿਰ ਉਨ੍ਹਾਂ ਦੇ ਨਾਂ ਤੇ ਹੀ ਵੱਸਿਆ ਹੋਇਆ ਹੈ। ਸੋ, ਮੈਂ ਬੇਨਤੀ ਕਰਦਾ ਹਾਂ ਕਿ ਇਸ ਨੂੰ ਜ਼ਿਲ੍ਹਾ ਬਣਾ ਦਿਓ ਕਿਉਂਕਿ ਇਸ ਨੂੰ ਨਾਲ ਲੱਗਦੇ ਚਾਰ ਹਲਕੇ ਪੈਂਦੇ ਹਨ ਤੇ ਸੀ.ਐਮ. ਸਾਹਿਬ ਵਾਸਤੇ ਇਹ ਕੋਈ ਬਹੁਤ ਔਖੀ ਗੱਲ ਨਹੀਂ ਹੈ, ਜਗਰਾਓਂ ਨੂੰ ਜ਼ਿਲ੍ਹਾ ਬਣਾ ਦਿਓ। ਸੀ.ਐਮ. ਸਾਹਿਬ, ਉਹ ਬਾਬਾ ਨਾਨਕ ਜੀ ਦੀ ਧਰਤੀ ਹੈ ਤੇ ਲਾਲਾ ਲਾਜਪਤ ਰਾਏ ਜੀ ਦੀ ਧਰਤੀ ਹੈ । ਇਸ ਕਰਕੇ ਤੁਸੀਂ ਕ੍ਰਿਪਾ ਕਰ ਦਿਓ। ਸੀ.ਐਮ. ਸਾਹਿਬ ਤੁਹਾਨੂੰ ਤਾਂ ਕੋਈ ਫਰਕ ਨਹੀਂ ਪੈਂਦਾ, ਇਸ ਨੂੰ ਜ਼ਿਲ੍ਹਾ ਬਣਾ ਦਿਓ। ਅੱਗੇ ਵੀ ਤਾਂ ਕਿੰਨੇ ਜ਼ਿਲ੍ਹੇ ਬਣਾਏ ਹਨ। (ਹਾਸਾ)

**ਮਾਨਯੋਗ ਸਪੀਕਰ:** ਸੀ.ਐਮ. ਸਾਹਿਬ ਦੱਸੋ ਜੀ। ਮਾਣੂਕੇ ਜੀ, ਤੁਸੀਂ, ਬੈਠੋ। ਸੀ.ਐਮ. ਸਾਹਿਬ ।

**ਮੁੱਖ ਮੰਤਰੀ :** ਜਿਹੜਾ ਕਮਿਸ਼ਨ ਹੁੰਦਾ ਹੈ, ਇਸ ਨੂੰ ਬੜੀ ਸੀਰੀਅਸਲੀ ਲੈਣਾ ਚਾਹੀਦਾ ਹੈ। ਆਖਰਕਾਰ ਮੇਰੇ ਹੱਥ ਵਿੱਚ ਇਹ ਤਾਂ ਨਹੀਂ ਕਿ ਮੈਂ ਇੱਥੇ ਕੋਈ ਡਿਸਟ੍ਰਿਕਟ ਬਣਾ ਦਿਆਂ ਜਾਂ ਉੱਥੇ ਜ਼ਿਲ੍ਹਾ ਬਣਾ ਦਿਆਂ ਜਾਂ ਤਹਿਸੀਲ ਬਣਾ ਦਿਆਂ। ਇਹ ਸਾਰੀਆਂ ਗੱਲਾਂ ਨੂੰ ਇੱਕ ਪਲਾਨਿੰਗ ਦੇ ਤੌਰ ਤੇ ਕਰਨਾ ਪੈਂਦਾ ਹੈ। ਨਹੀਂ ਤਾਂ ਰਾਜ ਵਿੱਚ ਕਨਫਿਊਜ਼ਨ ਪੈਦਾ ਹੋ ਜਾਵੇਗੀ। ਲੇਕਿਨ ਜੋ ਇਨ੍ਹਾਂ ਨੇ ਇਮੋਸ਼ਨਲ ਗੱਲ ਕੀਤੀ ਹੈ, we will keep it in mind. Let the Sarao Commission report come.

**Mr. Speaker** : Thank You.

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਨਾਜਰ ਸਿੰਘ ਮਾਨਸ਼ਾਹੀਆ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ :** ਹੁਣ ਕੀ ਰਹਿ ਗਿਆ ਹੈ ? ਸਪਲੀਮੈਂਟਰੀ ਹੋ ਗਈਆਂ ਹਨ, ਪੰਜ ਹੋ ਗਈਆਂ ਹਨ, ਹੁਣ ਹੋਰ ਨਹੀਂ ਹੋ ਸਕਦੀਆਂ। ਪਲੀਜ਼ ਅੱਗੇ ਚੱਲੋ। ਹਰਪਾਲ ਸਿੰਘ ਚੀਮਾ ਸਾਹਿਬ।

---

## ਪਿੰਡ ਕੌਹਰੀਆਂ, ਸਬ-ਡਵੀਜ਼ਨ, ਦਿੜ੍ਹਬਾ ਦੇ ਸਿਵਲ ਹਸਪਤਾਲ ਵਿੱਚ ਡਾਕਟਰਾਂ ਅਤੇ ਹੋਰ ਅਮਲੇ ਦੀਆਂ ਮਨਜ਼ੂਰਸ਼ੁਦਾ ਅਸਾਮੀਆਂ

***787. ਸਰਦਾਰ ਹਰਪਾਲ ਸਿੰਘ ਚੀਮਾ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਪਿੰਡ ਕੌਹਰੀਆਂ, ਸਬ-ਡਵੀਜ਼ਨ ਦਿੜ੍ਹਬਾ ਵਿੱਚ ਸਿਵਲ ਹਸਪਤਾਲ ਦਾ ਨਿਰਮਾਣ ਕਦੋਂ ਕੀਤਾ ਗਿਆ ਸੀ;

(ਅ) ਉਕਤ ਹਸਪਤਾਲ ਵਿੱਚ ਡਾਕਟਰਾਂ ਤੇ ਹੋਰ ਅਮਲੇ ਦੀਆਂ ਕਿੰਨੀਆਂ ਮਨਜ਼ੂਰਸ਼ੁਦਾ ਅਸਾਮੀਆਂ ਹਨ ਤੇ ਉਨ੍ਹਾਂ ਵਿੱਚੋਂ 31.3.2018 ਤੱਕ ਕਿੰਨੀਆਂ ਅਸਾਮੀਆਂ ਖਾਲੀ ਸਨ ਅਤੇ ਇਨ੍ਹਾਂ ਖਾਲੀ ਅਸਾਮੀਆਂ ਨੂੰ ਕਦੋਂ ਤੱਕ ਭਰੇ ਜਾਣ ਦੀ ਸੰਭਾਵਨਾ ਹੈ ;

(ੲ) ਉਕਤ ਹਸਪਤਾਲ ਵਿੱਚ ਡਾਕਟਰਾਂ ਤੇ ਹੋਰ ਅਮਲੇ ਦੇ ਰਹਿਣ ਲਈ ਕੋਈ ਰਿਹਾਇਸ਼ ਦਾ ਪ੍ਰਬੰਧ ਹੈ; ਜੇਕਰ ਹੈ ਤਾਂ ਉਸ ਵਿੱਚ ਕਿੰਨੇ ਡਾਕਟਰ/ਕਰਮਚਾਰੀ ਰਹਿ ਰਹੇ ਹਨ ?

**ਸ਼੍ਰੀ ਬ੍ਰਹਮ ਮਹਿੰਦਰਾ :** (ੳ) ਪਿੰਡ ਕੌਹਰੀਆਂ, ਸਬ ਡਵੀਜ਼ਨ ਦਿੜ੍ਹਬਾ ਵਿਖੇ ਕੋਈ ਸਿਵਲ ਹਸਪਤਾਲ ਨਹੀਂ ਹੈ, ਸਿਰਫ 30 ਬੈਡਿਡ ਕਮਿਊਨਿਟੀ ਹੈਲਥ ਸੈਂਟਰ ਹੈ, ਜੋ ਸਾਲ 1998 ਵਿੱਚ ਬਣਿਆ ਸੀ ।

(ਅ) ਪਿੰਡ ਕੌਹਰੀਆਂ, ਸਬ-ਡਵੀਜ਼ਨ ਦਿੜ੍ਹਬਾ ਦੇ ਸੀ.ਐਚ.ਸੀ. ਵਿਖੇ ਡਾਕਟਰਾਂ ਅਤੇ ਹੋਰ ਅਮਲੇ ਦੀਆਂ ਮਨਜ਼ੂਰਸ਼ੁਦਾ ਅਸਾਮੀਆਂ ਅਤੇ ਮਿਤੀ 31.1.2018 ਤੱਕ ਖਾਲੀ ਅਸਾਮੀਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ, ਖਾਲੀ ਅਸਾਮੀਆਂ ਭਰਨ ਲਈ ਸਰਕਾਰ ਯਤਨਸ਼ੀਲ ਹੈ :

| ਅਸਾਮੀ ਦਾ ਨਾਂ | ਕੁੱਲ ਮਨਜ਼ੂਰਸ਼ੁਦਾ | ਕੁੱਲ ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ |
|---|---|---|---|
| ਐਸ.ਐਮ.ਓ. | 1 | 1 | 0 |
| ਮੈਡੀਕਲ ਅਫਸਰ | 6 | 6 | 0 |
| ਮੈਡੀਕਲ ਅਫਸਰ ਡੈਂਟਲ | 1 | 1 | 0 |
| ਚੀਫ ਫਾਰਮਾਸਿਸਟ | 1 | 1 | 0 |
| ਸਟਾਫ ਨਰਸ | 6 | 2 | 4 |
| ਸੀਨੀਅਰ ਸਹਾਇਕ | 1 | 1 | 0 |
| ਅਪਥਾਲਮਿਕ ਅਫਸਰ | 1 | 1 | 0 |
| ਐਮ.ਐਲ.ਟੀ. ਗ੍ਰੇਡ-1 | 1 | 0 | 1 |
| ਫਾਰਮਾਸਿਸਟ | 2 | 2 | 0 |
| ਰੇਡੀਓਗ੍ਰਾਫਰ | 1 | 1 | 0 |
| ਐਮ.ਐਲ.ਟੀ.ਗ੍ਰੇਡ-2 | 2 | 0 | 2 |
| ਮ.ਪ.ਹ.ਸ.(ਮੇਲ) | 1 | 1 | 0 |
| ਮ.ਪ.ਹ.ਸ.(ਫੀਮੇਲ) | 1 | 0 | 1 |
| ਬੀ.ਈ.ਈ. | 1 | 1 | 0 |
| ਕਲਰਕ | 2 | 2 | 0 |
| ਸਟੈਨੋ ਟਾਈਪਿਸਟ | 1 | 1 | 0 |
| ਕੰਪਿਊਟਰ | 1 | 0 | 1 |
| ਮ.ਪ.ਹ.ਵ (ਮੇਲ) | 1 | 1 | 0 |
| ਮ.ਪ.ਹ.ਵ. (ਫੀਮੇਲ) | 1 | 1 | 0 |
| ਟਰੇਂਡ ਦਾਈ | 1 | 0 | 1 |
| ਦਰਜਾ ਚਾਰ | 18 | 13 | 5 |

(ੲ) ਪਿੰਡ ਕੌਹਰੀਆਂ ਪ੍ਰਾਇਮਰੀ ਹੈਲਥ ਸੈਂਟਰ ਜੋ ਬਾਅਦ ਵਿੱਚ ਸੀ.ਐਚ.ਸੀ. ਅਪਗਰੇਡ ਹੋਇਆ, ਵਿੱਚ ਡਾਕਟਰਾਂ ਦੀਆਂ 5 ਕੋਠੀਆਂ, ਹੋਰ ਅਮਲੇ ਦੇ ਲਈ 14 ਕੁਆਰਟਰ ਹਨ ਜਿਨ੍ਹਾਂ ਵਿੱਚੋਂ 5 ਕਰਮਚਾਰੀ ਰਹਿ ਰਹੇ ਹਨ ।

**ਸਰਦਾਰ ਹਰਪਾਲ ਸਿੰਘ ਚੀਮਾ :** ਸਰ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਪੰਜ ਕਰਮਚਾਰੀ ਉੱਥੇ ਰਹਿ ਰਹੇ ਹਨ, ਉਹ ਡਾਕਟਰ ਹਨ ਜਾਂ ਕਲਾਸ ਫੋਰ ਦੇ ਕਰਮਚਾਰੀ ਹਨ?

**ਮੰਤਰੀ :** ਉਹ ਕਲਾਸ ਫੋਰ ਔਰ ਥ੍ਰੀ ਦੇ ਸਟਾਫ ਮੈਂਬਰ ਹਨ ਤੇ ਉੱਥੇ ਕੋਈ ਡਾਕਟਰ ਨਹੀਂ ਰਹਿ ਰਿਹਾ।

**ਮਾਨਯੋਗ ਸਪੀਕਰ :** ਕਲਾਸ ਥ੍ਰੀ ਤੇ ਕਲਾਸ ਫੋਰ ਦੇ ਕਰਮਚਾਰੀ ਰਹਿ ਰਹੇ ਹਨ।

**ਮੰਤਰੀ :** ਇਨ੍ਹਾਂ ਦੇ ਸਵਾਲ ਤੋਂ ਬਾਅਦ ਮੈਂ ਸਾਰੀ ਸਿਚੂਏਸ਼ਨ ਦੇਖੀ ਹੈ ਤੇ ਇਸ ਨੂੰ ਮੈਂ ਐਗਜ਼ਾਮਿਨ ਕਰ ਰਿਹਾ ਹਾਂ ਕਿ ਡਾਕਟਰ ਉੱਥੇ ਕਿਉਂ ਨਹੀਂ ਰਹਿ ਰਹੇ ਹਨ ?

**ਸਰਦਾਰ ਹਰਪਾਲ ਸਿੰਘ ਚੀਮਾ :** ਸਰ, ਡਾਕਟਰਾਂ ਦੇ ਰਹਿਣ ਵਾਸਤੇ ਉੱਥੇ ਹਾਲਾਤ ਹੀ ਨਹੀਂ ਹਨ ਤੇ ਉਹ ਰਿਹਾਇਸ਼ ਬਹੁਤ ਖਰਾਬ ਹਾਲਤ ਵਿੱਚ ਹੈ । ਨਾਲ ਹੀ ਉਹ ਹਸਪਤਾਲ ਮੇਨ ਸੜਕ ਤੋਂ 10 ਫੁੱਟ ਡੂੰਘਾ ਬਣਿਆ ਹੋਇਆ ਹੈ।

**ਮਾਨਯੋਗ ਸਪੀਕਰ :** ਇਨ੍ਹਾਂ ਦਾ ਕਹਿਣਾ ਹੈ ਕਿ ਡਾਕਟਰਾਂ ਦੇ ਰਹਿਣ ਵਾਸਤੇ ਉੱਥੇ ਹਾਲਾਤ ਮਾਕੂਲ ਨਹੀਂ ਹਨ।

**ਮੰਤਰੀ :** ਸਰ, ਉਹ ਹਸਪਤਾਲ ਸਾਲ 1998 ਦਾ ਬਣਿਆ ਹੋਇਆ ਹੈ । ਮੈਂ ਪਤਾ ਕਰਵਾਇਆ ਹੈ ਤੇ ਮੈਨੂੰ ਪਤਾ ਲੱਗਾ ਹੈ ਕਿ ਉਸ ਦੀ ਕੰਡੀਸ਼ਨ ਬਹੁਤ ਖਰਾਬ ਹੈ, ਅਸੀਂ ਉਸ ਨੂੰ ਠੀਕ ਕਰਵਾਉਣ ਦੀ ਕੋਸ਼ਿਸ਼ ਕਰਾਂਗੇ।

**ਮਾਨਯੋਗ ਸਪੀਕਰ :** ਚੀਮਾ ਸਾਹਿਬ, ਤੁਹਾਡੀਆਂ ਤਿੰਨ ਸਪਲੀਮੈਂਟਰੀਜ਼ ਹੋ ਗਈਆਂ ਹਨ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਨਵਤੇਜ ਸਿੰਘ ਚੀਮਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ।)

**ਸਰਦਾਰ ਨਵਤੇਜ ਸਿੰਘ ਚੀਮਾ :** ਮੈਂ ਵੀ ਚੀਮਾ ਹਾਂ ਜੀ।

**ਮਾਨਯੋਗ ਸਪੀਕਰ :** ਇੱਕ ਹੋਰ ਚੀਮਾ ਸਾਹਿਬ ਸਾਡੇ ਖੜ੍ਹੇ ਹੋਏ ਹਨ।

**ਸਰਦਾਰ ਨਵਤੇਜ ਸਿੰਘ ਚੀਮਾ :** ਧੰਨਵਾਦ ਸਪੀਕਰ ਸਾਹਿਬ। ਮੈਂ ਤੁਹਾਡੇ ਜ਼ਰੀਏ ਮਾਨਯੋਗ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅਗਲੇ ਸਾਲ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਸੁਲਤਾਨਪੁਰ ਲੋਧੀ ਵਿਖੇ 550 ਸਾਲਾ ਮਨਾਇਆ ਜਾ ਰਿਹਾ ਹੈ ਤੇ ਸਾਰਾ ਸਾਲ ਲੱਖਾਂ ਲੋਕ ਉੱਥੇ ਆਉਂਦੇ ਰਹਿਣੇ ਹਨ। ਸਾਡੇ ਕੋਲ ਹਸਪਤਾਲ ਦੀ ਬਿਲਡਿੰਗ ਬਹੁਤ ਵੱਡੀ ਬਣੀ ਹੋਈ ਹੈ ਪਰ ਉੱਥੇ ਸਟਾਫ ਦੀ ਕਮੀ ਹੈ, ਲੇਟੈਸਟ ਮਸ਼ੀਨਰੀ ਦੀ ਵੀ ਕਮੀ ਹੈ ਔਰ ਸਾਰੀ ਬਿਲਡਿੰਗ ਬਿਲਕੁਲ ਖਾਲੀ ਪਈ ਹੈ।

**ਮਾਨਯੋਗ ਸਪੀਕਰ :** ਚੀਮਾ ਸਾਹਿਬ, ਇਹ ਵੱਖਰਾ ਸਵਾਲ ਬਣਦਾ ਹੈ।

**ਸਰਦਾਰ ਨਵਤੇਜ ਸਿੰਘ ਚੀਮਾ :** ਸਰ, ਇਸ ਨੂੰ ਵੀ ਵਿੱਚ ਹੀ ਲੈ ਲਓ।

**ਮਾਨਯੋਗ ਸਪੀਕਰ :** ਅਸੀਂ ਕਿਵੇਂ ਉਮੀਦ ਕਰ ਸਕਦੇ ਹਾਂ ਕਿ ਵਜ਼ੀਰ ਸਾਹਿਬ, ਸਾਰਾ ਕੁਝ ਜ਼ਬਾਨੀ ਯਾਦ ਰੱਖਣ।

**ਸਰਦਾਰ ਨਵਤੇਜ ਸਿੰਘ ਚੀਮਾ :** ਸਾਨੂੰ ਆਸ਼ਵਾਸਨ ਦੇ ਦੇਣ ਕਿ ਇਹ ਸਟਾਫ ਪੂਰਾ ਕਰ ਦੇਣਗੇ, ਡਾਕਟਰ ਵੀ ਤੇ ਕਲਾਸ ਫੋਰ ਦਾ ਸਟਾਫ ਵੀ ਪੂਰਾ ਕਰ ਦੇਣਗੇ।

**ਮਾਨਯੋਗ ਸਪੀਕਰ :** ਵੱਖਰਾ ਸਵਾਲ ਬਣਦਾ ਹੈ। ਅਗਲਾ ਸਵਾਲ ਜੀ, ਅੰਗਦ ਸਿੰਘ ਜੀ।

---

**(ਨਿਸ਼ਾਨ ਵਾਲਾ ਪ੍ਰਸ਼ਨ ਨੰ. :** 1148)

(ਸੰਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ ।)

---

## ਹਲਕਾ ਸ਼ੁਤਰਾਣਾ ਵਿੱਚ ਆਈ.ਟੀ.ਆਈਜ਼. ਦੀ ਗਿਣਤੀ

*1183. **ਸਰਦਾਰ ਨਿਰਮਲ ਸਿੰਘ :** ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਸ਼ੁਤਰਾਣਾ ਹਲਕੇ ਵਿੱਚ ਇਸ ਸਮੇਂ ਕਿੰਨੀਆਂ ਆਈ.ਟੀ.ਆਈਜ਼ ਹਨ ਅਤੇ ਉਨ੍ਹਾਂ ਵਿੱਚੋਂ ਕਿੰਨੀਆਂ ਦੀਆਂ ਬਿਲਡਿੰਗਾਂ ਖਸਤਾ ਹਾਲਤ ਵਿੱਚ ਹਨ ;

(ਅ) ਇਨ੍ਹਾਂ ਆਈ.ਟੀ.ਆਈਜ਼ ਵਿੱਚ ਕਿਹੜੀਆਂ ਕਿਹੜੀਆਂ ਟਰੇਡਜ਼ ਚੱਲ ਰਹੀਆਂ ਹਨ, ਟਰੇਡ-ਵਾਈਜ਼ ਕਿੰਨੀਆਂ ਸੀਟਾਂ ਹਨ ਅਤੇ ਕੀ ਇਨ੍ਹਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਪੂਰੀ ਹੈ ;

(ੲ) ਕੀ ਮੌਜੂਦਾ ਸਮੇਂ ਮੁਤਾਬਿਕ ਸਰਕਾਰ ਇਨ੍ਹਾਂ ਆਈ.ਟੀ.ਆਈਜ਼ ਵਿੱਚ ਕੰਪਿਊਟਰ ਜਾਂ ਆਈ.ਟੀ. ਆਦਿ ਸੰਬੰਧਿਤ ਟਰੇਡਜ਼ ਸ਼ੁਰੂ ਕਰਨ ਦਾ ਵਿਚਾਰ ਰੱਖਦੀ ਹੈ ;

(ਸ) ਕੀ ਸਰਕਾਰ ਇਸ ਤਰ੍ਹਾਂ ਦਾ ਕੋਈ ਰਿਕਾਰਡ ਸਥਾਪਿਤ ਕਰੇਗੀ ਜਿਸ ਤੋਂ ਪਤਾ ਲੱਗ ਸਕੇ ਕਿ ਇਨ੍ਹਾਂ ਆਈ.ਟੀ.ਆਈਜ਼ ਵਿੱਚ ਪੜ੍ਹਨ ਉਪਰੰਤ ਵਿਦਿਆਰਥੀ ਕਿੱਥੇ ਕਿੱਥੇ ਰੁਜ਼ਗਾਰ ਤੇ ਲੱਗੇ ਹਨ ?

**ਸਰਦਾਰ ਚਰਨਜੀਤ ਸਿੰਘ ਚੰਨੀ :** (ੳ) ਸ਼ੁਤਰਾਣਾ ਹਲਕੇ ਵਿੱਚ ਇਸ ਸਮੇਂ ਚਾਰ ਪ੍ਰਾਈਵੇਟ ਆਈ.ਟੀ.ਆਈਜ਼. ਚੱਲ ਰਹੀਆਂ ਹਨ ਜੀ :

i) ਗੁਰੂ ਤੇਗ ਬਹਾਦਰ ਪ੍ਰਾਈਵੇਟ ਆਈ.ਟੀ.ਆਈ., ਪਿੰਡ ਦੁਗਾਲ ਖੁਰਦ, ਪਾਤੜਾਂ।

ii) ਯੂਨੀਵਰਸਲ ਪ੍ਰਾਈਵੇਟ ਆਈ.ਟੀ.ਆਈ., ਪਟਿਆਲਾ ਰੋਡ, ਪਾਤੜਾਂ ।

iii) ਮਾਲਵਾ ਪ੍ਰਾਈਵੇਟ ਆਈ.ਟੀ.ਆਈ., ਪਿੰਡ ਬੁਰੜ, ਪਾਤੜਾਂ ।

iv) ਸ੍ਰੀ ਗੁਰੂ ਤੇਗ ਬਹਾਦਰ ਪ੍ਰਾਈਵੇਟ ਆਈ.ਟੀ.ਆਈ., ਮਾਵੀ ਕਲਾਂ, ਤਹਿਸੀਲ ਸਮਾਣਾ, ਜ਼ਿਲ੍ਹਾ ਪਟਿਆਲਾ ।

(ਅ) ਇਨ੍ਹਾਂ ਚਾਰੇ ਪ੍ਰਾਈਵੇਟ ਆਈ.ਟੀ.ਆਈਜ਼. ਵਿੱਚ ਚਲਦੀਆਂ ਟਰੇਡਾਂ, ਟਰੇਡ-ਵਾਈਜ਼ ਸੀਟਾਂ ਅਤੇ ਇਨ੍ਹਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਦਾ ਵੇਰਵਾ ਅਨੁਲੱਗ 'ੳ' ਅਨੁਸਾਰ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ ।

(ੲ) ਪ੍ਰਾਈਵੇਟ ਸੰਸਥਾਵਾਂ ਹੋਣ ਕਾਰਨ ਇਨ੍ਹਾਂ ਸੰਸਥਾਵਾਂ ਵਿੱਚ ਕੰਪਿਊਟਰ ਜਾਂ ਆਈ.ਟੀ. ਦੇ ਕੋਰਸ ਸ਼ੁਰੂ ਕਰਨਾ ਸਰਕਾਰ ਦੇ ਅਧਿਕਾਰ ਖੇਤਰ ਵਿੱਚ ਨਹੀਂ ਹੈ ਪਰ ਯੂਨੀਵਰਸਲ ਪ੍ਰਾਈਵੇਟ ਆਈ.ਟੀ.ਆਈ., ਪਟਿਆਲਾ ਰੋਡ, ਪਾਤੜਾਂ ਅਤੇ ਮਾਲਵਾ ਆਈ.ਟੀ.ਆਈ., ਬੁਰੜ ਵਿੱਚ ਪਹਿਲਾਂ ਹੀ ਕੰਪਿਊਟਰ ਅਪਰੇਟਰ ਐਂਡ ਪ੍ਰੋਗਰਾਮਿੰਗ ਅਸਿਸਟੈਂਟ ਦੇ ਟਰੇਡ ਚਲਾਏ ਜਾ ਰਹੇ ਹਨ ।

[ਤਕਨੀਕੀ ਸਿੱਖਿਆ ਮੰਤਰੀ]

ਅਨੁਲੱਗ 'ੳ'

| ਲੜੀ ਨੰ: | ਸੰਸਥਾ ਦਾ ਨਾਂ | ਟਰੇਡਾਂ | ਕੁੱਲ ਸੀਟਾਂ | ਵਿਦਿਆਰਥੀਆਂ ਦੀ ਗਿਣਤੀ (ਦਾਖਲਾ 2017) |
|---|---|---|---|---|
| 1 | ਗੁਰੂ ਤੇਗ ਬਹਾਦਰ ਪ੍ਰਾਈਵੇਟ ਆਈ.ਟੀ.ਆਈ. ਪਿੰਡ ਦੁਗਾਲ ਖੁਰਦ, ਪਾਤੜਾਂ, ਪਟਿਆਲਾ | ਇਲੈਕਟਰੀਸ਼ਨ | 84 | 71 |
| | | ਪਲੰਬਰ | 52 | 05 |
| | | ਵੈਲਡਰ | 42 | 20 |
| | ਕੁੱਲ | | 178 | 96 |
| 2 | ਯੂਨੀਵਰਸਲ ਪ੍ਰਾਈਵੇਟ ਆਈ.ਟੀ.ਆਈ, ਪਟਿਆਲਾ ਰੋਡ, ਪਾਤੜਾਂ | ਕੰਪਿਊਟਰ ਅਪਰੇਟਰ ਐਂਡ ਪ੍ਰੋਗਰਾਮਿੰਗ ਅਸਿਸਟੈਂਟ | 52 | 52 |
| | | ਡਰਾਫਟਸਮੈਨ (ਸਿਵਲ) | 52 | 46 |
| | | ਇਲੈਕਟਰੀਸ਼ਨ | 168 | 166 |
| | | ਫੈਸ਼ਨ ਡਿਜ਼ਾਈਨ ਟੈਕਨਾਲੋਜੀ | 42 | 42 |
| | | ਮਕੈਨੀਕ ਡੀਜ਼ਲ ਇੰਜਨ | 42 | 42 |
| | | ਪਲੰਬਰ | 52 | 50 |
| | | ਪੰਜਾਬੀ ਸਟੈਨੋਗ੍ਰਾਫੀ | 40 | 40 |
| | | ਵੈਲਡਰ | 42 | 42 |
| | ਕੁੱਲ | | 490 | 480 |
| 3 | ਮਾਲਵਾ ਆਈ.ਟੀ.ਸੀ ਬੁਰੜ (ਪੀ.ਪੀ.ਪੀ. ਮੋਡ) ਨਾਰਾਇਣ ਐਜੂਕੇਸ਼ਨ ਸੁਸਾਇਟੀ | ਆਰਟ ਅਤੇ ਕਰਾਫਟ ਟੀਚਰ ਟਰੇਨਿੰਗ ਕੋਰਸ | 160 | 18 |
| | | ਕਾਰਪੇਂਟਰ | 52 | 03 |
| | | ਕੰਪਿਊਟਰ ਅਪਰੇਟਰ ਐਂਡ ਪ੍ਰੋਗਰਾਮਿੰਗ ਅਸਿਸਟੈਂਟ | 52 | 52 |
| | | ਕਟਿੰਗ ਸੀਵਿੰਗ ਐਂਡ ਇੰਬਰਾਈਡਰੀ ਟੀਚਰ ਟਰੇਨਿੰਗ ਕੋਰਸ | 40 | 07 |
| | | ਇਲੈਕਟਰੀਸ਼ਨ | 126 | 121 |
| | | ਮਕੈਨਿਕ(ਰੈਫਰੀਜਰੇਸ਼ਨ ਐਂਡ ਏਅਰ ਕੰਡੀਸ਼ਨਰ) | 52 | 29 |
| | | ਫਿਜ਼ਿਓਥਰੈਪੀ ਟੈਕਨੀਸ਼ੀਅਨ | 42 | 30 |
| | | ਪਲੰਬਰ | 52 | 22 |
| | | ਸੀਵਿੰਗ ਟੈਕਨਾਲੋਜੀ | 42 | 07 |
| | | ਸਰਫੇਸ ਓਰਨਾਮੈਨਟੇਸ਼ਨ | 42 | 16 |
| | | ਵੈਲਡਰ | 84 | 37 |
| | ਕੁੱਲ | | 744 | 342 |
| 4 | ਸ੍ਰੀ ਗੁਰੂ ਤੇਗ ਬਹਾਦਰ ਪ੍ਰਾਈਵੇਟ ਆਈ.ਟੀ.ਆਈ, ਮਾਵੀ ਕਲਾਂ, ਤਹਿਸੀਲ ਸਮਾਣਾ | ਇਲੈਕਟਰੀਸ਼ਨ | 42 | 42 |
| | | ਪਲੰਬਰ | 52 | 33 |
| | | ਵੈਲਡਰ | 42 | 42 |
| | ਕੁੱਲ | | 136 | 117 |

(ਸ) ਇਸ ਪ੍ਰਕਾਰ ਦੀ ਸੂਚਨਾ ਇਕੱਤਰ ਕਰਨ ਦਾ ਸਰਕਾਰ ਕੋਲ ਹੁਣ ਤੱਕ ਕੋਈ ਸਿਸਟਮ ਮੌਜੂਦ ਨਹੀਂ ਹੈ।

**ਸਰਦਾਰ ਨਿਰਮਲ ਸਿੰਘ :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਇਹ ਗੱਲ ਠੀਕ ਹੈ ਕਿ ਉੱਥੇ ਚਾਰ ਆਈ.ਟੀ.ਆਈਜ਼. ਹਨ ਜੀ ਪਰ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਨ੍ਹਾਂ ਚਾਰ ਆਈ.ਟੀ.ਆਈਜ਼. ਦੇ ਵਿਦਿਆਰਥੀਆਂ ਦੀ ਪ੍ਰਾਪਰ ਪੜ੍ਹਾਈ ਹੋ ਰਹੀ ਹੈ ? ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਉਨ੍ਹਾਂ ਦੀ ਖੱਜਲ ਖੁਆਰੀ ਹੋ ਰਹੀ ਹੈ, ਨਾ ਉਨ੍ਹਾਂ ਦੀ ਕੋਈ ਚੱਜ ਦੀ ਪੜ੍ਹਾਈ ਹੋ ਰਹੀ ਹੈ, ਨਾ ਉਨ੍ਹਾਂ ਲਈ ਉੱਥੇ ਰਹਿਣ ਦਾ, ਬੈਠਣ ਦਾ ਕੋਈ ਪੂਰਾ ਪ੍ਰਬੰਧ ਹੈ। ਇਸ ਲਈ ਇਹ ਯਕੀਨੀ ਬਣਾਉਣ ਕਿ ਕੋਈ ਸਰਕਾਰੀ ਆਈ.ਟੀ.ਆਈ. ਬਣ ਜਾਵੇ ਜਿਸ ਵਿੱਚ ਬੱਚਿਆਂ ਨੂੰ ਲਾਭ ਹੋ ਸਕੇ, ਖਾਸ ਤੌਰ ਤੇ ਗਰੀਬ ਬੱਚਿਆਂ ਵਾਸਤੇ ਕੋਈ ਸਰਕਾਰੀ ਆਈ.ਟੀ.ਆਈ. ਹੋਵੇ ਤਾਂ ਹੀ ਉਸ ਦਾ ਫਾਇਦਾ ਹੈ। ਪ੍ਰਾਈਵੇਟ ਆਈ.ਟੀ.ਆਈਜ਼. ਰਾਹੀਂ ਬੱਚਿਆਂ ਨੂੰ ਕੋਈ ਫਾਇਦਾ ਨਹੀਂ ਹੈ।

**ਮਾਨਯੋਗ ਸਪੀਕਰ :** ਕੀ ਸਰਕਾਰੀ ਆਈ.ਟੀ.ਆਈ ਦੀ ਕੋਈ ਤਜਵੀਜ਼ ਹੈ ਜੀ?

**ਮੰਤਰੀ :** ਸਪੀਕਰ ਸਾਹਿਬ, ਜਿਹੜੀ ਇਨ੍ਹਾਂ ਨੇ ਪਹਿਲਾਂ ਗੱਲ ਕੀਤੀ ਹੈ, ਉਸ ਦਾ ਜਵਾਬ ਇਹ ਹੈ ਕਿ ਪਿਛਲੇ ਕਾਫੀ ਸਾਲਾਂ ਤੋਂ ਜਾਂ ਪਹਿਲਾਂ ਤੋਂ ਹੀ ਆਈ.ਟੀ.ਆਈਜ਼ ਵਿੱਚ ਨਕਲ ਮਰਵਾ ਕੇ ਪਾਸ ਕਰਵਾਉਣ ਦੀ ਆਦਤ ਬਣੀ ਹੋਈ ਸੀ। ਇਸ ਬਾਰੇ ਅਸੀਂ ਇਸ ਸਾਲ ਬਹੁਤ ਹੀ ਸਖਤ ਸਟੈਂਡ ਲਿਆ ਹੈ। ਕਈ ਕਰਮਚਾਰੀਆਂ ਨੂੰ ਫੜਿਆ ਵੀ ਗਿਆ ਹੈ, ਇੱਕ ਕਰਮਚਾਰੀ ਨੂੰ ਵਿਜੀਲੈਂਸ ਨੇ ਫੜਿਆ ਹੈ ਤੇ ਇਸ ਦੇ ਨਾਲ ਹੀ ਡੀ.ਸੀ., ਤਹਿਸੀਲਦਾਰ ਅਤੇ ਐੱਸ.ਡੀ.ਐੱਮ. ਦੀ ਵੀ ਸਹਾਇਤਾ ਲਈ ਗਈ ਹੈ ਤੇ ਅਸੀਂ ਪੂਰਾ ਕਾਨੂੰਨ ਬਣਾ ਕੇ ਆਈ.ਟੀ.ਆਈਜ਼. ਦੇ ਜਿਹੜੇ ਪੇਪਰ ਹਨ, ਉਹ ਵੀ ਸਰਕਾਰੀ ਤੌਰ ਤੇ ਲੈਣੇ ਸ਼ੁਰੂ ਕਰ ਦਿੱਤੇ ਹਨ। ਅਸੀਂ ਕਿਸੇ ਤਰ੍ਹਾਂ ਦੀ ਵੀ ਰਿਆਇਤ ਨਹੀਂ ਦੇ ਰਹੇ ਅਤੇ ਪੜ੍ਹਾਈ ਦਾ ਮਿਆਰ ਵੀ ਉੱਚਾ ਚੁੱਕਿਆ ਜਾ ਰਿਹਾ ਹੈ। ਦੂਸਰਾ ਸਰ, ਜਿਹੜਾ ਇਨ੍ਹਾਂ ਨੇ ਕਿਹਾ ਕਿ ਉੱਥੇ ਸਰਕਾਰੀ ਆਈ.ਟੀ.ਆਈ. ਹੋਵੇ। ਸਰ, ਇਹ ਆਲੇ ਦੁਆਲੇ ਦੇ ਕੁਝ ਤਕੜੇ ਬੰਦਿਆਂ ਦੇ ਹਲਕੇ ਚਾਰੇ ਪਾਸੇ ਹਨ। ਪਿਛਲੀ ਸਰਕਾਰ ਵਿੱਚ ਵੀ ਨਾਲ ਦੇ ਹਲਕੇ ਵਿੱਚ ਮੰਤਰੀ ਸੀ ਲੇਕਿਨ ਇਹ ਵਿਚਾਰਾ ਸਾਡਾ ਰਿਜ਼ਰਵ ਹਲਕਾ ਹੈ। ਇਸ ਤਰ੍ਹਾਂ ਆਮ ਪੰਜਾਬ ਵਿੱਚ ਹੋਇਆ ਹੈ, ਜਿੱਥੇ ਨਾਲ ਦੇ ਹਲਕੇ ਵਾਲੇ ਤਕੜੇ ਬੰਦੇ ਆਪਣੇ ਵੱਲ ਨੂੰ ਖਿੱਚ ਕੇ ਲੈ ਜਾਂਦੇ ਹਨ। ਪਾਤੜਾਂ ਵਿੱਚ ਕੋਈ ਸਰਕਾਰੀ ਆਈ.ਟੀ.ਆਈ. ਨਹੀਂ ਹੈ। ਸਮਾਣਾ ਵਿੱਚ 30 ਪਿੰਡ ਇਨ੍ਹਾਂ ਦੇ ਬਲਾਕ ਦੇ ਪੈਂਦੇ ਹਨ। ਉੱਥੇ ਵੀ ਸਰਕਾਰੀ ਆਈ.ਟੀ.ਆਈ. ਨਹੀਂ ਹੈ। ਪਿਛਲੀ ਸਰਕਾਰ ਵੇਲੇ ਇਨ੍ਹਾਂ ਬਲਾਕਾਂ ਵਿੱਚ ਆਈ.ਟੀ.ਆਈ. ਨਹੀਂ ਬਣੀ। ਉਸ ਵੇਲੇ ਕੁਝ ਨਾਮ ਕੇਂਦਰ ਸਰਕਾਰ ਨੂੰ ਭੇਜੇ ਸੀ ਜਿੱਥੇ ਆਈ.ਟੀ.ਆਈਜ਼ ਬਣਨੀਆਂ ਹਨ ਪਰ ਉਸ ਦੇ ਵਿੱਚ ਵੀ ਇਨ੍ਹਾਂ ਦਾ ਨਾਮ ਨਹੀਂ ਭੇਜਿਆ ਹੋਇਆ। ਮੈਂ ਮਾਨਯੋਗ ਮੁੱਖ ਮੰਤਰੀ ਸਾਹਿਬ ਕੋਲ ਜਾ ਕੇ ਇਨ੍ਹਾਂ ਤੋਂ ਵੀ ਰਿਕੁਮੈਂਡੇਸ਼ਨ ਕਰਵਾਵਾਂਗਾ। ਕੇਂਦਰ ਸਰਕਾਰ ਤੋਂ ਅਸੀਂ ਅਪਰੂਵਲ ਲੈ ਕੇ, ਇੱਥੇ ਜ਼ਰੂਰ ਆਈ.ਟੀ.ਆਈ. ਖੋਲ੍ਹਾਂਗੇ। ਮਾਨਯੋਗ ਮੁੱਖ ਮੰਤਰੀ ਜੀ ਦਾ ਜ਼ਿਲ੍ਹਾ ਹੈ, ਇੱਥੇ ਕਿਸੇ ਤਰ੍ਹਾਂ ਦੀ ਅਸੀਂ ਘਾਟ ਨਹੀਂ ਰਹਿਣ ਦੇਣੀ, ਖਾਸ ਤੌਰ ਤੇ ਜਿੱਥੇ ਮੇਰਾ ਟੈਕਨੀਕਲ ਐਜੂਕੇਸ਼ਨ ਦਾ ਸਬੰਧ ਹੈ। ਪਟਿਆਲਾ ਵਿੱਚ ਤਾਂ ਸਵਾਲ ਹੀ ਨਹੀਂ ਪੈਦਾ ਹੁੰਦਾ।

---

## ਬੀ.ਏ. ਵਿੱਚ ਵੋਕੇਸ਼ਨਲ ਵਿਸ਼ੇ ਨੂੰ ਸ਼ਾਮਲ ਕਰਨਾ

*870. **ਠੇਕੇਦਾਰ ਮਦਨ ਲਾਲ ਜਲਾਲਪੁਰ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਬੀ.ਏ. ਵਿੱਚ ਤਿੰਨ ਆਪਸ਼ਨਲ ਵਿਸ਼ਿਆਂ ਦੀ ਜਗ੍ਹਾ ਦੋ ਆਪਸ਼ਨ ਵਿਸ਼ੇ ਕਰਨ ਅਤੇ ਤੀਜੇ ਆਪਸ਼ਨਲ ਵਿਸ਼ੇ ਦੀ ਜਗ੍ਹਾ ਵੋਕੇਸ਼ਨਲ ਵਿਸ਼ੇ ਨੂੰ ਸ਼ਾਮਲ ਕਰਨ ਲਈ ਵਿਚਾਰ ਕਰੇਗੀ ?

**ਸ਼੍ਰੀਮਤੀ ਅਰੁਨਾ ਚੌਧਰੀ :** ਹਾਂ ਜੀ ।

**ਠੇਕੇਦਾਰ ਮਦਨ ਲਾਲ ਜਲਾਲਪੁਰ :** ਸਪੀਕਰ ਸਾਹਿਬ, ਇਹ ਇੱਕ ਬਹੁਤ ਹੀ ਇੰਪਾਰਟੈਂਟ ਇਸ਼ੂ ਹੈ। ਸਪੀਕਰ ਸਾਹਿਬ, ਜਿਹੜੇ ਵਿਦਿਆਰਥੀ ਬੀ.ਕਾਮ ਜਾਂ ਬੀ.ਐੱਸ.ਸੀ. ਵਿੱਚ ਗਰੈਜੂਏਸ਼ਨ ਕਰਦੇ ਹਨ, ਉਨ੍ਹਾਂ ਦੇ ਹੱਥ ਵਿੱਚ ਡਿਗਰੀ ਖਤਮ ਕਰਨ ਤੋਂ ਬਾਅਦ ਹੁਨਰ ਹੁੰਦਾ ਹੈ ਤੇ ਉਹ ਆਪਣੇ ਪੈਰਾਂ ਤੇ ਆਪ ਖੜ੍ਹੇ ਹੋ ਸਕਦੇ ਹਨ ਪਰ ਜਿਹੜੇ ਵਿਦਿਆਰਥੀ ਬੀ.ਏ. ਕਰਦੇ ਹਨ, ਉਨ੍ਹਾਂ ਦੇ ਹੱਥ ਵਿੱਚ ਗਰੈਜੂਏਸ਼ਨ ਕਰਨ ਤੋਂ ਬਾਅਦ ਕੁਝ ਵੀ ਨਹੀਂ ਹੁੰਦਾ। ਇਸ ਲਈ ਕੀ ਸਰਕਾਰ ਇਸ ਗੱਲ ਤੇ ਗੌਰ ਕਰੇਗੀ ਕਿ ਜਿਹੜੇ ਬੀ.ਏ. ਵਿੱਚ ਤਿੰਨ ਆਪਸ਼ਨਲ ਸਬਜੈਕਟ ਹੁੰਦੇ ਹਨ, ਉਨ੍ਹਾਂ ਨੂੰ ਘਟਾ ਕੇ ਦੋ ਕਰ ਦਿੱਤਾ ਜਾਵੇ ਤੇ ਤੀਜੇ ਆਪਸ਼ਨਲ ਦੀ ਜਗ੍ਹਾ ਵੋਕੇਸ਼ਨਲ ਵਿਸ਼ੇ ਨੂੰ ਸ਼ਾਮਿਲ ਕਰ ਲਿਆ ਜਾਵੇ ਤਾਂ ਕਿ ਜਿਹੜੇ ਵਿਦਿਆਰਥੀ ਬੀ.ਏ. ਦੀ ਡਿਗਰੀ ਕਰਨ, ਉਹ ਵੀ ਆਪਣੇ ਪੈਰਾਂ ਤੇ ਆਪ ਖੜ੍ਹੇ ਹੋ ਸਕਣ। ਇਸ ਨਾਲ ਸਾਡੇ ਮੁੱਖ ਮੰਤਰੀ ਜੀ ਦਾ ਘਰ ਘਰ ਰੁਜ਼ਗਾਰ ਦੇਣ ਦਾ ਜੋ ਸੁਪਨਾ ਹੈ, ਉਹ ਵੀ ਪੂਰਾ ਹੋਵੇਗਾ। ਮੰਤਰੀ ਜੀ ਨੇ ਆਸ਼ਵਾਸਨ ਦਿੱਤਾ ਹੈ ਕਿ ਹਾਂ ਜੀ ਪਰ ਕੀ ਮੰਤਰੀ ਜੀ ਵਿਸ਼ਵਾਸ ਦਿਵਾਉਣਗੇ ਕਿ ਜਿਹੜਾ ਹੁਣ ਸੈਸ਼ਨ ਸ਼ੁਰੂ ਹੋਣ ਵਾਲਾ ਹੈ, ਇਸ ਵਿੱਚ ਇਸ ਸਕੀਮ ਨੂੰ ਲਾਗੂ ਕੀਤਾ ਜਾਵੇਗਾ ?

**ਰਾਜ ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਇਹ ਕਹਿਣਾ ਚਾਹੁੰਦੀ ਹਾਂ ਕਿ ਇਹ ਵਾਕਿਆ ਹੀ ਬਹੁਤ ਇੰਪਾਰਟੈਂਟ ਇਸ਼ੂ ਹੈ ਪਰ ਦੇਖਣਾ ਇਹ ਹੈ ਕਿ ਇਸ ਮਾਮਲੇ ਵਿੱਚ ਦੇਸ਼-ਵਿਦੇਸ਼ ਦੀਆਂ ਬਾਕੀ ਯੂਨੀਵਰਸਿਟੀਆਂ ਦਾ ਇਸ ਨੂੰ ਮਾਨਤਾ ਦੇਣ ਪ੍ਰਤੀ ਦ੍ਰਿਸ਼ਟੀਕੋਣ ਕੀ ਹੋਵੇਗਾ? ਯੂ.ਜੀ.ਸੀ. ਦੇ ਇਸ ਬਾਰੇ ਨਿਯਮ ਅਤੇ ਮਾਪਦੰਡ ਕੀ ਹਨ ? ਉਨ੍ਹਾਂ ਸਾਰਿਆਂ ਨੁਕਤਿਆਂ ਸਬੰਧੀ ਫੈਸਲਾ ਲੈਣ ਤੋਂ ਪਹਿਲਾਂ ਰਾਜ ਦੀਆਂ ਤਿੰਨੋਂ ਸਰਕਾਰੀ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰਜ਼ ਦੀ ਇੱਕ ਕਮੇਟੀ ਦਾ ਗਠਨ ਕੀਤਾ ਗਿਆ ਹੈ, ਜੋ ਆਪਣੀ ਰਿਪੋਰਟ ਦੋ ਮਹੀਨਿਆਂ ਵਿੱਚ ਸਰਕਾਰ ਨੂੰ ਪੇਸ਼ ਕਰਨਗੇ। ਉਸ ਤੋਂ ਬਾਅਦ ਐਕਸਪਰਟ ਓਪੀਨੀਅਨ ਆਉਣ ਤੇ ਹੀ ਇਸ ਸਬੰਧੀ ਫੈਸਲਾ ਕੀਤਾ ਜਾਵੇਗਾ। ਕਿਉਂਕਿ ਇਹ ਅਕੈਡਮਿਕ ਸੈਸ਼ਨ ਸ਼ੁਰੂ ਹੋਣ ਵਾਲਾ ਹੈ, ਇਸ ਕਰਕੇ ਇਸ ਵੇਲੇ ਨਹੀਂ ਹੋ ਸਕਦਾ। ਅਗਲੇ ਅਕੈਡਮਿਕ ਸੈਸ਼ਨ ਤੱਕ ਇਸ ਤੇ ਅਗਲੀ ਕਾਰਵਾਈ ਹੋ ਜਾਵੇਗੀ।

**ਸਰਦਾਰ ਬਲਬੀਰ ਸਿੰਘ ਸਿੱਧੂ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਰਾਇ ਵੀ ਦੇਣੀ ਚਾਹੁੰਦਾ ਹਾਂ ਅਤੇ ਪੁੱਛਣਾ ਵੀ ਚਾਹੁੰਦਾ ਹਾਂ ਕਿ ਪਹਿਲਾਂ ਖੇਤੀਬਾੜੀ ਦਾ ਸਬਜੈਕਟ ਹੁੰਦਾ ਸੀ, ਸ਼ੁਰੂ ਤੋਂ ਛੇਵੀਂ ਤੋਂ ਸਟਾਰਟ ਹੋ ਜਾਂਦਾ ਸੀ ਪਰ ਅੱਜ ਕੱਲ੍ਹ ਇਹ ਬੰਦ ਹੋ ਗਿਆ। ਅੱਜ ਕੱਲ੍ਹ ਖੇਤੀ ਬਹੁਤ ਮਾਡਰਨ ਹੋ ਗਈ ਹੈ। ਸੋ, ਇਹੋ ਜਿਹੇ ਚਾਰ ਪੰਜ ਸਬਜੈਕਟ ਜਿਵੇਂ ਡੇਅਰੀ ਫਾਰਮਿੰਗ, ਪਿਗਰੀ ਫਾਰਮ ਹੈ, ਇਹ ਸਾਰੇ ਚੈਪਟਰ ਉਸ ਵਿੱਚ ਹੋਣ। ਸੋ, ਇਹ ਸਟਾਰਟ ਕੀਤਾ ਜਾਵੇ ਤਾਂ ਕਿ ਵਿਦਿਆਰਥੀ ਨੂੰ ਪੜ੍ਹਾਈ ਦੇ ਨਾਲ ਨਾਲ ਖੇਤੀਬਾੜੀ ਅਤੇ ਸਹਾਇਕ ਧੰਦਿਆਂ ਦੀ ਜਾਣਕਾਰੀ ਮਿਲ ਸਕੇ। ਧੰਨਵਾਦ।

**ਰਾਜ ਮੰਤਰੀ :** ਇਨ੍ਹਾਂ ਦਾ ਸੁਝਾਅ ਬਹੁਤ ਚੰਗਾ ਹੈ। ਸੋ, ਇਸ ਬਾਰੇ ਵਿਚਾਰ ਕਰ ਲਿਆ ਜਾਵੇਗਾ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਮੈਂ ਤੁਹਾਡੇ ਜ਼ਰੀਏ ਐਜੂਕੇਸ਼ਨ ਮੰਤਰੀ ਜੀ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਰਾਈਟ ਟੂ ਐਜੂਕੇਸ਼ਨ ਐਕਟ, 2009 ਹੈ, ਉਸ ਵਿੱਚ ਗੌਰਮਿੰਟ ਆਫ ਇੰਡੀਆ ਨੇ ਇੱਕ ਪਰਪੋਜ਼ਲ ਦਿੱਤੀ ਹੈ ਕਿ ਪ੍ਰਾਈਵੇਟ ਸਕੂਲਾਂ ਵਿੱਚ ਇਕਨਾਮੀਕਲੀ ਵੀਕਰ ਸੈਕਸ਼ਨ ਨੂੰ ਕੁਆਲਿਟੀ ਐਜੂਕੇਸ਼ਨ ਦੇਣ ਲਈ ਕਿਸੇ ਵੀ ਸਕੂਲ ਵਿੱਚ ਚੌਥਾ ਹਿੱਸਾ ਰੱਖਣਾ ਬਣਦਾ ਸੀ। ਪਿਛਲੀ ਪੰਜਾਬ ਗੌਰਮਿੰਟ ਨੇ ਅੱਠ ਸਾਲਾਂ ਤੋਂ ਇਹ ਸ਼ਰਤ ਰੱਖੀ ਹੈ ਕਿ ਪਹਿਲਾਂ ਇਹ ਵਿਦਿਆਰਥੀ ਸਰਕਾਰੀ ਸਕੂਲ ਵਿੱਚ ਜਾਵੇ ਤੇ ਸਰਕਾਰੀ ਸਕੂਲ ਉਸ ਨੂੰ ਐਨ.ਓ.ਸੀ. ਦੇਵੇ। ਸਿਰਫ ਇਹੀ ਸ਼ਰਤ ਹੈ। ਪੈਸੇ

ਸਾਰੇ ਗੌਰਮਿੰਟ ਆਫ ਇੰਡੀਆ ਨੇ ਦੇਣੇ ਹਨ। ਗਰੀਬਾਂ ਦੇ, ਦਲਿਤਾਂ ਦੇ, ਕਮਜ਼ੋਰ ਸ਼੍ਰੇਣੀਆਂ ਦੇ ਬੱਚੇ ਉਹ ਵਾਂਝੇ ਹੋ ਗਏ ਹਨ, ਪਿਛਲੇ ਅੱਠ ਸਾਲਾਂ ਤੋਂ despite the Act being there ਜੇ ਤੁਸੀਂ ਕ੍ਰਿਪਾ ਕਰਕੇ ਐਨ.ਓ.ਸੀ. ਦੀ ਸ਼ਰਤ ਹਟਾ ਦਿਓ ਤਾਂ the best of schools will have to admit one fourth, 25 percent children belonging to economically weaker sections. ਬਹੁਤ ਵੱਡਾ ਫਾਇਦਾ ਗਰੀਬਾਂ ਨੂੰ ਹੋ ਜਾਵੇਗਾ।

**ਰਾਜ ਮੰਤਰੀ :** ਇਸ ਬਾਰੇ ਅਸੀਂ ਵਿਚਾਰ ਕਰ ਲਵਾਂਗੇ। ਉਸ ਤੋਂ ਬਾਅਦ ਕੋਈ ਫੈਸਲਾ ਲਿਆ ਜਾਵੇਗਾ।

---

## ਸਿਵਲ ਹਸਪਤਾਲ, ਬਲਾਚੌਰ ਨੂੰ ਹੌਟ-ਲਾਈਨ ਨਾਲ ਜੋੜਨਾ

*1000. **ਸ਼੍ਰੀ ਦਰਸ਼ਨ ਲਾਲ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਖੇਤਰ ਦੇ ਲੋਕਾਂ ਦੀ ਜਾਇਜ਼ ਮੰਗ ਤੇ ਬਲਾਚੌਰ ਸਿਵਲ ਹਸਪਤਾਲ ਨੂੰ ਹੌਟ-ਲਾਈਨ ਨਾਲ ਜੋੜਨ ਲਈ ਨਿਸ਼ਚਿਤ ਰੂਪ ਵਿੱਚ ਵਿਚਾਰ ਕਰੇਗੀ; ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਕਦੋਂ ਤੱਕ ਸਵੀਕਾਰ ਕਰ ਲਏ ਜਾਣ ਦੀ ਸੰਭਾਵਨਾ ਹੈ ?

**ਸ਼੍ਰੀ ਬ੍ਰਹਮ ਮਹਿੰਦਰਾ :** ਸ਼੍ਰੀਮਾਨ ਜੀ, ਸਰਕਾਰ ਵੱਲੋਂ ਚੁਣੇ ਗਏ 100 ਹਸਪਤਾਲ ਜਿਨ੍ਹਾਂ ਵਿੱਚ ਸਿਵਲ ਹਸਪਤਾਲ, ਬਲਾਚੌਰ ਸ਼ਾਮਲ ਹੈ, ਨੂੰ ਹੌਟ-ਲਾਈਨ ਨਾਲ ਜੋੜਨ ਲਈ ਯਤਨਸ਼ੀਲ ਹੈ । ਇਸ ਵਿੱਤੀ ਸਾਲ ਵਿੱਚ ਸਰਕਾਰ ਵੱਲੋਂ ਇਸ ਕੰਮ ਲਈ ਬਜਟ ਮੁਹੱਈਆ ਨਹੀਂ ਕਰਵਾਇਆ ਗਿਆ ਜਿਸ ਕਰਕੇ ਇਸ ਹਸਪਤਾਲ ਦੀ ਹੌਟ-ਲਾਈਨ ਦਾ ਕੰਮ ਨਹੀਂ ਕੀਤਾ ਜਾ ਸਕਿਆ । ਵਿੱਤੀ ਸਾਲ 2018-19 ਵਿੱਚ ਇਸ ਕੰਮ ਲਈ ਸਰਕਾਰ ਕੋਲ ਮੁੜ ਬਜਟ ਰੱਖਣ ਲਈ ਪ੍ਰਸਤਾਵ ਰੱਖਿਆ ਜਾਵੇਗਾ।

**ਸ਼੍ਰੀ ਦਰਸ਼ਨ ਲਾਲ :** ਮਾਨਯੋਗ ਸਪੀਕਰ ਸਾਹਿਬ, ਮੈਂ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਨੇ ਦਸ ਸਾਲ ਬਲਾਚੌਰ ਨੂੰ ਅਣਗੌਲਿਆ ਕੀਤਾ ਹੈ। ਪੰਜਾਹ ਹਜ਼ਾਰ ਜਿਹੜਾ ਜਮ੍ਹਾਂ ਹੋਣਾ ਸੀ, ਉਨ੍ਹਾਂ ਬਿਲਕੁਲ ਨਹੀਂ ਕਰਵਾਇਆ ਤੇ ਇਹ ਲੋਕਾਂ ਦੀ ਜ਼ਿੰਦਗੀ ਦਾ ਸਵਾਲ ਹੈ, ਸੋ ਇਸ ਤੇ ਜ਼ਰੂਰ ਵਿਚਾਰ ਕੀਤਾ ਜਾਵੇ।

**ਮੰਤਰੀ :** ਸਪੀਕਰ ਸਾਹਿਬ, ਮੈਂ ਇਸ ਦੀ ਥੋੜ੍ਹੀ ਬੈਕਗਰਾਊਂਡ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਰਾਜ ਦੇ ਲੋਕਾਂ ਨੂੰ ਵਧੀਆ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਦੇ ਮਕਸਦ ਨੂੰ ਮੁੱਖ ਰੱਖਦੇ ਹੋਏ ਸਭ ਤੋਂ ਪਹਿਲਾਂ 100 ਹਸਪਤਾਲਾਂ ਨੂੰ ਇੰਡੀਆ ਪਬਲਿਕ ਹੈਲਥ ਸਟੈਂਡਰਡ ਦੇ ਅਨੁਸਾਰ ਤਿਆਰ ਕਰਨ ਦਾ ਟੀਚਾ ਸਰਕਾਰ ਵੱਲੋਂ ਮਿੱਥਿਆ ਗਿਆ ਹੈ। ਇਨ੍ਹਾਂ 100 ਹਸਪਤਾਲਾਂ ਵਿੱਚ 24 ਘੰਟੇ ਬਿਜਲੀ ਦੀ ਸਪਲਾਈ ਨੂੰ ਚਾਲੂ ਰੱਖਣ ਲਈ ਹੌਟ-ਲਾਈਨ ਦੀ ਸੁਵਿਧਾ ਮੁਹੱਈਆ ਕਰਵਾਈ ਜਾਵੇਗੀ ਔਰ ਪੰਜਾਬ ਰਾਜ ਦੇ 22 ਜ਼ਿਲ੍ਹਿਆਂ ਦੇ ਹਸਪਤਾਲ, 28 ਸਬ ਡਵੀਜ਼ਨਾਂ ਦੇ ਹਸਪਤਾਲਾਂ ਅਤੇ ਦੋ ਕਮਿਊਨਿਟੀ ਹੈਲਥ ਸੈਂਟਰ ਵਿੱਚ ਹੌਟ ਲਾਈਨ ਦੀ ਸੁਵਿਧਾ ਆਲਰੈਡੀ ਕਰਵਾ ਦਿੱਤੀ ਗਈ ਹੈ। ਇਨ੍ਹਾਂ 100 ਹਸਪਤਾਲਾਂ ਵਿੱਚੋਂ ਬਲਾਚੌਰ ਇੱਕ ਹੈ। ਅਸੀਂ ਐਸਟੀਮੇਟ ਬਣਾ ਲਿਆ ਹੈ ਔਰ 13,65,000/-ਰੁਪਏ ਦਾ ਐਸਟੀਮੇਟ ਪੀ.ਐਸ.ਪੀ.ਸੀ.ਐਲ. ਤੋਂ ਆ ਗਿਆ ਹੈ। ਮੈਂ ਮੈਂਬਰ ਸਾਹਿਬ ਨੂੰ ਐਸ਼ਿਓਰ ਕਰਦਾ ਹਾਂ ਕਿ ਬਹੁਤ ਜਲਦੀ ਇਸ ਤੇ ਅਸੀਂ ਹੌਟਲਾਈਨ ਸ਼ੁਰੂ ਕਰ ਦਿਆਂਗੇ।

**ਮਾਨਯੋਗ ਸਪੀਕਰ :** ਐਸ਼ਿਓਰੈਂਸ ਆ ਗਈ ਹੈ।

**ਪ੍ਰੋਫੈਸਰ ਬਲਜਿੰਦਰ ਕੌਰ :** ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਮੈਨੂੰ ਜਵਾਬ ਦਿੱਤਾ ਹੈ ਕਿ 100 ਹਸਪਤਾਲ ਹਨ ਜਿਹਨਾਂ ਨੂੰ ਹੌਟ-ਲਾਈਨ ਨਾਲ ਜੋੜਿਆ ਜਾਵੇਗਾ। ਇਸ ਲਈ ਮੈਂ ਪੁੱਛਣਾ ਚਾਹੁੰਦੀ ਹਾਂ ਕਿ 100 ਹਸਪਤਾਲ ਜਿਹੜੇ ਹੌਟ-ਲਾਈਨ ਨਾਲ Include ਕੀਤੇ ਜਾਣਗੇ, ਉਨ੍ਹਾਂ ਦਾ ਕੀ ਕਰਾਈਟੇਰੀਆ ਰੱਖਿਆ ਹੈ ਅਤੇ ਕੀ ਬਠਿੰਡਾ ਜ਼ਿਲ੍ਹੇ ਦਾ ਵੀ ਕੋਈ ਹਸਪਤਾਲ ਹੈ ਜਿਸ ਨੂੰ ਹੌਟ-ਲਾਈਨ ਨਾਲ ਜੋੜਿਆ ਜਾਵੇਗਾ ?

**ਮੰਤਰੀ :** ਸਪੀਕਰ ਸਾਹਿਬ, 100 ਹਸਪਤਾਲਾਂ ਦੀ ਲਿਸਟ ਇਸ ਤਰ੍ਹਾਂ ਬਣਾਈ ਹੈ ਕਿ ਜਿੱਥੇ ਸਰਜਰੀ ਹੋ ਸਕੇ, ਜਿੱਥੇ ਆਪਰੇਸ਼ਨ ਵੀ ਹੋ ਸਕੇ ਅਤੇ ਜਿੱਥੇ ਸਾਡੇ ਗਾਇਨੇਕੋਲੋਜਿਸਟ ਵੀ ਹਨ। ਬਠਿੰਡੇ ਦੀ ਲਿਸਟ ਇਸ ਵੇਲੇ ਮੇਰੇ ਕੋਲ ਨਹੀਂ ਹੈ। ਜੇ separate Question ਪਾ ਦੇਣ ਤਾਂ ਮੈਂ ਇਨ੍ਹਾਂ ਨੂੰ ਜਵਾਬ ਦੇ ਦੇਵਾਂਗਾ।

**Mr. Speaker :** Thank You.

---

## ਪਟਿਆਲਾ ਬੀ.ਐਮ.ਐਲ. ਪੁਲ ਤੋਂ ਪਟਿਆਲਾ ਬਾਈਪਾਸ ਸੜਕ ਨੂੰ ਚਹੁੰ ਮਾਰਗੀ ਬਣਾਉਣਾ

*889. **ਸਰਦਾਰ ਰਾਜਿੰਦਰ ਸਿੰਘ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਟਿਆਲਾ ਬੀ.ਐਮ.ਐਲ. ਪੁਲ ਤੋਂ ਪਟਿਆਲਾ ਬਾਈਪਾਸ (1.5 ਕਿਲੋਮੀਟਰ) ਸੜਕ ਨੂੰ ਚਹੁੰ ਮਾਰਗੀ ਬਣਾਉਣ ਦੀ ਸਰਕਾਰ ਦੀ ਕੋਈ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ ਅਤੇ ਇਸ ਵਿੱਚ ਕਿੰਨਾ ਸਮਾਂ ਲੱਗਣ ਦੀ ਸੰਭਾਵਨਾ ਹੈ ?

**ਸ਼੍ਰੀਮਤੀ ਰਜ਼ੀਆ ਸੁਲਤਾਨਾ :** ਸ਼੍ਰੀਮਾਨ ਜੀ, ਹਾਂ ਜੀ । ਪਟਿਆਲਾ ਬੀ.ਐਮ.ਐਲ. ਪੁਲ ਤੋਂ ਪਟਿਆਲਾ ਬਾਈਪਾਸ ਸੜਕ (1.42 ਕਿਲੋਮੀਟਰ) ਨੂੰ ਚਹੁੰ-ਮਾਰਗੀ ਬਣਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ਜਿਸ ਦਾ 14.75 ਕਰੋੜ ਰੁਪਏ ਦਾ ਐਸਟੀਮੇਟ ਤਿਆਰ ਕਰਕੇ ਭਾਰਤ ਸਰਕਾਰ ਦੇ ਸੜਕੀ ਆਵਾਜਾਈ ਅਤੇ ਪਰਿਵਾਹਨ ਮੰਤਰਾਲੇ ਨੂੰ ਪ੍ਰਵਾਨਗੀ ਲਈ ਭੇਜਿਆ ਜਾ ਚੁੱਕਾ ਹੈ। ਇਹ ਪ੍ਰਵਾਨਗੀ ਮਿਤੀ 31.3.2018 ਤੱਕ ਪ੍ਰਾਪਤ ਹੋ ਜਾਣ ਦੀ ਸੰਭਾਵਨਾ ਹੈ । ਟੈਂਡਰ ਆਦਿ ਦੀ ਪ੍ਰਕ੍ਰਿਆ ਮੁਕੰਮਲ ਹੋਣ ਉਪਰੰਤ ਇਹ ਕੰਮ ਲਗਪਗ ਇੱਕ ਸਾਲ ਵਿੱਚ ਮੁਕੰਮਲ ਹੋ ਜਾਵੇਗਾ ।

**ਸਰਦਾਰ ਰਾਜਿੰਦਰ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਡੇਢ ਕਿਲੋਮੀਟਰ ਦਾ ਟੁਕੜਾ ਹੈ, ਇਸ ਦੇ ਦੋਨੋਂ ਪਾਸੇ ਪਹਿਲਾਂ ਹੀ ਚਾਰ ਮਾਰਗੀ ਸੜਕ ਬਣ ਚੁੱਕੀ ਹੈ ਅਤੇ ਇੱਥੇ ਬਹੁਤ ਜ਼ਿਆਦਾ ਟ੍ਰੈਫਿਕ ਹੈ । ਇਹ ਸਾਡੇ ਮੁੱਖ ਮੰਤਰੀ ਸਾਹਿਬ ਦੇ ਸ਼ਹਿਰ ਪਟਿਆਲੇ ਦਾ ਐਂਟਰੀ ਪੁਆਇੰਟ ਹੈ । ਮੈਂ ਇਹੀ ਪੁੱਛਣਾ ਚਾਹੁੰਦਾ ਹਾਂ ਕਿ ਕਿੰਨੇ ਸਮੇਂ ਵਿਚ ਇਹ ਕੰਮ ਸ਼ੁਰੂ ਹੋ ਜਾਵੇਗਾ ?

**ਮਾਨਯੋਗ ਸਪੀਕਰ :** ਇਸ ਬਾਰੇ ਕੁਝ ਵਕਤ ਵਗੈਰਾ ਦੱਸ ਸਕਦੇ ਹੋ ।

**ਰਾਜ ਮੰਤਰੀ :** ਮੈਂ ਪਹਿਲਾਂ ਹੀ ਆਪਣੇ ਜਵਾਬ ਵਿੱਚ ਦੱਸ ਚੁੱਕੀ ਹਾਂ ਕਿ ਇੱਕ ਸਾਲ ਦੇ ਅੰਦਰ ਕੰਮ ਸ਼ੁਰੂ ਹੋ ਜਾਵੇਗਾ।

**ਮਾਨਯੋਗ ਸਪੀਕਰ :** ਰਾਜਿੰਦਰ ਜੀ, ਇੱਕ ਸਾਲ ਦੇ ਅੰਦਰ ਹੋ ਜਾਵੇਗਾ।

**ਸਰਦਾਰ ਰਾਜਿੰਦਰ ਸਿੰਘ :** ਧੰਨਵਾਦ ਜੀ।

**ਸਰਦਾਰ ਬਲਵਿੰਦਰ ਸਿੰਘ ਬੈਂਸ :** ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਵਜ਼ੀਰ ਸਾਹਿਬ ਜੀ ਦੇ ਧਿਆਨ ਵਿਚ ਲਿਆਉਣਾ ਵੀ ਚਾਹੁੰਦਾ ਹਾਂ ਅਤੇ ਪੁੱਛਣਾ ਵੀ ਚਾਹੁੰਦਾ ਹਾਂ ਕਿ ਪਟਿਆਲਾ ਸ਼ਹਿਰ ਜਿੱਥੇ ਪੰਜਾਬ ਦੇ ਮੁੱਖ ਮੰਤਰੀ ਜੀ ਦਾ ਨਿਵਾਸ ਹੈ, ਸਰਹੰਦ ਤੋਂ ਜਦੋਂ ਪਟਿਆਲੇ ਨੂੰ ਜਾਂਦੇ ਹਾਂ, ਮੈਨੂੰ ਲੱਗਦਾ ਹੈ ਕਿ ਉਸ ਤੋਂ ਜ਼ਿਆਦਾ ਟੁੱਟੀ ਹੋਈ ਸੜਕ ਪੰਜਾਬ ਵਿਚ ਕਿਤੇ ਹੋਰ ਹੋਣੀ ਹੀ ਨਹੀਂ। ਮੈਂ ਪਿਛਲੇ ਹਫਤੇ ਜਾ ਕੇ ਆਇਆ ਹਾਂ ਅਤੇ ਮੈਂ ਵਜ਼ੀਰ ਸਾਹਿਬ ਨੂੰ ਆਪਣੇ ਵਲੋਂ ਬੇਨਤੀ ਕਰਦਾ ਹਾਂ ਕਿ ਉਹ ਦੱਸਣ ਕਿ ਕੀ ਸਰਹੰਦ ਪਟਿਆਲਾ ਸੜਕ ਨੂੰ ਬਣਾਉਣ ਦੀ ਕੋਈ ਤਜਵੀਜ਼ ਹੈ ? ਜੇਕਰ ਨਹੀਂ ਹੈ ਤਾਂ ਪੈਚ ਲਗਾਉਣ ਦੀ ਹੀ ਕੋਈ ਤਜਵੀਜ਼ ਕਰ ਦਿਓ ।

**ਰਾਜ ਮੰਤਰੀ :** ਵੈਸੇ ਤਾਂ ਇਹ ਸਵਾਲ ਵੱਖਰਾ ਬਣਦਾ ਹੈ।

**ਮਾਨਯੋਗ ਸਪੀਕਰ :** ਸਵਾਲ ਵੱਖਰਾ ਬਣਦਾ ਹੈ।

**ਸਰਦਾਰ ਬਲਵਿੰਦਰ ਸਿੰਘ ਬੈਂਸ** : ਸਪੀਕਰ ਸਾਹਿਬ, ਪੈਚ ਲਗਾਉਣ ਦਾ ਤਾਂ ਭਰੋਸਾ ਦਿਵਾ ਦਿਓ। ਮੁੱਖ ਮੰਤਰੀ ਸਾਹਿਬ ਦੇ ਘਰ ਨੂੰ ਸੜਕ ਜਾਂਦੀ ਹੈ। ਮੇਰੇ ਵਲੋਂ ਤਾਂ ਭਾਵੇਂ ਨਾ ਬਣਾਓ ਪਰ ਇੰਨਾ ਤਾਂ ਸੋਚ ਲਵੋ ਕਿ ਇਹ ਸੜਕ ਮੁੱਖ ਮੰਤਰੀ ਸਾਹਿਬ ਦੇ ਘਰ ਨੂੰ ਜਾਂਦੀ ਹੈ। ਮੈਂ ਵਿਰੋਧੀ ਧਿਰ ਦਾ ਬੰਦਾ ਕਹਿ ਰਿਹਾ ਹਾਂ ਕਿ ਮੁੱਖ ਮੰਤਰੀ ਸਾਹਿਬ ਦੇ ਘਰ ਨੂੰ ਸੜਕ ਜਾਂਦੀ ਹੈ।

**ਰਾਜ ਮੰਤਰੀ:** ਮੁੱਖ ਮੰਤਰੀ ਸਾਹਿਬ ਦਾ ਸ਼ਹਿਰ ਹੈ। ਕੁਝ ਨਾ ਕੁਝ ਤਾਂ ਕਰਾਂਗੇ।

**ਸਰਦਾਰ ਬਲਵਿੰਦਰ ਸਿੰਘ ਬੈਂਸ :** ਇਸ ਤਰ੍ਹਾਂ ਹੀ ਕਹਿ ਦਿਓ ਕਿ ਪੈਚ ਹੀ ਲਗਾ ਦੇਵਾਂਗੇ।

**ਰਾਜ ਮੰਤਰੀ :** ਕੁਝ ਨਾ ਕੁਝ ਤਾਂ ਕਰਾਂਗੇ।

**ਮਾਨਯੋਗ ਸਪੀਕਰ :** ਬੈਠ ਜਾਓ ਜੀ। ਅਗਲਾ ਸਵਾਲ। ਹਾਂ ਜੀ ਬੁੱਧ ਰਾਮ ਜੀ।

---

## ਸੁਤੰਤਰਤਾ ਸੰਗਰਾਮੀਆਂ ਨੂੰ ਸਰਕਾਰੀ ਬੱਸਾਂ ਵਿੱਚ ਮੁਫਤ ਸਫਰ ਸਹੂਲਤ ਪ੍ਰਦਾਨ ਕਰਨਾ

*769. **ਸ਼੍ਰੀ ਬੁੱਧ ਰਾਮ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸੁਤੰਤਰਤਾ ਸੰਗਰਾਮੀਆਂ ਨੂੰ ਪੰਜਾਬ ਸਰਕਾਰ ਦੀਆਂ ਬੱਸਾਂ ਵਿੱਚ ਮੁਫਤ ਸਫਰ ਕਰਨ ਲਈ ਸਰਕਾਰ ਨੇ ਸਹੂਲਤ ਦਿੱਤੀ ਸੀ; ਜੇਕਰ ਅਜਿਹਾ ਹੈ ਤਾਂ ਕੀ ਇਹ ਸਹੂਲਤਾਂ ਅਜੇ ਵੀ ਜਾਰੀ ਹਨ; ਜੇਕਰ ਨਹੀਂ ਤਾਂ ਇਹ ਸਹੂਲਤਾਂ ਬੰਦ ਕਰਨ ਦੇ ਕੀ ਕਾਰਨ ਹਨ ?

**ਕੈਪਟਨ ਅਮਰਿੰਦਰ ਸਿੰਘ :** ਸੁਤੰਤਰਤਾ ਸੰਗਰਾਮੀਆਂ ਨੂੰ ਪੰਜਾਬ ਸਰਕਾਰ ਦੀਆਂ ਬੱਸਾਂ ਵਿੱਚ ਮੁਫਤ ਸਫਰ ਕਰਨ ਲਈ ਸਹੂਲਤ ਦਿੱਤੀ ਗਈ ਹੈ । ਇਹ ਸਹੂਲਤ ਲਗਾਤਾਰ ਜਾਰੀ ਹੈ ।

**ਸ਼੍ਰੀ ਬੁੱਧ ਰਾਮ :** ਮੈਂ ਜਦੋਂ ਇਹ ਸਵਾਲ ਲਗਾਇਆ ਸੀ, ਇਸ ਕਰਕੇ ਲਗਾਇਆ ਸੀ ਕਿਉਂਕਿ ਜਿਹੜਾ ਮੇਰੇ ਕੋਲ ਇਨਸਾਨ ਆਇਆ ਸੀ, ਉਹ ਫਰੀਡਮ ਫਾਈਟਰ ਦੇ ਪਰਿਵਾਰ ਨਾਲ ਸਬੰਧ ਰੱਖਦਾ ਸੀ । ਉਸ ਨੂੰ ਬੱਸ ਵਿਚ ਫਰੀ ਟ੍ਰੈਵਲ ਦੀ ਸਹੂਲਤ ਨਹੀਂ ਮਿਲੀ। ਮੈਂ ਆਪ ਜੀ ਦੇ ਰਾਹੀਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ, ਇਹ ਬੱਸ ਸਰਵਿਸ ਦਾ ਤਾਂ ਇੱਕ ਜ਼ਰੀਆ ਸੀ ਸਵਾਲ ਪੁੱਛਣ ਦਾ ਕਿ ਉਨ੍ਹਾਂ ਨੂੰ ਕਿਹੜੀਆਂ ਕਿਹੜੀਆਂ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ ਔਰ ਕੀ ਇਸ ਬਾਰੇ ਤੁਸੀਂ ਕੋਈ ਲੈਟਰ ਕੱਢਿਆ ਹੈ ? ਕੀ ਉਹ ਸਾਨੂੰ ਦੇਵੋਗੇ ਜਾਂ ਉਸ ਬਾਰੇ ਸਾਨੂੰ ਦੱਸੋਗੇ ?

**ਮਾਨਯੋਗ ਸਪੀਕਰ :** ਇਹ ਸਵਾਲ ਤਾਂ ਤੁਹਾਡਾ ਸਪੈਸੇਫਿਕ ਸਵਾਲ ਸੀ। ਹੁਣ ਤੁਸੀਂ ਜਰਨਲ ਸਵਾਲ ਪੁੱਛ ਰਹੇ ਹੋ।

**ਸ਼੍ਰੀ ਬੁੱਧ ਰਾਮ :** ਇਹ ਸੁਤੰਤਰਤਾ ਸੰਗਰਾਮੀਆਂ ਨਾਲ ਹੀ ਸੰਬੰਧਿਤ ਹੈ ।

**ਮੁੱਖ ਮੰਤਰੀ :** ਸਪੀਕਰ ਸਾਹਿਬ, ਮੈਂ ਇਨਫਰਮੇਸ਼ਨ ਦੇ ਦਿੰਦਾ ਹਾਂ ਕਿਉਂਕਿ ਸਾਡੇ ਫਰੀਡਮ ਫਾਈਟਰਜ਼ ਬਹੁਤ ਥੋੜ੍ਹੇ ਰਹਿ ਗਏ ਹਨ । ਅਸੀਂ ਤਾਂ ਉਨ੍ਹਾਂ ਵਾਸਤੇ ਜਿੰਨਾ ਕਰ ਸਕਦੇ ਹਾਂ, ਉਹ ਕਰਨ ਨੂੰ ਤਿਆਰ ਹਾਂ।

**ਮਾਨਯੋਗ ਸਪੀਕਰ :** ਲਓ, ਸੁਣ ਲਓ ਜੀ ।

**ਮੁੱਖ ਮੰਤਰੀ :** ਪਹਿਲੀ ਗੱਲ, ਹਰ ਫਰੀਡਮ ਫਾਈਟਰ ਨੂੰ ਆਊਟ ਆਫ ਟਰਨ ਇੱਕ ਟਿਊਬਵੈਲ ਕੁਨੈਕਸ਼ਨ ਦੇ ਰਹੇ ਹਾਂ । ਇਹ ਅਪ੍ਰੈਲ, 2017 ਦਾ ਸਾਡਾ ਆਰਡਰ ਹੈ । ਦੂਜਾ, ਫਰੀਡਮ ਫਾਈਟਰਜ਼ ਲਈ ਸਟੇਟ ਹਾਈਵੇਜ਼ ਤੇ ਟੋਲ ਟੈਕਸ ਨਹੀਂ ਲੱਗਣਗੇ । ਇਹ ਵੀ ਨੋਟੀਫਿਕੇਸ਼ਨ ਅਸੀਂ 15/4 ਨੂੰ ਕੀਤੀ ਹੋਈ ਹੈ ਔਰ 300 ਬਿਜਲੀ ਦੇ ਯੂਨਿਟ ਇਨ੍ਹਾਂ ਨੂੰ ਫਰੀ ਦਿੱਤੇ ਜਾਣਗੇ । ਇਹ ਵੀ ਨਵੰਬਰ, 2017 ਦਾ ਸਾਡਾ ਨੋਟੀਫਿਕੇਸ਼ਨ ਹੈ । ਇਹ ਇਨ੍ਹਾਂ ਨੂੰ ਸਹੂਲਤਾਂ ਦੇ ਰਹੇ ਹਾਂ । ਇਨ ਐਡੀਸ਼ਨ, ਇਨ੍ਹਾਂ ਨੂੰ ਬੱਸਾਂ ਵਿੱਚ ਫਰੀ ਟਰੈਵਲ ਦੀ ਸਹੂਲਤ ਵੀ ਦੇ ਰਹੇ ਹਾਂ।

**ਸਰਦਾਰ ਲਖਬੀਰ ਸਿੰਘ ਲੋਧੀਨੰਗਲ :** ਸਪੀਕਰ ਸਾਹਿਬ, ਮੇਰੀ ਮਾਨਯੋਗ ਮੁੱਖ ਮੰਤਰੀ ਸਾਹਿਬ ਨੂੰ ਗੁਜ਼ਾਰਿਸ਼ ਹੈ । ਇਸ ਸਮੇਂ ਬਹੁਤ ਥੋੜ੍ਹੇ ਫਰੀਡਮ ਫਾਈਟਰ ਰਹਿ ਗਏ ਹਨ । ਕੀ ਇਹ ਸਹੂਲਤਾਂ ਉਨ੍ਹਾਂ ਦੀਆਂ ਫੈਮਿਲੀਜ਼ ਨੂੰ ਵੀ ਦਿੱਤੀਆਂ ਜਾਣਗੀਆਂ ਜਾਂ ਸਿਰਫ ਉਨ੍ਹਾਂ ਨੂੰ ਹੀ ਦਿੱਤੀਆਂ ਜਾਣਗੀਆਂ ?

**ਮੁੱਖ ਮੰਤਰੀ :** ਅੰਡਰ ਦੀ ਰੂਲਜ਼, ਸਿਰਫ ਅਨਮੈਰਿਡ ਲੜਕੀ ਜਿਹੜੀ ਕਿ ਅਨਇੰਪਲਾਇਡ ਹੈ, ਉਨ੍ਹਾਂ ਨੂੰ ਸਹੂਲਤਾਂ ਦਿੱਤੀਆਂ ਜਾਣਗੀਆਂ । Not the rest.

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸਪੀਕਰ ਸਾਹਿਬ, ਸੀ.ਐਮ. ਸਾਹਿਬ ਨੂੰ ਮੇਰੀ ਬੇਨਤੀ ਹੈ ਕਿ ਜਦੋਂ ਰੋਡਵੇਜ਼ ਦੀ ਬੱਸ ਸਵਾਰੀ ਭਰਨ ਲੱਗਦੀ ਹੈ, ਉਸ ਨੂੰ ਦੋ ਮਿੰਟ ਜਦ ਕਿ ਜਿਹੜਾ ਟਰਾਂਸਪੋਰਟ ਮਾਫੀਆ ਹੈ ਜਿਸ ਦੀਆਂ ਇਹ ਦਸ ਸਾਲ ਤੋਂ ਗੱਲਾਂ ਕਰ ਰਹੇ ਸਨ, ਇੱਕ ਸਾਲ ਇਨ੍ਹਾਂ ਦੀ ਆਪਣੀ ਸਰਕਾਰ ਨੂੰ ਵੀ ਹੋ ਗਿਆ ਹੈ, ਉਸ ਨੂੰ ਸੱਤ ਮਿੰਟ ਦਿੱਤੇ ਜਾਂਦੇ ਹਨ । ਮੈਂ ਇਸ ਬਾਰੇ ਐਸ.ਟੀ.ਸੀ. ਨਾਲ ਗੱਲ ਕੀਤੀ ਤੇ ਮੈਂ ਉਸ ਨੂੰ ਇਸ ਬਾਰੇ ਪੁੱਛਿਆ ਤਾਂ ਉਹ ਕਹਿਣ ਲੱਗਾ ਕਿ ਇਹ

ਤਾਂ ਪਿਛਲੀ ਸਰਕਾਰ ਵੇਲੇ ਦਾ ਬਣਿਆ ਹੋਇਆ ਹੈ । ਮੈਂ ਕਿਹਾ ਕਿ ਤੁਹਾਡੀ ਸਰਕਾਰ ਬਣੇ ਨੂੰ ਸਾਲ ਹੋ ਗਿਆ ਹੈ । ਚੇਂਜ ਕਰ ਦਿਓ ।

**ਮਾਨਯੋਗ ਸਪੀਕਰ :** ਇਸ ਬਾਰੇ ਵੱਖਰਾ ਸਵਾਲ ਦੇ ਦਿਓ ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸਪੀਕਰ ਸਾਹਿਬ, ਇਸੇ ਸਵਾਲ ਨਾਲ ਹੀ ਰਿਲੇਟ ਕਰਦਾ ਹੈ । ਛੇ ਵੱਜ ਕੇ ਵੀਹ ਮਿੰਟ ਤੱਕ ਸਵੇਰੇ ਸਰਕਾਰੀ ਏ.ਸੀਜ਼ ਬੱਸਾਂ ਦਾ ਟਾਈਮ ਹੈ, ਜਦੋਂ ਕੋਈ ਸਵਾਰੀ ਨਹੀਂ ਹੁੰਦੀ, ਫਿਰ ਛੇ ਵੱਜ ਕੇ ਵੀਹ ਮਿੰਟ ਤੋਂ ਬਾਅਦ ਜਦੋਂ ਸਵਾਰੀਆਂ ਦਾ ਰਸ਼ ਪੈਂਦਾ ਹੈ, ਉਦੋਂ ਟਰਾਂਸਪੋਰਟ ਮਾਫੀਏ ਦੀਆਂ ਬੱਸਾਂ ਦਾ ਟਾਈਮ ਹੁੰਦਾ ਹੈ ।

**ਮਾਨਯੋਗ ਸਪੀਕਰ :** ਬੈਂਸ ਸਾਹਿਬ, ਇਹ ਸਵਾਲ ਸੁਤੰਤਰਤਾ ਸੰਗਰਾਮੀਆਂ ਨਾਲ ਰਿਲੇਟਿਡ ਹੈ । ਗੱਲ ਫਰੀਡਮ ਫਾਈਟਰਜ਼ ਦੀ ਚੱਲ ਰਹੀ ਹੈ ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸਪੀਕਰ ਸਾਹਿਬ, ਕੀ ਇਹ ਟਰਾਂਸਪੋਰਟ ਮਾਫੀਏ ਦੀਆਂ ਬੱਸਾਂ ਦਾ ਬੰਦੋਬਸਤ ਕਰਨਗੇ ਤਾਂ ਕਿ ਸਰਕਾਰੀ ਬੱਸ ਸੇਵਾ ਪ੍ਰਾਫਿਟ ਵਿੱਚ ਜਾ ਸਕੇ ?

**ਮਾਨਯੋਗ ਸਪੀਕਰ :** ਬੈਂਸ ਸਾਹਿਬ, ਗੱਲ ਫਰੀਡਮ ਫਾਈਟਰਜ਼ ਦੀ ਚੱਲ ਰਹੀ ਹੈ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸਪੀਕਰ ਸਾਹਿਬ, ਮੈਂ ਸਵਾਲ ਦਾ ਜਵਾਬ ਤੁਹਾਡੇ ਜ਼ਰੀਏ ਸੀ.ਐਮ.ਸਾਹਿਬ ਤੋਂ ਲੈ ਰਿਹਾ ਹਾਂ ।

**ਮਾਨਯੋਗ ਸਪੀਕਰ :** ਤੁਸੀਂ ਸੈਪਰੇਟ ਸਵਾਲ ਦੇ ਦਿਓ ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਕੀ ਪਤਾ ਹੈ, ਉਨ੍ਹਾਂ ਨੇ ਸਵਾਲ ਦਾ ਜਵਾਬ ਦੇਣਾ ਹੀ ਹੋਵੇ।

---

## ਪੰਜਾਬ ਵਿੱਚ ਕੈਂਸਰ ਮਰੀਜ਼ਾਂ ਦੀ ਗਿਣਤੀ

*795. **ਸਰਦਾਰ ਦਵਿੰਦਰ ਸਿੰਘ ਘੁਬਾਇਆ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਪੰਜਾਬ ਵਿੱਚ ਕੈਂਸਰ ਦੇ ਰੋਗੀਆਂ ਦੀ ਜ਼ਿਲ੍ਹਾ-ਵਾਈਜ਼ ਗਿਣਤੀ ਕਿੰਨੀ ਹੈ ;

(ਅ) ਇਨ੍ਹਾਂ ਮਰੀਜ਼ਾਂ ਦੇ ਇਲਾਜ ਲਈ ਸਰਕਾਰ ਕੀ ਕਰ ਰਹੀ ਹੈ ਅਤੇ ਹਰ ਇੱਕ ਮਰੀਜ਼ ਨੂੰ ਕਿੰਨੀ ਸਰਕਾਰੀ ਸਹਾਇਤਾ ਦਿੱਤੀ ਜਾ ਰਹੀ ਹੈ ?

**ਸ਼੍ਰੀ ਬ੍ਰਹਮ ਮਹਿੰਦਰਾ :** ਸ਼੍ਰੀਮਾਨ ਜੀ, (ੳ) ਰਾਜ ਵਿੱਚ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ ਦੱਸਣਾ ਸੰਭਵ ਨਹੀਂ ਹੈ ਪ੍ਰੰਤੂ ਮੁੱਖ ਮੰਤਰੀ ਕੈਂਸਰ ਰਾਹਤ ਕੋਸ਼ ਸਕੀਮ ਅਧੀਨ ਸਾਲ 2011 ਤੋਂ 2017 ਤੱਕ ਰਜਿਸਟਰਡ ਹੋਏ ਕੈਂਸਰ ਦੇ ਮਰੀਜ਼ਾਂ ਦੀ ਜ਼ਿਲ੍ਹਾਵਾਈਜ਼ ਗਿਣਤੀ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

| **ਜ਼ਿਲ੍ਹਾ** | **ਸਾਲ ਵਾਰ ਕੈਂਸਰ ਦੇ ਮਰੀਜ਼** | | | | | |
|---|---|---|---|---|---|---|
| | **ਜੁਲਾਈ, 2011 ਤੋਂ ਦਸੰਬਰ, 2012** | 2013 | 2014 | 2015 | 2016 | 2017 |
| ਅੰਮ੍ਰਿਤਸਰ | 593 | 634 | 914 | 962 | 1052 | 847 |
| ਬਰਨਾਲਾ | 194 | 154 | 192 | 192 | 229 | 238 |
| ਬਠਿੰਡਾ | 509 | 371 | 619 | 640 | 693 | 633 |
| ਫਤਹਿਗੜ੍ਹ ਸਾਹਿਬ | 90 | 95 | 112 | 134 | 125 | 153 |
| ਫਰੀਦਕੋਟ | 266 | 153 | 366 | 363 | 302 | 278 |
| ਫਿਰੋਜ਼ਪੁਰ | 443 | 219 | 348 | 403 | 336 | 337 |
| ਫਾਜ਼ਿਲਕਾ | - | 177 | 293 | 232 | 283 | 284 |
| ਗੁਰਦਾਸਪੁਰ | 509 | 350 | 548 | 528 | 578 | 539 |
| ਹੁਸ਼ਿਆਰਪੁਰ | 237 | 243 | 312 | 297 | 372 | 360 |
| ਜਲੰਧਰ | 395 | 451 | 543 | 494 | 601 | 505 |
| ਕਪੂਰਥਲਾ | 145 | 179 | 195 | 194 | 192 | 217 |
| ਲੁਧਿਆਣਾ | 622 | 520 | 888 | 810 | 670 | 842 |
| ਮਾਨਸਾ | 232 | 227 | 312 | 343 | 323 | 354 |
| ਮੋਗਾ | 288 | 193 | 395 | 336 | 323 | 399 |
| ਸ੍ਰੀ ਮੁਕਤਸਰ ਸਾਹਿਬ | 265 | 241 | 330 | 349 | 401 | 390 |
| ਪਟਿਆਲਾ | 290 | 397 | 552 | 494 | 654 | 724 |
| ਪਠਾਨਕੋਟ | 6 | 75 | 101 | 86 | 147 | 138 |
| ਰੂਪਨਗਰ | 56 | 104 | 77 | 107 | 122 | 107 |
| ਸ਼ਹੀਦ ਭਗਤ ਸਿੰਘ ਨਗਰ | 89 | 120 | 138 | 135 | 102 | 130 |
| ਸਾਹਿਬਜ਼ਾਦਾ ਅਜੀਤ ਸਿੰਘ ਨਗਰ | 54 | 97 | 123 | 135 | 151 | 108 |
| ਸੰਗਰੂਰ | 412 | 334 | 373 | 504 | 758 | 764 |
| ਤਰਨਤਾਰਨ | 332 | 231 | 390 | 435 | 511 | 452 |

**ਅ) ਕੈਂਸਰ ਦੇ ਮਰੀਜ਼ਾਂ ਦੇ ਇਲਾਜ ਲਈ ਕੀਤੇ ਗਏ ਉਪਰਾਲਿਆਂ ਸਬੰਧੀ ਵੇਰਵਾ ਹੇਠ ਲਿਖੇ ਅਨੁਸਾਰ ਹੈ:-**

- ਰਾਜ ਵਿਚ ਚਲਾਏ ਜਾ ਰਹੇ ਨੈਸ਼ਨਲ ਪ੍ਰੋਗਰਾਮ ਫਾਰ ਕੈਂਸਰ, ਡਾਇਆਬਟੀਜ਼, ਕਾਰਡੀਓਵਸਕੂਲਰ ਡਸੀਜ਼ ਅਤੇ ਸਟਰੋਕ (ਐਨ.ਪੀ.ਸੀ.ਡੀ.ਸੀ.ਐਸ.) ਪ੍ਰੋਗਰਾਮ ਅਧੀਨ ਕੈਂਸਰ ਦੀ ਬਿਮਾਰੀ ਦਾ ਮੁੱਢਲੀ ਸਥਿਤੀ ਵਿੱਚ ਹੀ ਡਾਇਗਨੋਸਿਸ ਅਤੇ ਇਲਾਜ ਕਰਨ ਦੀ ਸੁਵਿਧਾ ਹੈ।
- ਕੈਂਸਰ ਦੇ ਮਰੀਜ਼ਾਂ ਦੇ ਮੁਫਤ ਇਲਾਜ ਲਈ identified ਜ਼ਿਲ੍ਹਿਆਂ ਨੂੰ ਦਵਾਈਆਂ ਜਨ ਔਸ਼ਧੀ ਸੈਂਟਰ ਤੋਂ ਖਰੀਦ ਕੇ ਮੁਹੱਈਆ ਕਰਵਾਈਆਂ ਜਾਂਦੀਆਂ ਹਨ।
- ਬੱਚੇਦਾਨੀ ਦੇ ਮੂੰਹ ਦੇ ਕੈਂਸਰ (ਸਰਵਾਈਕਲ ਕੈਂਸਰ) ਤੋਂ ਬਚਾਅ ਲਈ ਜ਼ਿਲ੍ਹਾ ਮਾਨਸਾ ਅਤੇ ਬਠਿੰਡਾ ਵਿਖੇ 11-13 ਸਾਲ ਦੀਆਂ 9672 ਲੜਕੀਆਂ ਨੂੰ ਐਚ.ਪੀ.ਵੀ ਵੈਕਸੀਨ ਦਿੱਤੀ ਗਈ। ਪਹਿਲੇ ਪੜਾਅ ਅਧੀਨ ਇਹ ਵੈਕਸੀਨ ਸਰਕਾਰੀ ਸਕੂਲਾਂ ਦੀਆਂ ਛੇਵੀਂ ਜਮਾਤ ਦੀ ਲੜਕੀਆਂ ਨੂੰ ਦਿੱਤੀ ਗਈ। ਇਹ ਵੈਕਸੀਨ ਪੜਾਅਵਾਰ ਪੂਰੇ ਰਾਜ ਵਿੱਚ ਸਭ ਕੰਨਿਆਵਾਂ ਨੂੰ ਦਿੱਤੀ ਜਾਵੇਗੀ।
- ਭਾਰਤ ਸਰਕਾਰ ਅਤੇ ਪੰਜਾਬ ਸਰਕਾਰ (60%+40%) ਦੇ ਸਹਿਯੋਗ ਨਾਲ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਫਾਜ਼ਿਲਕਾ ਵਿਖੇ 50 ਬਿਸਤਰਿਆਂ ਦਾ ਟਰਸ਼ਰੀ ਕੈਂਸਰ ਕੇਅਰ ਹਸਪਤਾਲ ਬਣਾਇਆ ਜਾ ਰਿਹਾ ਹੈ।
- ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਫਰੀਦਕੋਟ ਵਿਖੇ ਭਾਰਤ ਸਰਕਾਰ ਦੇ ਸਹਿਯੋਗ ਨਾਲ ਰੇਡੀਓਥਰੇਪੀ ਯੂਨਿਟ ਸਥਾਪਿਤ ਕੀਤਾ ਗਿਆ ਹੈ।
- ਸਟੇਟ ਕੈਂਸਰ ਇੰਸਟੀਚਿਊਟ ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ਵਿਖੇ ਕੇਂਦਰ ਸਰਕਾਰ ਦੇ ਸਹਿਯੋਗ ਨਾਲ ਬਣਾਇਆ।
- ਮੁੱਖ ਮੰਤਰੀ ਪੰਜਾਬ ਕੈਂਸਰ ਰਾਹਤ ਕੋਸ਼ ਸਕੀਮ ਅਧੀਨ ਪੰਜਾਬ ਰਾਜ ਦੇ ਉਹ ਵਸਨੀਕ ਜੋ ਕੈਂਸਰ ਦੀ ਬਿਮਾਰੀ ਨਾਲ ਪੀੜਤ ਹਨ, ਨੂੰ ਡੇਢ ਲੱਖ ਰੁਪਏ ਤੱਕ (ਰੁਪਏ 1.50 ਲੱਖ) ਤੱਕ ਦੀ ਕੈਸ਼ਲੈਸ ਸਹਾਇਤਾ ਸਰਕਾਰੀ/ਇੰਪੈਨਲਡ ਹਸਪਤਾਲਾਂ ਵਿੱਚ ਇਲਾਜ ਲਈ ਦਿੱਤੀ ਜਾਂਦੀ ਹੈ।
- ਪੰਜਾਬ ਸਰਕਾਰ ਅਤੇ ਟਾਟਾ ਮੈਮੋਰੀਅਲ ਸੈਂਟਰ, ਮੁੰਬਈ ਵੱਲੋਂ ਖੁੱਲ੍ਹੇ ਟੈਂਡਰਾਂ ਦੁਆਰਾ ਕੈਂਸਰ ਦੇ ਇਲਾਜ ਦੀਆਂ ਦਵਾਈਆਂ ਘੱਟ ਰੇਟਾਂ ਤੇ ਉਪਲਬਧ ਕਰਵਾਈਆਂ ਗਈਆਂ ਹਨ ਹੁਣ ਤੱਕ 95+25 ਦਵਾਈਆਂ ਰੇਟ ਕੰਟਰੈਕਟ ਤੇ ਉਪਲਬਧ ਹਨ।ਇਹ ਦਵਾਈਆਂ ਜਨ ਔਸ਼ਧੀ ਸਟੋਰ ਤੇ ਵੀ ਉਪਲਬਧ ਹਨ।
- ਭਾਰਤ ਸਰਕਾਰ ਅਤੇ ਟਾਟਾ ਮੈਮੋਰੀਅਲ ਰਿਸਰਚ ਸੈਂਟਰ ਮੁੰਬਈ ਦੇ ਸਹਿਯੋਗ ਨਾਲ ਮੁੱਲਾਂਪੁਰ (ਮੈਡੀਸਿਟੀ, ਨਿਊ ਚੰਡੀਗੜ੍ਹ) ਵਿਖੇ 300 ਬਿਸਤਰਿਆਂ ਦਾ ਹੋਮੀ ਭਾਬਾ ਕੈਂਸਰ ਹਸਪਤਾਲ ਅਤੇ ਰਿਸਰਚ ਸੈਂਟਰ ਲਗਾਇਆ ਜਾ ਰਿਹਾ ਹੈ।
- ਰਾਜ ਸਰਕਾਰ ਵੱਲੋਂ ਕੈਂਸਰ ਦੀ ਬਿਮਾਰੀ ਦੀ ਰੋਕਥਾਮ ਅਤੇ ਹੋਰ ਬਿਹਤਰ ਸਹੂਲਤਾਂ ਦੇਣ ਦੇ ਮਕਸਦ ਲਈ ਕੈਂਸਰ ਐਂਡ ਡਰੱਗ ਅਡਿਕਸ਼ਨ ਟਰੀਟਮੈਂਟ ਇਨਫਰਾਸਟਰਕਚਰ ਫੰਡ ਐਕਟ ਹੋਂਦ ਵਿੱਚ ਲਿਆਂਦਾ ਗਿਆ ਹੈ।
- ਰਾਜ ਦੇ ਸਾਰੇ ਸਰਕਾਰੀ ਮੈਡੀਕਲ ਕਾਲਜਾਂ ਅਤੇ ਹਸਪਤਾਲਾਂ ਦੇ ਰੇਡੀਓਥਰੈਪੀ ਵਿਭਾਗ ਵਿੱਚ ਸਟੇਟ ਆਫ ਆਰਟ ਇਕਿਊਪਮੈਂਟ ਲਗਾਇਆ ਗਿਆ ਹੈ।
- ਬਰੈਕੀਥਰੈਪੀ ਮਸ਼ੀਨ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਵਿਖੇ ਲਗਾਈ ਗਈ ਹੈ।

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

- ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਫਰੀਦਕੋਟ ਵਿਖੇ ਕੋਬਾਲਟ ਯੂਨਿਟ ਕੈਂਸਰ ਦੇ ਮਰੀਜ਼ਾਂ ਦੇ ਇਲਾਜ ਲਈ ਲਗਾਇਆ ਗਿਆ ਹੈ।

- ਸ੍ਰੀ ਗੁਰੂ ਰਾਮਦਾਸ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ ਐਂਡ ਰਿਸਰਚ ਸੈਂਟਰ ਅੰਮ੍ਰਿਤਸਰ ਵਿੱਚ ਕੋਬਾਲਟ ਸੋਰਸ ਕੈਂਸਰ ਦੇ ਮਰੀਜ਼ਾਂ ਦੇ ਇਲਾਜ ਲਈ ਲਗਾਇਆ ਗਿਆ ਹੈ।

ਕੈਂਸਰ ਪੀੜਤ ਮਰੀਜ਼ਾਂ ਨੂੰ ਇਲਾਜ ਕਰਵਾਉਣ ਲਈ ਡੇਢ ਲੱਖ ਰੁਪਏ ਤੱਕ ਦੀ ਸਹਾਇਤਾ ਰਾਸ਼ੀ ਕੈਸ਼ਲੇਸ਼ ਇਲਾਜ ਲਈ ਸਰਕਾਰ ਵੱਲੋਂ ਮੁੱਖ ਮੰਤਰੀ ਪੰਜਾਬ ਕੈਂਸਰ ਰਾਹਤ ਕੋਸ਼ ਸਕੀਮ ਅਧੀਨ ਇੰਪੈਨਲਡ ਕੀਤੇ ਹਸਪਤਾਲਾਂ ਨੂੰ ਜਾਰੀ ਕੀਤੀ ਜਾਂਦੀ ਹੈ। ਹੁਣ ਤੱਕ 46127 ਮਰੀਜ਼ਾਂ ਦੇ ਇਲਾਜ ਲਈ ਰੁਪਏ 588 ਕਰੋੜ ਦੀ ਸੈਂਕਸ਼ਨ ਰਾਸ਼ੀ ਸੰਬੰਧਿਤ ਹਸਪਤਾਲਾਂ ਨੂੰ ਜਾਰੀ ਕੀਤੀ ਜਾ ਚੁੱਕੀ ਹੈ।

**ਸਰਦਾਰ ਦਵਿੰਦਰ ਸਿੰਘ ਘੁਬਾਇਆ :** ਸਪੀਕਰ ਸਾਹਿਬ, ਸਾਡਾ ਜਿਹੜਾ ਫਾਜ਼ਿਲਕਾ ਜ਼ਿਲ੍ਹਾ ਹੈ, ਇਹ ਬਾਰਡਰ ਤੇ ਹੈ । ਇਸੇ ਤਰ੍ਹਾਂ ਚਾਹੇ ਬਠਿੰਡਾ ਹੈ, ਚਾਹੇ ਫਰੀਦਕੋਟ ਹੈ, ਇਹ ਔਸ਼ਧੀ ਸਟੋਰ ਕੈਂਸਰ ਪੇਸ਼ੈਂਟਸ ਵਾਸਤੇ ਉਥੇ ਖੋਲ੍ਹੇ ਗਏ ਹਨ । ਇਸ ਕਰਕੇ ਲੋਕਾਂ ਨੂੰ ਬਠਿੰਡਾ ਜਾਂ ਫਰੀਦਕੋਟ ਜਾਣਾ ਪੈਂਦਾ ਹੈ ਜਿਹੜੇ ਕਿ ਬਹੁਤ ਦੂਰ ਪੈਂਦੇ ਹਨ । ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰ ਦੀ ਸਾਡੇ ਫਾਜ਼ਿਲਕਾ ਵਿੱਚ ਵੀ ਇਹ ਔਸ਼ਧੀ ਸੈਂਟਰ ਖੋਲ੍ਹਣ ਦੀ ਕੋਈ ਤਜਵੀਜ਼ ਹੈ ਤਾਂ ਕਿ ਗਰੀਬ ਲੋਕ ਫਾਜ਼ਿਲਕਾ ਵਿੱਚ ਵੀ ਕੈਂਸਰ ਦੀ ਦਵਾਈ ਲੈ ਸਕਣ?

**ਮੰਤਰੀ :** ਸਰ, ਇਨ੍ਹਾਂ ਦੀ ਗੱਲ ਪਤਾ ਵੀ ਕਰਵਾ ਲੈਂਦੇ ਹਾਂ ਔਰ ਜਿਸ ਲੈਵਲ ਤੇ ਇਨ੍ਹਾਂ ਦਾ ਹਸਪਤਾਲ ਹੈ, ਉਥੇ ਦਵਾਈ ਦਾ ਬੰਦੋਬਸਤ ਵੀ ਕਰਵਾ ਦਿਆਂਗੇ ।

**ਮਾਨਯੋਗ ਸਪੀਕਰ :** ਮੰਤਰੀ ਜੀ ਪਤਾ ਕਰਵਾ ਲੈਂਦੇ ਹਨ । ਦਵਾਈ ਦਾ ਬੰਦੋਬਸਤ ਕਰ ਦੇਣਗੇ ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕੈਂਸਰ ਦੇ ਮਰੀਜ਼ਾਂ ਨੂੰ ਡੇਢ ਲੱਖ ਰੁਪਿਆ ਦਿੱਤਾ ਜਾਂਦਾ ਹੈ । ਇਹ ਹਸਪਤਾਲਾਂ ਨੂੰ ਦੇ ਦਿੱਤਾ ਜਾਂਦਾ ਹੈ........

**ਮਾਨਯੋਗ ਸਪੀਕਰ :** ਪ੍ਰਸ਼ਨ ਕਾਲ ਖਤਮ ਹੁੰਦਾ ਹੈ । ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ ।

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### ਹਰੀਕੇ-ਪੱਤਣ ਨੂੰ ਸੈਰ ਸਪਾਟਾ ਹੱਬ ਵਜੋਂ ਵਿਕਸਿਤ ਕਰਨਾ

*1025. **ਸਰਦਾਰ ਹਰਮਿੰਦਰ ਸਿੰਘ ਗਿੱਲ :** ਕੀ ਸੈਰ-ਸਪਾਟਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਕੀ ਸਰਕਾਰ ਹਰੀਕੇ-ਪੱਤਣ ਨੂੰ ਸੈਰ-ਸਪਾਟਾ ਹੱਬ ਵਜੋਂ ਵਿਕਸਿਤ ਕਰਨ ਅਤੇ ਸੈਰ-ਸਪਾਟਾ ਨੂੰ ਉਤਸ਼ਾਹਿਤ ਕਰਨ ਅਤੇ ਖੇਤਰ ਵਿੱਚ ਰੁਜ਼ਗਾਰ ਪੈਦਾ ਕਰਨ ਦੇ ਲਈ ਸੈਲਾਨੀਆਂ ਦੇ ਬੋਰਡਿੰਗ ਅਤੇ ਰਿਹਾਇਸ਼ ਦੇ ਪ੍ਰਬੰਧ ਕਰਨ ਉਤੇ ਵਿਚਾਰ ਕਰੇਗੀ ;

(ਅ) ਜੇਕਰ ਉਪਰੋਕਤ (ੳ) ਦਾ ਉਤਰ ਹਾਂ ਵਿੱਚ ਹੈ ਤਾਂ ਇਸ ਦੇ ਵੇਰਵੇ ਕੀ ਹਨ ?

**ਸਰਦਾਰ ਨਵਜੋਤ ਸਿੰਘ ਸਿੱਧੂ :** (ੳ) ਹਾਂ ਜੀ । ਸਰਕਾਰ ਹਰੀਕੇ-ਪੱਤਣ ਨੂੰ ਸੈਰ-ਸਪਾਟਾ ਹੱਬ ਵਜੋਂ ਵਿਕਸਿਤ ਕਰਨ ਅਤੇ ਸੈਰ-ਸਪਾਟਾ ਨੂੰ ਉਤਸ਼ਾਹਿਤ ਕਰਨ ਅਤੇ ਖੇਤਰ ਵਿੱਚ ਰੁਜ਼ਗਾਰ ਪੈਦਾ ਕਰਨ ਦੇ ਲਈ ਸੈਲਾਨੀਆਂ ਦੇ ਬੋਰਡਿੰਗ ਅਤੇ ਰਿਹਾਇਸ਼ ਦੇ ਪ੍ਰਬੰਧ ਕਰਨ ਬਾਰੇ ਵਿਚਾਰ ਕਰ ਰਹੀ ਹੈ ।

(ਅ) ਇਸ ਮੰਤਵ ਲਈ ਪਹਿਲਾਂ ਤੋਂ ਲਾਗੂ ਸਕੀਮਾਂ ਜਿਵੇਂ ਕਿ ਬੈੱਡ ਐਂਡ ਬ੍ਰੇਕਫਾਸਟ, ਫਾਰਮ ਸਟੇਅ, ਹੋਮ ਸਟੇਅ ਨੂੰ ਬੜਾਵਾ ਦੇਣ ਤੋਂ ਇਲਾਵਾ ਟੈਂਟ ਸਥਾਪਿਤ ਕਰਨ ਸੰਬੰਧੀ ਕਾਰਵਾਈ ਕੀਤੀ ਜਾ ਰਹੀ ਹੈ । ਹਰੀਕੇ ਅਤੇ ਹੋਰ ਜਲਗਾਹਾਂ (Wetlands) ਨੇੜੇ ਵੀ ਸੈਲਾਨੀਆਂ ਲਈ ਚੰਗੀ ਕੁਆਲਿਟੀ ਦੇ ਟੈਂਟ ਪਬਲਿਕ ਪਾਟਰਨਰਸ਼ਿਪ (PPP) ਆਧਾਰ ਤੇ ਲਗਾਉਣ ਦੀ ਤਜਵੀਜ਼ ਵਿਚਾਰ ਅਧੀਨ ਹੈ ।

---

### ਪਿੰਡ ਢੱਡੇ ਹਲਕਾ ਮੌੜ ਵਿਖੇ ਸਰਕਾਰੀ ਕਾਲਜ ਬਣਾਉਣਾ

*890. **ਸਰਦਾਰ ਜਗਦੇਵ ਸਿੰਘ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿੰਡ ਢੱਡੇ, ਹਲਕਾ ਮੌੜ ਦੀ ਪੰਚਾਇਤ ਨੇ ਸਰਕਾਰੀ ਕਾਲਜ ਬਣਾਉਣ ਲਈ ਸਾਲ 2017 ਵਿੱਚ ਜ਼ਮੀਨ ਦੇਣ ਦੀ ਪੇਸ਼ਕਸ਼ ਕੀਤੀ ਸੀ; ਜੇਕਰ ਅਜਿਹਾ ਹੈ ਤਾਂ ਇਸ ਸੰਬੰਧ ਵਿੱਚ ਸਰਕਾਰ ਦੁਆਰਾ ਸਰਕਾਰੀ ਕਾਲਜ ਸਥਾਪਿਤ ਕਰਨ ਦੇ ਸੰਬੰਧ ਵਿੱਚ ਹੁਣ ਤੱਕ ਕੀ ਕਦਮ ਚੁੱਕੇ ਗਏ ਹਨ ?

**ਸ਼੍ਰੀਮਤੀ ਅਰੁਨਾ ਚੌਧਰੀ :** ਨਹੀਂ ਜੀ ।

---

## ਮਾਨਸਾ/ਸਿਰਸਾ ਰੋਡ ਤੇ ਸਰਦੂਲਗੜ੍ਹ ਕੋਲ ਘੱਗਰ ਤੇ ਨਵਾਂ ਪੁਲ ਬਣਾਉਣਾ

*1182. **ਸਰਦਾਰ ਦਿਲਰਾਜ ਸਿੰਘ** : ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਮਾਨਸਾ/ਸਿਰਸਾ ਰੋਡ ਤੇ ਸਰਦੂਲਗੜ੍ਹ ਕੋਲ ਘੱਗਰ ਤੇ ਬਣਿਆ ਪੁਲ ਜੋ ਪੁਰਾਣਾ ਹੋ ਗਿਆ ਹੈ ਅਤੇ ਜਿਸ ਦੀ ਹਾਲਤ ਬਹੁਤ ਖਸਤਾ ਹੈ, ਦੀ ਥਾਂ ਤੇ ਲੈਵਲ ਉੱਚਾ ਚੁੱਕ ਕੇ ਇੱਕ ਨਵਾਂ ਪੁਲ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ?

**ਸ਼੍ਰੀਮਤੀ ਰਜ਼ੀਆ ਸੁਲਤਾਨਾ** : ਸ਼੍ਰੀਮਾਨ ਜੀ, ਹਾਂ ਜੀ, ਮਾਨਸਾ-ਸਿਰਸਾ ਰੋਡ ਤੇ ਸਰਦੂਲਗੜ੍ਹ ਕੋਲ ਘੱਗਰ ਤੇ ਨਵੇਂ ਪੁਲ ਬਣਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ।

ਇਹ ਪੁਲ ਸੜਕੀ ਆਵਾਜਾਈ ਅਤੇ ਪਰਿਵਾਹਨ ਮੰਤਰਾਲਾ, ਨਵੀਂ ਦਿੱਲੀ ਦੇ ਸਾਲ 2017-18 ਦੇ ਸਲਾਨਾ ਪਲਾਨ ਵਿੱਚ ਮਨਜ਼ੂਰ ਹੈ ਅਤੇ ਇਸ ਦੀ ਡਿਟੇਲਡ ਪ੍ਰਾਜੈਕਟ ਰਿਪੋਰਟ ਦੀ ਮਨਜ਼ੂਰੀ ਭਾਰਤ ਸਰਕਾਰ ਤੋਂ ਪ੍ਰਾਪਤ ਹੋਣ ਉਪਰੰਤ ਇਸ ਪੁਲ ਦਾ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰ : 1219 ****

**ਮਾਨਯੋਗ ਸਪੀਕਰ** : ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

---

## ਬੱਲੂਆਣਾ ਦੇ ਸਿਵਲ ਹਸਪਤਾਲਾਂ/ਡਿਸਪੈਂਸਰੀਆਂ ਵਿੱਚ ਖਾਲੀ ਪਈ ਅਸਾਮੀਆਂ ਦੀ ਗਿਣਤੀ

*1022. **ਸ਼੍ਰੀ ਨੱਥੂ ਰਾਮ** : ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਬੱਲੂਆਣਾ ਵਿਧਾਨ ਸਭਾ ਚੋਣ ਹਲਕੇ ਵਿੱਚ ਸਿਵਲ ਹਸਪਤਾਲਾਂ ਅਤੇ ਡਿਸਪੈਂਸਰੀਆਂ ਵਿੱਚ ਸ਼੍ਰੇਣੀਵਾਰ ਖਾਲੀ ਪਈਆਂ ਅਸਾਮੀਆਂ ਦੀ ਗਿਣਤੀ ਕਿੰਨੀ ਹੈ ;

(ਅ) ਇਨ੍ਹਾਂ ਅਸਾਮੀਆਂ ਨੂੰ ਭਰਨ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ ਅਤੇ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

**ਸ਼੍ਰੀ ਬ੍ਰਹਮ ਮਹਿੰਦਰਾ** : ਸ਼੍ਰੀਮਾਨ ਜੀ,ਵਿਧਾਨ ਸਭਾ ਹਲਕਾ, ਬੱਲੂਆਣਾ ਅਧੀਨ ਸਿਹਤ ਵਿਭਾਗ ਦੀਆਂ ਸਿਹਤ ਸੰਸਥਾਵਾਂ ਸੀ.ਐਚ.ਸੀ. ਸੀਤੋਗੁਨੋ ਦੇ ਪ੍ਰਬੰਧਕੀ ਕੰਟਰੋਲ ਅਧੀਨ ਕੰਮ ਕਰ

---

** ਡਿਬੇਟ ਦੀ ਛਪਾਈ ਹੋਣ ਤੱਕ ਨਿਸ਼ਾਨ ਵਾਲਾ ਪ੍ਰਸ਼ਨ ਨੰ:1219 ਦਾ ਜਵਾਬ ਪ੍ਰਾਪਤ ਨਹੀਂ ਹੋਇਆ।

ਰਹੀਆਂ ਹਨ। ਸੀ.ਐਚ.ਸੀ. ਸੀਤੋਂਗੁਨੋ ਅਧੀਨ ਇਸ ਸਮੇਂ ਹੇਠ ਲਿਖੇ ਅਨੁਸਾਰ ਅਸਾਮੀਆਂ ਖਾਲੀ ਹਨ :

| **ਅਸਾਮੀ ਦਾ ਨਾਮ** | **ਮਨਜ਼ੂਰਸ਼ੁਦਾ ਅਸਾਮੀਆਂ** | **ਭਰੀਆਂ ਅਸਾਮੀਆਂ** | **ਖਾਲੀ ਅਸਾਮੀਆਂ** |
|---|---|---|---|
| ਮੈਡੀਕਲ ਅਫਸਰ (ਗਾਇਨੋਕਾਲੋਜਿਸਟ) | 01 | 0 | 01 |
| ਮੈਡੀਕਲ ਅਫਸਰ | 09 | 04 | 05 |
| ਫਾਰਮਾਸਿਸਟ | 08 | 06 | 02 |
| ਐਮ.ਐਲ.ਟੀ. | 10 | 02 | 08 |
| ਸਟਾਫ ਨਰਸ | 17 | 04 | 13 |
| ਸਟਾਫ ਨਰਸ (ਐਨ.ਐਚ.ਐਮ.) | 11 | 04 | 07 |
| ਮਲਟੀਪਰਪਜ਼ ਹੈਲਥ ਸੁਪਰਵਾਈਜ਼ਰ (ਮੇਲ) | 05 | 02 | 03 |
| ਮਲਟੀਪਰਪਜ਼ ਹੈਲਥ ਸੁਪਰਵਾਈਜ਼ਰ (ਫੀਮੇਲ) | 05 | 04 | 01 |
| ਮਲਟੀਪਰਪਜ਼ ਹੈਲਥ ਵਰਕਰ (ਫੀਮੇਲ) | 42 | 33 | 09 |
| ਮਲਟੀਪਰਪਜ਼ ਹੈਲਥ ਵਰਕਰ (ਮੇਲ) | 28 | 16 | 12 |
| ਦਰਜਾ-4 | 39 | 21 | 18 |

ਉਕਤ ਦਰਸਾਈਆਂ ਖਾਲੀ ਅਸਾਮੀਆਂ ਨੂੰ ਭਰਨ ਲਈ ਵਿਭਾਗ ਵੱਲੋਂ ਉਪਰਾਲੇ ਕੀਤੇ ਜਾ ਰਹੇ ਹਨ ।

---

## ਪਠਾਨਕੋਟ ਦੇ ਸਕੂਲਾਂ ਵਿੱਚ ਆਈ.ਵੀ. ਕਲਾਸ ਰੂਮਜ਼ ਬਣਾਉਣਾ

*961. **ਸ਼੍ਰੀ ਅਮਿਤ ਵਿੱਜ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਠਾਨਕੋਟ ਦੇ ਤਿੰਨ ਸਰਕਾਰੀ ਸਕੂਲਾਂ ਵਿੱਚ ਇੰਟਰਐਕਟਿਵ ਵਰਚੂਅਲ ਕਲਾਸ ਰੂਮਜ਼ ਦੀ ਸਥਾਪਨਾ ਕਰਨ ਲਈ ਲਗਪਗ 70 ਲੱਖ ਦਾ ਬਜਟ ਕਦੋਂ ਜਾਰੀ ਕਰਨ ਦੀ ਸੰਭਾਵਨਾ ਹੈ ?

**ਸ਼੍ਰੀਮਤੀ ਅਰੁਨਾ ਚੌਧਰੀ :** ਸਰਕਾਰੀ ਸਕੂਲਾਂ ਵਿੱਚ ਇੰਟਰਐਕਟਿਵ ਵਰਚੂਅਲ ਕਲਾਸ ਰੂਮਜ਼ ਦੀ ਸਥਾਪਨਾ ਕਰਨ ਸੰਬੰਧੀ ਵਿਭਾਗ ਦੀ ਅਜੇ ਕੋਈ ਤਜਵੀਜ਼ ਨਹੀਂ ਹੈ ।

---

## UNSTARRED QUESTIONS AND ANSWERS

## ਆਰਮੀ ਦੇ ਕਬਜ਼ੇ ਵਾਲੀ ਜ਼ਮੀਨ ਐਕੁਆਇਰ ਕਰਕੇ ਬਦਲੇ ਵਿੱਚ ਹੋਰ ਜ਼ਮੀਨ ਦੇਣਾ

145. **ਸਰਦਾਰ ਕੁਲਤਾਰ ਸਿੰਘ ਸੰਧਵਾਂ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਕੀ ਇਹ ਠੀਕ ਹੈ ਕਿ ਕਰੀਬ ਦੋ ਸਾਲ ਪਹਿਲਾਂ ਜਲੰਧਰ ਵਿਖੇ ਆਰਮੀ ਦੇ ਕਬਜ਼ੇ ਵਾਲੀ 10 ਏਕੜ ਜ਼ਮੀਨ ਐਕੁਆਇਰ ਕੀਤੀ ਗਈ ਸੀ ਤਾਂ ਜੋ ਪੀ.ਏ.ਪੀ. ਚੌਕ ਵਿਖੇ ਨੈਸ਼ਨਲ ਹਾਈਵੇ ਨੂੰ ਚੌੜਾ ਕੀਤਾ ਜਾ ਸਕੇ;

(ਅ) ਕੀ ਇਹ ਵੀ ਠੀਕ ਹੈ ਕਿ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਪੰਜਾਬ ਸਰਕਾਰ ਵੱਲੋਂ ਆਰਮੀ ਦੇ ਕਬਜ਼ੇ ਵਾਲੀ 47 ਏਕੜ ਜ਼ਮੀਨ ਐਕੁਆਇਰ ਕੀਤੀ ਗਈ ਸੀ ;

(ੲ) ਕੀ ਇਹ ਵੀ ਠੀਕ ਹੈ ਕਿ ਉਪਰੋਕਤ ਭਾਗ (ੳ) ਅਤੇ (ਅ) ਵਿੱਚ ਦਰਜ ਆਰਮੀ ਦੇ ਕਬਜ਼ੇ ਵਾਲੀਆਂ ਜ਼ਮੀਨਾਂ ਦੇ ਬਦਲੇ ਪੰਜਾਬ ਸਰਕਾਰ ਵੱਲੋਂ ਨਵਾਂਸ਼ਹਿਰ ਵਿਖੇ 100 ਏਕੜ ਜ਼ਮੀਨ ਦਿੱਤੀ ਜਾਣੀ ਸੀ ਜੋ ਅਜੇ ਤੱਕ ਨਹੀਂ ਦਿੱਤੀ ਗਈ ;

(ਸ) ਕੀ ਪੰਜਾਬ ਸਰਕਾਰ ਵੱਲੋਂ ਕੀਤੀ ਗਈ ਵਾਅਦਾ ਖਿਲਾਫੀ ਕਾਰਨ ਪੰਜਾਬ ਸਰਕਾਰ ਦੇ ਅਕਸ ਨੂੰ ਢਾਹ ਨਹੀਂ ਲੱਗੀ ਅਤੇ ਇਸ ਦੇ ਲਈ ਕਿਹੜੇ ਕਿਹੜੇ ਅਧਿਕਾਰੀ ਜ਼ਿੰਮੇਵਾਰ ਹਨ ?

**ਕੈਪਟਨ ਅਮਰਿੰਦਰ ਸਿੰਘ :** (ੳ) ਹਾਂ ਜੀ ।

(ਅ) ਹਾਂ ਜੀ ।

(ੲ) ਹਾਂ ਜੀ ।

(ਸ) ਨਹੀਂ ਜੀ। ਪੰਜਾਬ ਸਰਕਾਰ ਵੱਲੋਂ ਆਰਮੀ ਨੂੰ 100 ਏਕੜ ਜ਼ਮੀਨ ਦੇਣ ਸਬੰਧੀ The Right to Fair Compensation and Transparency in Land Acquisition, Rehabilitation and Resettlement Act, 2013 ਅਧੀਨ ਐਕੁਆਇਰ ਕਰਨ ਲਈ ਡਿਪਟੀ ਕਮਿਸ਼ਨਰ, ਸ਼ਹੀਦ ਭਗਤ ਸਿੰਘ ਨਗਰ ਨੂੰ ਸਰਕਾਰ ਵੱਲੋਂ ਪ੍ਰਵਾਨਗੀ ਜਾਰੀ ਕੀਤੀ ਹੋਈ ਹੈ ਅਤੇ ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ, ਜੋ ਕਿ ਭਾਰਤ ਸਰਕਾਰ ਦਾ ਅਦਾਰਾ ਹੈ, ਵਾਸਤੇ ਐਕੁਆਇਰ ਕੀਤੀ ਗਈ ਜ਼ਮੀਨ ਦੇ ਇਵਜ਼ ਵਿੱਚ ਜ਼ਮੀਨ ਐਕੁਆਇਰ ਕਰਨ ਵਾਸਤੇ ਕਾਰਵਾਈ ਭਾਰਤ ਸਰਕਾਰ ਦੇ ਰੱਖਿਆ ਮੰਤਰਾਲੇ ਵੱਲੋਂ ਅਰੰਭੀ ਜਾਣੀ ਹੈ ।

## ਪੋਸਟ ਮੈਟ੍ਰਿਕ ਸਕਾਲਰਸ਼ਿਪ ਤਹਿਤ ਪ੍ਰਾਈਵੇਟ ਸਕੂਲਾਂ ਵੱਲੋਂ ਹੜੱਪ ਕੀਤੀ ਗਈ ਰਕਮ ਦਾ ਵੇਰਵਾ

146. **ਸਰਦਾਰ ਕੁਲਤਾਰ ਸਿੰਘ ਸੰਧਵਾਂ :** ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਅਕਾਲੀ ਭਾਜਪਾ ਸਰਕਾਰ ਸਮੇਂ ਆਡਿਟ ਪਾਰਟੀ ਵੱਲੋਂ ਪਾਇਆ ਗਿਆ ਸੀ ਕਿ 32000 ਜਾਅਲੀ ਵਿਦਿਆਰਥੀਆਂ ਦੀ ਭਰਤੀ ਦਿਖਾ ਕੇ ਕਰੀਬ 100 ਕਰੋੜ ਰੁਪਏ ਦੀ ਰਕਮ ਪ੍ਰਾਈਵੇਟ ਸਕੂਲਾਂ ਵੱਲੋਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਹੜੱਪ ਕੀਤੀ ਗਈ ਹੈ ; ਜੇਕਰ ਅਜਿਹਾ ਹੋਵੇ ਤਾਂ ਇਸ ਫਰਾਡ ਵਿੱਚ ਕਿਹੜੇ ਕਿਹੜੇ ਸਕੂਲ ਸ਼ਾਮਲ ਸਨ;

(ਅ) ਕੀ ਉਪਰੋਕਤ ਭਾਗ (ੳ) ਵਿੱਚ ਦਰਜ ਸਕੂਲਾਂ ਅਤੇ ਸੰਬੰਧਿਤ ਵਿਅਕਤੀਆਂ/ ਕਰਮਚਾਰੀਆਂ ਖਿਲਾਫ ਪੰਜਾਬ ਸਰਕਾਰ ਨੇ ਕੋਈ ਕਾਰਵਾਈ ਕੀਤੀ ਹੈ, ਬਾਰੇ ਦੱਸਿਆ ਜਾਵੇ ਜੀ ।

**ਸਰਦਾਰ ਸਾਧੂ ਸਿੰਘ :** (ੳ) ਅਕਾਲੀ ਭਾਜਪਾ ਸਰਕਾਰ ਸਮੇਂ ਪ੍ਰਾਈਵੇਟ ਸਕੂਲਾਂ ਦਾ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦਾ ਕੋਈ ਆਡਿਟ ਨਹੀਂ ਕਰਵਾਇਆ ਗਿਆ ।

(ਅ) ਨਹੀਂ ਜੀ ।

---

## ਸਰਕਾਰੀ ਬਹੁ-ਤਕਨੀਕੀ ਕਾਲਜ, ਕੋਟਕਪੂਰਾ ਵਿਖੇ ਚੱਲ ਰਹੇ ਕੋਰਸਾਂ ਦਾ ਵੇਰਵਾ

147. **ਸਰਦਾਰ ਕੁਲਤਾਰ ਸਿੰਘ ਸੰਧਵਾਂ :** ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਸਰਕਾਰੀ ਬਹੁ ਤਕਨੀਕੀ ਕਾਲਜ, ਕੋਟਕਪੂਰਾ ਵਿਖੇ ਕਿਹੜੇ ਕਿਹੜੇ ਕੋਰਸ ਚੱਲ ਰਹੇ ਹਨ ਅਤੇ ਕੀ ਹਰੇਕ ਕੋਰਸ ਲਈ ਮਨਜ਼ੂਰਸ਼ੁਦਾ ਅਸਾਮੀਆਂ ਪੂਰੀਆਂ ਹਨ; ਜੇਕਰ ਖਾਲੀ ਹਨ ਤਾਂ ਕਦੋਂ ਤੋਂ ਅਤੇ ਕਦੋਂ ਤੱਕ ਭਰੇ ਜਾਣ ਦੀ ਸੰਭਾਵਨਾ ਹੈ ;

(ਅ) ਸਰਕਾਰੀ ਬਹੁ ਤਕਨੀਕੀ ਕਾਲਜ, ਕੋਟਕਪੂਰਾ ਵਿੱਚ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਕਿਹੜੀਆਂ ਕਿਹੜੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ?

**ਸਰਦਾਰ ਚਰਨਜੀਤ ਸਿੰਘ ਚੰਨੀ :** (ੳ) ਸਰਕਾਰੀ ਬਹੁ-ਤਕਨੀਕੀ ਕਾਲਜ, ਕੋਟਕਪੂਰਾ ਵਿਖੇ ਦੋ ਡਿਪਲੋਮਾ ਕੋਰਸ (1) ਕੰਪਿਊਟਰ ਇੰਜੀਨੀਅਰਿੰਗ ਅਤੇ (2) ਇਲੈਕਟ੍ਰਾਨਿਕਸ ਅਤੇ ਕਮਿਊਨੀਕੇਸ਼ਨ ਇੰਜੀਨੀਅਰਿੰਗ ਚੱਲ ਰਹੇ ਹਨ । ਕੋਰਸਵਾਰ ਅਸਾਮੀਆਂ ਦਾ ਵੇਰਵਾ ਹੇਠ ਅਨੁਸਾਰ ਹੈ :

| ਕੋਰਸ ਦਾ ਨਾਂ | ਪ੍ਰਵਾਨਿਤ ਅਸਾਮੀਆਂ | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ |
|---|---|---|---|
| ਕੰਪਿਊਟਰ ਇੰਜੀਨੀਅਰਿੰਗ | 6 | 4 | 2 |
| ਇਲੈਕਟ੍ਰਾਨਿਕਸ ਅਤੇ ਕਮਿਊਨੀਕੇਸ਼ਨ ਇੰਜੀਨੀਅਰਿੰਗ | 6 | 1 | 5 |

ਦੋਵੇਂ ਕੋਰਸਾਂ ਲਈ ਖਾਲੀ 7 ਅਸਾਮੀਆਂ ਭਰਨ ਲਈ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ ।

(ਅ) ਸਰਕਾਰੀ ਬਹੁ ਤਕਨੀਕੀ ਕਾਲਜ, ਕੋਟਕਪੂਰਾ ਦੇ ਅਨੁਸੂਚਿਤ ਜਾਤੀ ਸ਼੍ਰੇਣੀ ਦੇ ਵਿਦਿਆਰਥੀਆਂ ਦੇ ਦਾਖਲੇ ਵਿੱਚ ਰਾਖਵਾਂਕਰਨ ਦਿੱਤਾ ਜਾਂਦਾ ਹੈ ਅਤੇ ਜੇਕਰ ਉਨ੍ਹਾਂ ਦੇ ਮਾਪਿਆਂ ਦੀ ਸਲਾਨਾ ਆਮਦਨ 2.50 ਲੱਖ ਰੁਪਏ ਤੋਂ ਘੱਟ ਹੈ ਤਾਂ ਉਨ੍ਹਾਂ ਤੋਂ ਕੋਈ ਫੀਸ ਨਹੀਂ ਲਈ ਜਾਂਦੀ ।

---

## ਜ਼ਿਲ੍ਹਾ ਸੰਗਰੂਰ ਦੇ ਸਰਕਾਰੀ ਕੁਆਰਟਰਾਂ ਦੀ ਰਿਪੇਅਰ ਦਾ ਵੇਰਵਾ

153. **ਸਰਦਾਰ ਹਰਪਾਲ ਸਿੰਘ ਚੀਮਾ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਸੰਗਰੂਰ ਦੇ ਡਿਪਟੀ ਕਮਿਸ਼ਨਰ/ਹਾਊਸ ਅਲਾਟਮੈਂਟ ਕਮੇਟੀ ਵੱਲੋਂ ਜ਼ਿਲ੍ਹਾ ਸੰਗਰੂਰ ਵਿਚ ਕਿੰਨੇ ਸਰਕਾਰੀ ਕੁਆਰਟਰ 2007 ਤੋਂ ਲੈ ਕੇ ਦਸੰਬਰ, 2017 ਤੱਕ ਕਿੰਨੀ ਵਾਰ ਰਿਪੇਅਰ ਹੋਏ ਹਨ ਅਤੇ ਕਿਹੜੇ-ਕਿਹੜੇ ਸਰਕਾਰੀ ਕੁਆਰਟਰਾਂ ਉੱਤੇ 1 ਲੱਖ ਤੋਂ ਵੱਧ ਰਾਸ਼ੀ ਖਰਚੀ ਗਈ ਹੈ ?

**ਸ਼੍ਰੀਮਤੀ ਰਜ਼ੀਆ ਸੁਲਤਾਨਾ :** ਸ਼੍ਰੀਮਾਨ ਜੀ, ਸਾਲ 2007 ਤੋਂ 2017 ਤੱਕ ਜ਼ਿਲ੍ਹਾ ਸੰਗਰੂਰ ਵਿੱਚ ਡੀ.ਸੀ. ਵੱਲੋਂ ਅਲਾਟ ਕੀਤੇ ਗਏ ਕੁੱਲ 205 ਸਰਕਾਰੀ ਮਕਾਨ ਰਿਪੇਅਰ ਕੀਤੇ ਗਏ ਹਨ ਜਿਸ ਦਾ ਵੇਰਵਾ ਇਸ ਪ੍ਰਕਾਰ ਹੈ :

125 ਦੀ ਮੁਰੰਮਤ ਇੱਕ ਵਾਰ, 52 ਦੀ ਮੁਰੰਮਤ ਦੋ ਵਾਰ, 18 ਦੀ ਮੁਰੰਮਤ ਤਿੰਨ ਵਾਰ, 6 ਦੀ ਮੁਰੰਮਤ ਚਾਰ ਵਾਰ ਅਤੇ 2 ਦੀ ਮੁਰੰਮਤ ਅੱਠ ਵਾਰ ਕੀਤੀ ਗਈ ਹੈ।

ਕੁੱਲ 20 ਮਕਾਨਾਂ ਉੱਪਰ 1 ਲੱਖ ਰੁਪਏ ਤੋਂ ਵੱਧ ਦੀ ਰਾਸ਼ੀ ਨਾਲ ਰਿਪੇਅਰ ਦਾ ਕੰਮ ਕੀਤਾ ਗਿਆ ਹੈ ਜਿਸ ਦਾ ਵੇਰਵਾ ਇਸ ਪ੍ਰਕਾਰ ਹੈ :

ਡਿਪਟੀ ਕਮਿਸ਼ਨਰ ਕੋਠੀ ਸੰਗਰੂਰ, ਐਡੀਸ਼ਨਲ ਡਿਪਟੀ ਕਮਿਸ਼ਨਰ ਸੰਗਰੂਰ, ਸੈਸ਼ਨ ਜੱਜ, 2 ਐਡੀਸ਼ਨਲ ਸੈਸ਼ਨ ਹਾਊਸ, 8 ਜੱਜਾਂ ਦੀਆਂ ਕੋਠੀਆਂ, 2 ਜੱਜਾਂ ਦੀਆਂ ਰਿਹਾਇਸ਼ਾਂ ਸੁਨਾਮ ਵਿਖੇ, ਉੱਪ ਮੰਡਲ ਮੈਜਿਸਟਰੇਟ ਸੰਗਰੂਰ, ਉੱਪ ਮੰਡਲ ਮੈਜਿਸਟਰੇਟ ਸੁਨਾਮ, ਕਾਰਜਕਾਰੀ ਇੰਜੀਨੀਅਰ ਦੀਆਂ ਰਿਹਾਇਸ਼ਾਂ ਤੇ ਕੁਆਰਟਰ ਨੰ: ਐਫ-1 ਅਤੇ 1 ਏ ਟਾਈਪ ਉੱਪਰ ਪ੍ਰਤੀ ਸਾਲ 1 ਲੱਖ ਰੁਪਏ ਤੋਂ ਵੱਧ ਖਰਚ ਕੀਤਾ ਗਿਆ ਹੈ ਜੀ।

---

## ਪੈਕਿੰਗ ਅਤੇ ਲੀਗਲ ਮੀਟਰਾਲੋਜੀ ਐਕਟ ਲਾਗੂ ਕਰਨਾ

154. **ਸਰਦਾਰ ਕੁਲਤਾਰ ਸਿੰਘ ਸੰਧਵਾਂ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਕੀ ਪੈਕਿੰਗ ਅਤੇ ਲੀਗਲ ਮੀਟਰਾਲੋਜੀ ਐਕਟ ਦੇ ਅਧੀਨ ਹਰੇਕ ਆਟੇ ਦੀ ਥੈਲੀ ਤੇ ਤਿਆਰ ਕਰਨ ਦੀ ਮਿਤੀ, ਖਰਾਬ ਹੋਣ ਦੀ ਮਿਤੀ, ਬੈਚ ਨੰਬਰ ਅਤੇ ਕੀਮਤ ਆਦਿ ਪ੍ਰਿੰਟ ਹੋਣਾ ਲਾਜ਼ਮੀ ਹੈ ?

(ਅ) ਜੇਕਰ ਅਜਿਹਾ ਹੋਵੇ ਤਾਂ ਉਪਰੋਕਤ ਐਕਟ ਨੂੰ ਲਾਗੂ ਕਰਨ ਲਈ ਪੰਜਾਬ ਵਿੱਚ ਅਪ੍ਰੈਲ, 2016 ਤੋਂ 31 ਮਾਰਚ, 2017 ਤੱਕ ਕਿੰਨੇ ਸੈਂਪਲ ਲਏ ਗਏ ਹਨ ਅਤੇ ਇਨ੍ਹਾਂ ਸੈਂਪਲਾਂ ਦਾ ਜ਼ਿਲ੍ਹਾ ਵਾਰ ਸਿੱਟਾ ਕੀ ਨਿਕਲਿਆ ਹੈ ?

**ਕੈਪਟਨ ਅਮਰਿੰਦਰ ਸਿੰਘ :** (ੳ) ਲੀਗਲ ਮੀਟਰਾਲੋਜੀ ਐਕਟ, 2009 ਅਧੀਨ ਬਣੇ ਲੀਗਲ ਮੀਟਰਾਲੋਜੀ ਪੈਕੇਜ਼ਡ ਕਮੋਡਿਟੀ ਰੂਲਜ਼, 2011 ਅਧੀਨ ਆਟੇ ਦੀ ਥੈਲੀ ਉੱਤੇ ਕੀਮਤ ਅੰਕਿਤ ਕੀਤਾ ਜਾਣਾ, (MRP), ਨਿਰਮਾਣਕਰਤਾ ਕੰਪਨੀ, ਪੈਕਰ-ਇੰਪੋਰਟਰ ਦਾ ਨਾਮ ਅਤੇ ਪਤਾ, ਮਾਤਰਾ, ਵਸਤੂ ਦਾ ਨਾਮ ਅਤੇ ਕਸਟਮਰ ਕੇਅਰ ਨੰਬਰ ਆਦਿ ਅੰਕਿਤ ਹੋਣਾ ਲਾਜ਼ਮੀ ਹੈ, ਪਰੰਤੂ ਨਿਰਮਾਣ ਅਤੇ ਖਰਾਬ ਹੋਣ ਦੀ ਮਿਤੀ, ਫੂਡ ਪਰੀਵੈਨਸ਼ਨ ਅਤੇ ਅਡਲਟਰੇਸ਼ਨ ਐਕਟ ਅਨੁਸਾਰ ਲਿਖੀ ਜਾਂਦੀ ਸੀ। ਇਕ ਹੋਰ ਸੋਧ ਜੋ ਪੈਕਜ ਰੂਲਾਂ ਅਨੁਸਾਰ 01.01.2018 ਨੂੰ ਲਾਗੂ ਕੀਤੀ ਗਈ ਹੈ ਅਤੇ ਜੋ ਲੀਗਲ ਮੀਟਰਾਲੋਜੀ ਐਕਟ ਅਧੀਨ ਵੀ ਲਾਜ਼ਮੀ ਹੋ ਗਈ ਹੈ, ਉਸ ਅਨੁਸਾਰ ਨਿਰਮਾਣ ਅਤੇ ਖਰਾਬ ਹੋਣ ਦੀ ਮਿਤੀ ਨੂੰ ਲਿਖਣਾ ਵੀ ਲਾਜ਼ਮੀ ਕੀਤਾ ਗਿਆ ਹੈ ਪਰੰਤੂ ਇਸ ਸੋਧ ਨੂੰ ਲਾਗੂ ਕਰਨ ਲਈ 31.03.2018 ਤੱਕ ਭਾਰਤ ਸਰਕਾਰ ਵੱਲੋਂ ਛੋਟ ਦਿੱਤੀ ਗਈ ਹੈ।

**(ਅ)** ਲੋੜੀਂਦੀ ਸੂਚਨਾ ਨੱਥੀ ਸਟੇਟਮੈਂਟ ਵਿੱਚ ਦਿੱਤੀ ਗਈ ਹੈ।

### ਸਟੇਟਮੈਂਟ

**ਸਾਲ : 01.04.2016 ਤੋਂ 31.03.2017 ਤੱਕ**

| ਜਿਲ੍ਹਾ | ਨਿਰੀਖਣ | ਕੀਤੇ ਚਲਾਨ | ਭੁਗਤਾਏ ਚਲਾਨ | ਕੰਪਾਊਂਡਿੰਗ ਫੀਸ |
|---|---|---|---|---|
| ਰੋਪੜ | 8 | 3 | 3 | 35,000 |
| ਲੁਧਿਆਣਾ | 21 | 5 | 5 | 44,000 |
| ਸੰਗਰੂਰ | 7 | 1 | 1 | 25,000 |
| ਬਰਨਾਲਾ | 2 | ਨਿਲ | ਨਿਲ | ਨਿਲ |
| ਮੋਹਾਲੀ | 6 | ਨਿਲ | ਨਿਲ | ਨਿਲ |
| ਸ਼੍ਰੀ ਫਤਿਹਗੜ੍ਹ ਸਾਹਿਬ | 5 | ਨਿਲ | ਨਿਲ | ਨਿਲ |
| ਪਟਿਆਲਾ | 12 | 2 | 2 | 5,000 |
| ਅੰਮ੍ਰਿਤਸਰ | 17 | 9 | 9 | 44,500 |
| ਗੁਰਦਾਸਪੁਰ | 10 | 2 | 2 | 25,000 |
| ਹੁਸ਼ਿਆਰਪੁਰ | 8 | 3 | 3 | 21,500 |
| ਜਲੰਧਰ | 12 | 7 | 7 | 36,000 |
| ਪਠਾਨਕੋਟ | 8 | 5 | 5 | 34,000 |

[ਮੁੱਖ ਮੰਤਰੀ]

| | | | | |
|---|---|---|---|---|
| ਕਪੂਰਥਲਾ | 12 | 10 | 10 | 82,000 |
| ਨਵਾਂ ਸ਼ਹਿਰ | 5 | 2 | 2 | 5,000 |
| ਤਰਨਤਾਰਨ | 2 | ਨਿਲ | ਨਿਲ | ਨਿਲ |
| ਫਿਰੋਜ਼ਪੁਰ | 10 | 2 | 2 | 5,000 |
| ਮੋਗਾ | 6 | 1 | 1 | 2,500 |
| ਫਰੀਦਕੋਟ | 5 | 1 | 1 | 2,500 |
| ਸ਼੍ਰੀ ਮੁਕਤਸਰ ਸਾਹਿਬ | 8 | 2 | 2 | 5,000 |
| ਫਾਜ਼ਿਲਕਾ | 6 | 1 | 1 | 2,500 |
| ਬਠਿੰਡਾ | 13 | 3 | 3 | 7,500 |
| ਮਾਨਸਾ | 8 | 1 | 1 | 2,500 |
| ਜੋੜ | 193 | 60 | 60 | 3,79500 |

**ਬਿਨਾਂ ਨਿਸ਼ਾਨ ਵਾਲਾ ਪ੍ਰਸ਼ਨ ਨੰ. : 183***

(ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ।)

**ਬਿਨਾਂ ਨਿਸ਼ਾਨ ਵਾਲਾ ਪ੍ਰਸ਼ਨ ਨੰ. : 184 ****

(ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ।)

## ਸੂਬੇ ਵਿੱਚ ਅੰਗਹੀਣਾਂ ਦੀ ਗਿਣਤੀ

185. **ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

ੳ) ਸੂਬੇ ਵਿੱਚ ਅੰਗਹੀਣਾਂ ਦੀ ਕੁੱਲ ਗਿਣਤੀ ਕਿੰਨੀ ਹੈ: ਇਨ੍ਹਾਂ ਵਿਚੋਂ ਕਿੰਨੇ ਅੰਗਹੀਣਾਂ ਨੂੰ ਹੁਣ ਤੱਕ ਅਪੰਗਤਾ ਸਰਟੀਫਿਕੇਟ ਜਾਰੀ ਹੋ ਚੁੱਕੇ ਹਨ ਅਤੇ ਕਿੰਨੇ ਬਾਕੀ ਹਨ ਜਿਨ੍ਹਾਂ ਕੋਲ ਅਪੰਗਤਾ ਸਰਟੀਫਿਕੇਟ ਨਹੀਂ ਹਨ ?

ਅ) ਕੀ ਸਵੈਲੰਬਤ ਬੀਮਾ ਅਧੀਨ ਸੂਬੇ ਦੇ ਅੰਗਹੀਣ ਲੋਕਾਂ ਨੂੰ ਮੈਡੀਕਲ ਬੀਮਾ ਸਕੀਮ ਵਿੱਚ ਕਵਰ ਕੀਤਾ ਗਿਆ ਹੈ ?

ੲ) ਸਾਲ 2016-17, 2017-18 ਵਿੱਚ ਅੰਗਹੀਣਾਂ ਨੂੰ ਕਿੰਨੇ ਮਹੀਨਿਆਂ ਦੀ ਪੈਨਸ਼ਨ ਦਿੱਤੀ ਗਈ ਅਤੇ ਕਿੰਨੇ ਮਹੀਨਿਆਂ ਦੀ ਬਕਾਇਆ ਹੈ ?

ਸ) ਅਪੰਗ ਵਿਅਕਤੀ ਨੂੰ ਪੈਨਸ਼ਨ ਦੇਣ ਲਈ ਕੀ ਨਿਯਮ ਹਨ ਅਤੇ ਨਿਯਮਾਂ ਅਨੁਸਾਰ ਪੈਨਸ਼ਨ ਕਿੰਨੇ ਸਮੇਂ ਵਿੱਚ ਜਾਰੀ ਕਰ ਦਿੱਤੀ ਜਾਂਦੀ ਹੈ ?

* ਡਿਬੇਟ ਦੀ ਛਪਾਈ ਹੋਣ ਤੱਕ ਬਿਨਾਂ ਨਿਸ਼ਾਨ ਵਾਲਾ ਪ੍ਰਸ਼ਨ ਨੰ:183 ਦਾ ਜਵਾਬ ਪ੍ਰਾਪਤ ਨਹੀਂ ਹੋਇਆ।

** For Unstarred Question No. 184 and reply thereto, please see Appendix to this Debates.

**ਸ਼੍ਰੀਮਤੀ ਰਜ਼ੀਆ ਸੁਲਤਾਨਾ :** ਸ਼੍ਰੀਮਾਨ ਜੀ, (ੳ) ਸੂਬੇ ਵਿੱਚ ਅੰਗਹੀਣਾਂ ਦੀ ਗਿਣਤੀ 654034 ਹੈ, ਹੁਣ ਤੱਕ 382081 ਅੰਗਹੀਣਾਂ ਨੂੰ ਅਪੰਗਤਾ ਸਰਟੀਫਿਕੇਟ ਜਾਰੀ ਹੋ ਚੁੱਕੇ ਹਨ ਅਤੇ 271953 ਕੋਲ ਅਪੰਗਤਾ ਸਰਟੀਫਿਕੇਟ ਨਹੀਂ ਹਨ।

(ਅ) ਸਵੈਲੰਬਤ ਬੀਮਾ ਸਕੀਮ ਭਾਰਤ ਸਰਕਾਰ ਦੀ ਸਕੀਮ ਹੈ। ਅੰਗਹੀਣਾਂ ਨੂੰ ਇਸ ਸਕੀਮ ਅਧੀਨ ਕਵਰ ਕੀਤਾ ਜਾਂਦਾ ਹੈ।

(ੲ)

| ਲੜੀ ਨੰ. | ਸਾਲ | ਅੰਗਹੀਣਾਂ ਨੂੰ ਜਿੰਨੇ ਮਹੀਨਿਆਂ ਦੀ ਪੈਨਸ਼ਨ ਦਿੱਤੀ ਗਈ | ਬਕਾਇਆ ਰਹਿੰਦੇ ਮਹੀਨੇ |
|---|---|---|---|
| 1. | 2016-2017 | ਮਾਰਚ, 2016 ਤੋਂ ਅਕਤੂਬਰ, 2016 | ਨਵੰਬਰ, 2016 ਤੋਂ ਫਰਵਰੀ, 2017 |
| 2. | 2017-2018 | ਨਵੰਬਰ, 2016 ਤੋਂ ਅਪ੍ਰੈਲ, 2017, ਦਸੰਬਰ, 2017, ਜਨਵਰੀ ਅਤੇ ਫਰਵਰੀ, 2018 | ਮਈ, 2017 ਤੋਂ ਨਵੰਬਰ, 2017 |

ਸ) ਅਪੰਗ ਵਿਅਕਤੀਆਂ ਨੂੰ ਪੈਨਸ਼ਨ ਦੇਣ ਲਈ ਨਿਯਮ :

1) ਇਸ ਸਕੀਮ ਅਧੀਨ 50% ਜਾਂ ਇਸ ਤੋਂ ਵੱਧ ਅਪੰਗਤਾ ਵਾਲੇ ਵਿਅਕਤੀ ਮਾਲੀ ਸਹਾਇਤਾ ਲਈ ਯੋਗ ਹੋਣਗੇ।
2) ਮੰਦ-ਬੁੱਧੀ ਕਾਰਣ ਅਪੰਗ ਵਿਅਕਤੀਆਂ ਲਈ ਮਾਲੀ ਸਹਾਇਤਾ ਵਾਸਤੇ ਘੱਟ ਤੋਂ ਘੱਟ ਅਪੰਗਤਾ ਦੀ ਕੋਈ ਪ੍ਰਤੀਸ਼ਤਤਾ ਨਿਸ਼ਚਿਤ ਨਹੀਂ ਹੈ।
3) ਆਮਦਨ ਸਾਰੇ ਵਸੀਲਿਆਂ ਤੋਂ ਸਲਾਨਾ ਆਮਦਨ 60,000/- ਤੋਂ ਵੱਧ ਨਹੀਂ ਹੋਣੀ ਚਾਹੀਦੀ।
4) ਅਰਜ਼ੀ ਫਾਰਮ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ, ਬਾਲ ਵਿਕਾਸ ਪ੍ਰੋਜੈਕਟ ਅਫਸਰ (ਸੀ.ਡੀ.ਪੀ.ਓ.) ਦਫਤਰ, ਸੇਵਾ ਕੇਂਦਰਾਂ, ਮਹਿਕਮੇ ਦੀ ਵੈਬ ਸਾਈਟ, ਐਸ.ਡੀ.ਐਮ. ਦਫਤਰ, ਆਂਗਨਵਾੜੀ ਕੇਂਦਰ, ਪੰਚਾਇਤ ਅਤੇ ਬੀ.ਡੀ.ਪੀ.ਓ. ਦਫਤਰ ਵਿੱਚ ਉਪਲਬਧ ਹੋਣਗੇ।
5) ਅਰਜ਼ੀ ਫਾਰਮ ਪ੍ਰਾਪਤ ਹੋਣ ਦੀ ਮਿਤੀ ਤੋਂ ਇੱਕ ਮਹੀਨੇ ਦੇ ਅੰਦਰ-ਅੰਦਰ ਸੀ.ਡੀ.ਪੀ.ਓ. ਦੀ ਪੜਤਾਲ ਉਪਰੰਤ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਵੱਲੋਂ ਪੈਨਸ਼ਨ ਮਨਜ਼ੂਰ ਕੀਤੀ ਜਾਵੇਗੀ।
6) ਤਿਮਾਹੀ ਨਵੇਂ ਲਾਭਪਾਤਰੀ ਸ਼ਾਮਲ ਕਰਨ ਉਪਰੰਤ ਪੈਨਸ਼ਨ ਜਾਰੀ ਕੀਤੀ ਜਾਂਦੀ ਹੈ।

---

**ਬਿਨਾਂ ਨਿਸ਼ਾਨ ਵਾਲਾ ਪ੍ਰਸ਼ਨ ਨੰ. : 186 ****

(ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ।)

---

** For Unstarred Question No. 186 and reply thereto, please see Appendix to this Debates.

**ਬਿਨਾਂ ਨਿਸ਼ਾਨ ਵਾਲਾ ਪ੍ਰਸ਼ਨ ਨੰ. : 187 ****

(ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ।)

---

## ਪੰਜਾਬ ਵਿੱਚ ਮਲਟੀਪਰਪਜ਼ ਹੈਲਥ ਵਰਕਰਜ਼ (ਫੀਮੇਲਜ਼) ਦਾ ਵੇਰਵਾ

188. **ਸਰਦਾਰ ਨਿਰਮਲ ਸਿੰਘ :** ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਇਸ ਵੇਲੇ ਪੰਜਾਬ ਵਿੱਚ ਮਲਟੀਪਰਪਜ਼ ਹੈਲਥ ਵਰਕਰਜ਼ (ਫੀਮੇਲਜ਼) ਦਾ ਪੇਅ-ਸਕੇਲ ਅਤੇ ਗਰੇਡ-ਪੇਅ ਕੀ ਹੈ ;

(ਅ) ਮਲਟੀਪਰਪਜ਼ ਹੈਲਥ ਵਰਕਰਜ਼ (ਫੀਮੇਲਜ਼) ਦੀਆਂ ਅਗਲੀਆਂ ਤਰੱਕੀਸ਼ੁਦਾ (ਨੈਕਸਟ ਪਰਮੋਸ਼ਨਲ ਪੋਸਟਰ) ਅਸਾਮੀਆਂ ਕਿਹੜੀਆਂ ਕਿਹੜੀਆਂ ਹਨ ਅਤੇ ਉਨ੍ਹਾਂ ਦੇ ਪੇਅ ਸਕੇਲਜ਼ ਅਤੇ ਗਰੇਡ ਪੇਅ ਕੀ ਕੀ ਹਨ ;

(ੲ) ਮਲਟੀਪਰਪਜ਼ ਹੈਲਥ ਵਰਕਰਜ਼ (ਫੀਮੇਲਜ਼) ਨੂੰ ਮਹੀਨਾਵਾਰ ਕਿਹੜੇ ਕਿਹੜੇ ਭੱਤੇ ਮਿਲਣਯੋਗ ਹਨ ?

**ਸ਼੍ਰੀ ਬ੍ਰਹਮ ਮਹਿੰਦਰਾ :** ਸ਼੍ਰੀਮਾਨ ਜੀ, (ੳ) ਪੰਜਾਬ ਵਿੱਚ ਮਲਟੀਪਰਪਜ਼ ਹੈਲਥ ਵਰਕਰ (ਫੀਮੇਲ) ਦਾ ਪੇ-ਸਕੇਲ 10300-34800 ਹੈ ਅਤੇ ਗਰੇਡ-ਪੇਅ 3200 ਰੁਪਏ ਹੈ ।

(ਅ) ਮਲਟੀਪਰਪਜ਼ ਹੈਲਥ ਵਰਕਰ (ਫੀਮੇਲ) ਨੂੰ ਅਗਲੀ ਤਰੱਕੀ ਬਤੌਰ ਮਲਟੀਪਰਪਜ਼ ਹੈਲਥ ਸੁਪਰਵਾਈਜ਼ਰ (ਫੀਮੇਲ) ਮਿਲਣਯੋਗ ਹੈ । ਮਲਟੀਪਰਪਜ਼ ਹੈਲਥ ਸੁਪਰਵਾਈਜ਼ਰ (ਫੀਮੇਲ) ਦਾ ਪੇ-ਸਕੇਲ 10300-34800 ਅਤੇ ਗਰੇਡ-ਪੇਅ 4200 ਹੈ ।

(ੲ) ਮਲਟੀਪਰਪਜ਼ ਹੈਲਥ ਵਰਕਰ (ਫੀਮੇਲ) ਨੂੰ ਮਹੀਨਾਵਾਰ ਹੇਠ ਲਿਖੇ ਭੱਤੇ ਮਿਲਣਯੋਗ ਹਨ :

1. ਡੀ.ਏ.
2. ਮੈਡੀਕਲ ਭੱਤਾ
3. ਐਫ.ਟੀ.ਏ.
4. ਵਰਦੀ ਭੱਤਾ
5. ਮੋਬਾਈਲ ਭੱਤਾ
6. ਮਕਾਨ ਕਿਰਾਇਆ ਭੱਤਾ
7. ਵਾਸ਼ਿੰਗ ਭੱਤਾ
8. ਸੀ.ਸੀ.ਏ. ਜਾਂ ਰੂਰਲ ਭੱਤਾ

---

** For Unstarred Question No. 187 and reply thereto, please see Appendix to this Debates.

## ਤਕਨੀਕੀ ਸੰਸਥਾਵਾਂ ਵਿੱਚ ਦਿੱਤੇ ਜਾ ਰਹੇ ਸਿਖਲਾਈ ਕੋਰਸਾਂ ਦਾ ਵੇਰਵਾ

189. **ਸਰਦਾਰ ਨਿਰਮਲ ਸਿੰਘ** : ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

ੳ) ਪੰਜਾਬ ਦੀਆਂ ਸਰਕਾਰੀ ਤਕਨੀਕੀ ਸੰਸਥਾਵਾਂ ਦੁਆਰਾ ਇਸ ਵੇਲੇ ਕਿਹੜੇ-ਕਿਹੜੇ ਕੋਰਸਾਂ ਦੀ ਸਿਖਲਾਈ ਦਿੱਤੀ ਜਾ ਰਹੀ ਹੈ;

ਅ) ਸਰਕਾਰੀ ਤਕਨੀਕੀ ਸੰਸਥਾਵਾਂ ਦੁਆਰਾ ਜਿਨ੍ਹਾਂ ਕੋਰਸਾਂ ਦੀ ਸਿਖਲਾਈ ਦਿੱਤੀ ਜਾ ਰਹੀ ਹੈ, ਉਨ੍ਹਾਂ ਵਿੱਚੋਂ ਕਿਹੜੇ-ਕਿਹੜੇ ਕੋਰਸ ਤਕਨੀਕੀ ਨੇਚਰ ਦੇ ਹਨ ਅਤੇ ਕਿਹੜੇ-ਕਿਹੜੇ ਨਾਨ-ਤਕਨੀਕੀ ਨੇਚਰ ਦੇ ਹਨ;

ੲ) ਕੀ ਪੰਜਾਬ ਦੀਆਂ ਸਰਕਾਰੀ ਤਕਨੀਕੀ ਸੰਸਥਾਵਾਂ ਵਿੱਚ ਲੈਕਚਰਾਰ ਦੀ ਅਸਾਮੀ ਸੁਪਰਵਾਈਜ਼ਰੀ ਨੇਚਰ ਦੀ ਹੈ ਜਾਂ ਨਹੀਂ?

**ਸਰਦਾਰ ਚਰਨਜੀਤ ਸਿੰਘ ਚੰਨੀ :** (ੳ) ਸਰਕਾਰੀ ਤਕਨੀਕੀ ਕਾਲਜ ਜਿਨ੍ਹਾਂ ਵਿੱਚੋਂ ਬਹੁਤਕਨੀਕੀ ਸੰਸਥਾਵਾਂ ਵਿੱਚ 22 ਅਤੇ ਉਦਯੋਗਿਕ ਸਿਖਲਾਈ ਸੰਸਥਾਵਾਂ ਵਿੱਚ 59 ਨਾਲ ਨੱਥੀ ਲਿਸਟ ਅਨੁਲੱਗ 'ੳ' ਅਨੁਸਾਰ ਕੁੱਲ 81 ਕੋਰਸਾਂ ਦੀ ਸਿਖਲਾਈ ਦਿੱਤੀ ਜਾ ਰਹੀ ਹੈ।

(ਅ) ਸਰਕਾਰੀ ਬਹੁਤਕਨੀਕੀ ਸੰਸਥਾਵਾਂ ਦੁਆਰਾ ਚਲਾਏ ਜਾ ਰਹੇ ਸਾਰੇ 22 ਕੋਰਸ ਤਕਨੀਕੀ ਨੇਚਰ ਅਤੇ ਉਦਯੋਗਿਕ ਸਿਖਲਾਈ ਸੰਸਥਾਵਾਂ ਦੁਆਰਾ ਚਲਾਏ ਜਾ ਰਹੇ 34 ਤਕਨੀਕੀ ਅਤੇ 25 ਨਾਨ-ਤਕਨੀਕੀ ਨੇਚਰ ਦੇ ਹਨ ਜਿਨ੍ਹਾਂ ਦਾ ਵੇਰਵਾ ਅਨੁਲੱਗ 'ੳ' ਤੇ ਹੈ।

(ੲ) ਸਰਕਾਰੀ ਬਹੁ-ਤਕਨੀਕੀ ਕਾਲਜਾਂ ਵਿੱਚ ਲੈਕਚਰਾਰ ਦੀ ਅਸਾਮੀ ਸੁਪਰਵਾਈਜ਼ਰੀ ਨੇਚਰ ਦੀ ਨਹੀਂ ਹੈ।

### ਅਨੁਲੱਗ ੳ

ਸਰਕਾਰੀ ਬਹੁਤਕਨੀਕੀ ਕਾਲਜਾਂ ਵਿੱਚ ਚਲਾਏ ਜਾ ਰਹੇ ਕੋਰਸਾਂ ਦੀ ਸੂਚੀ:-

| ਲੜੀ ਨੰ: | ਕੋਰਸ ਦਾ ਨਾਮ |
|---|---|
| 1 | ਆਰਕੀਟੈਕਚੂਰਲ ਅਸਿਸਟੈਂਟਸ਼ਿਪ |
| 2 | ਕੈਮੀਕਲ ਇੰਜੀ: |
| 3 | ਸਿਵਲ ਇੰਜੀ: |
| 4 | ਕੰਪਿਊਟਰ ਇੰਜੀ: |
| 5 | ਇਲੈਕਟ੍ਰੀਕਲ ਇੰਜੀ: |
| 6 | ਇਲੈਕਟ੍ਰਾਨਿਕਸ ਅਤੇ ਕਮਿਊਨੀਕੇਸ਼ਨ ਇੰਜੀ; |
| 7 | ਫੈਸ਼ਨ ਡਿਜ਼ਾਇਨ |
| 8 | ਗਾਰਮੈਂਟ ਟੈਕਨਾਲੋਜੀ |
| 9 | ਇਨਫਰਮੇਸ਼ਨ ਟੈਕਨਾਲੋਜੀ |
| 10 | ਲੈਦਰ ਟੈਕਨਾਲੋਜੀ |
| 11 | ਲੈਦਰ ਟੈਕਨਾਲੋਜੀ (ਫੁਟਵੀਅਰ) |
| 12 | ਲਾਇਬ੍ਰੇਰੀ ਅਤੇ ਇਨਫਰਮੇਸ਼ਨ ਸਾਇੰਸ |

[ਤਕਨੀਕੀ ਸਿੱਖਿਆ ਮੰਤਰੀ]

| | |
|---|---|
| 13 | ਮਕੈਨੀਕਲ ਇੰਜੀ: |
| 14 | ਮਕੈਨੀਕਲ ਇੰਜੀ: (ਰੈਫਰਿਜਰੇਸ਼ਨ ਅਤੇ ਏਅਰ ਕੰਡੀਸ਼ਨਿੰਗ) |
| 15 | ਮੈਡੀਕਲ ਲੈਬ ਟੈਕਨੌਲੋਜੀ |
| 16 | ਮਾਡਰਨ ਆਫਿਸ ਪ੍ਰੈਕਟਿਸ |
| 17 | ਫਾਰਮੇਸੀ |
| 18 | ਪਲਾਸਟਿਕ ਟੈਕਨੌਲੋਜੀ |
| 19 | ਪ੍ਰੋਡਕਸ਼ਨ ਅਤੇ ਇੰਡਸਟ੍ਰੀਅਲ ਇੰਜੀ: |
| 20 | ਟੈਕਸਟਾਈਲ ਡਿਜ਼ਾਇਨ |
| 21 | ਟੈਕਸਟਾਈਲ ਪ੍ਰੋਸੈਸਿੰਗ |
| 22 | ਟੈਕਸਟਾਈਲ ਟੈਕਨੌਲੋਜੀ (ਨੀਟਿੰਗ) |

ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਵਿੱਚ ਚਲਾਏ ਜਾ ਰਹੇ ਕੋਰਸਾਂ ਦੀ ਸੂਚੀ:-

| ਲੜੀ ਨੰ: | **ਕੋਰਸ ਦਾ ਨਾਮ** |
|---|---|
| 1. | ਕੰਪਿਊਟਰ ਹਾਰਡਵੇਅਰ ਅਤੇ ਨੈਟਵਰਕ ਮੈਂਟੀਨੈਂਸ |
| 2. | ਇਲੈਕਟ੍ਰੋਨਿਕ ਮਕੈਨਿਕ |
| 3. | ਮਕੈਨਿਕ ਮੋਟਰ ਵਹਿਕਲ |
| 4. | ਮਕੈਨਿਕ ਟਰੈਕਟਰ |
| 5. | ਮਕੈਨਿਕ ਐਗਰੀਕਲਚਰ ਮਸੀਨਰੀ |
| 6. | ਇਲੈਕਟ੍ਰੀਸਨ |
| 7. | ਮਕੈਨਿਕ ਆਟੋ ਇਲੈਕਟ੍ਰੀਕਲ ਅਤੇ ਇਲੈਕਟ੍ਰੋਨਿਕਸ |
| 8. | ਫਿਜੋਥਰੈਪੀ ਟੈਕਨੀਸ਼ੀਅਨ |
| 9. | ਵੈਲਡਰ |
| 10. | ਮਕੈਨਿਕ ਡੀਜ਼ਲ ਇੰਜਨ |
| 11. | ਵਾਇਰਮੈਨ |
| 12. | ਡਰਾਫਸਮੈਨ ਸਿਵਲ |
| 13. | ਆਰਕੀਟੈਕਚਰਲ ਅਸਿਸਟੈਂਟ |
| 14. | ਆਰਕੀਟੈਕਚਰਲ ਡਰਾਫਸਮੈਨਸਿਪ |
| 15. | ਫੋਡਰੀਮੈਨ ਟੈਕਨੀਕਲ |
| 16. | ਮੈਸਨ (ਬਿਲਡਿੰਗ ਕੰਨਸਟੈਕਟਰ ) |
| 17. | ਪੇਂਟਰ( ਜਨਰਲ) |
| 18. | ਇੰਨਫਰਮੇਸ਼ਨ ਕੌਮਨੀਕੇਸ਼ਨ ਟੈਕਨੌਲੋਜੀ ਸਿਸਟਮ ਮੈਨੀਨਸ |
| 19. | ਡਰਾਫਸਮੈਨ (ਮਕੈਨੀਕਲ) |
| 20. | ਟਰਨਰ |
| 21. | ਮਸ਼ੀਨਿਸਟ |
| 22. | ਮਕੈਨੀਕਲ ਕੰਜਿਊਮਰ ਇਲੈਕਟ੍ਰੋਨਿਕਸ ਅਪਲੈਨਸ਼ਜ਼ |
| 23. | ਵੈਲਡਰ (ਜੀ.ਐਮ.ਏ ਡਬਲਯੂ ਅਤੇ ਜੀ.ਟੀ.ਏ ਡਬਲਯੂ) |

| | |
|---|---|
| 24. | ਸਰਵੇਅਰ |
| 25. | ਇੰਸਟਰੂਮੈਂਟ ਮਕੈਨਿਕ |
| 26. | ਮਸ਼ੀਨਿਸਟ (ਗਰਾਇੰਡਰ ) |
| 27. | ਮਕੈਨਿਕ ਆਟੋ ਬੌਡੀ ਰਿਪੇਅਰ |
| 28. | ਇਲੈਕਟ੍ਰੋਪਲੇਟਰ |
| 29. | ਮਕੈਨਿਕ ਆਟੋ ਬੌਡੀ ਪੇਂਟਿੰਗ |
| 30. | ਟੈਕਸਟਾਈਲ ਵੈਟ ਪ੍ਰੋਸੈਸਿੰਗ ਟੈਕਨੀਸੀਅਨ |
| 31. | ਟੂਲ ਐਂਡ ਡਾਈ ਮੇਕਰ (ਪ੍ਰੈਸ ਟੂਲਜ਼ ਜਿੰਗ ਐਂਡ ਫਿਕਸਚਰ ) |
| 32. | ਮਕੈਨਿਕ ਮਸੀਨ ਟੂਲਜ਼ ਮੈਨੀਨਿਸ |
| 33. | ਸਪਿੰਨਿੰਗ ਟੈਕਨੀਸੀਅਨ |
| 34. | ਲੈਬੋਟਰੀ ਅਸਿਸਟੈਂਟ (ਕੈਮੀਕਲ ਪਲਾਟ-2 ਸਾਲ ) |
| 35. | ਕੰਪਿਊਟਰ ਅਪ੍ਰੇਟਰ ਅਤੇ ਪ੍ਰੋਗਰਾਮਿੰਗ ਅਸਿਸਟੈਂਟ |
| 36. | ਕੰਟਿੰਗ ਸੀਵਿੰਗ ਅਤੇ ਇੰਬਰਾਇਡਰੀ ਟੀਚਰ ਟ੍ਰੇਨਿੰਗ ਕੋਰਸ |
| 37. | ਸੀਵਿੰਗ ਟੈਕਨੌਲੋਜੀ |
| 38. | ਸਰਫਿਸ ਓਰਨਾਮਟੇਸ਼ਨ ਤਕਨੀਕ |
| 39. | ਡਰੈਸ ਮੇਕਿੰਗ |
| 40. | ਆਰਟ ਐਂਡ ਕਰਾਫਟ ਟੀਚਰ ਟ੍ਰੇਨਿੰਗ ਕੋਰਸ |
| 41. | ਪਲੰਬਰ |
| 42. | ਕਾਰਪੇਂਟਰ |
| 43. | ਫਿਟਰ |
| 44. | ਮਕੈਨਿਕ (ਰੈਫਰੀਜਰੇਸ਼ਨ ਅਤੇ ਏਅਰ ਕੰਡੀਸ਼ਨਰ) |
| 45. | ਬੇਸਿਕ ਕੋਸਮਟੋਲੋਜੀ |
| 46. | ਫੈਸ਼ਨ ਡਿਜ਼ਾਈਨਿੰਗ ਟੈਕਨੌਲੋਜੀ |
| 47. | ਪੰਜਾਬੀ ਸਟੈਨੋਗ੍ਰਾਫੀ |
| 48. | ਸਟੈਨੋਗ੍ਰਾਫੀ ਅਤੇ ਸੈਕਰੀਟੇਅਲ ਅਸਿਸਟੈਂਟ (ਅੰਗ੍ਰੇਜੀ) |
| 49. | ਫੂਡ ਅਤੇ ਬੇਵਰਜ ਗੈਸਟ ਸਰਵਿਸ ਅਸਿਸਟੈਂਟ |
| 50. | ਫੂਡ ਪ੍ਰੋਡੈਕਸ਼ਨ (ਜਨਰਲ ) |
| 51. | ਫਰੰਟ ਆਫਿਸ ਅਸਿਸਟੈਂਟ |
| 52. | ਮਕੈਨਿਕ ਡੈਂਟਲ ਲੈਬਾਰਟਰੀ ਇਕਇਪਮੈਂਟ |
| 53. | ਕੰਪਿਊਟਰ ਏਡੀਡ (ਇੰਬਰੋਡਰੀ ਅਤੇ ਡਿਜਾਇੰਨਿੰਗ |
| 54. | ਸੈਕਟ੍ਰੇਰੀਅਲ ਪ੍ਰੈਕਟਿਸ (ਅੰਗਰੇਜ਼ੀ) |
| 55. | ਹਾਊਸ ਕੀਪਰ |
| 56. | ਫਰੂਟ ਐਂਡ ਵੈਜੀਟੇਬਲ ਪ੍ਰੋਸੈਸਰ |
| 57. | ਹੈਲਥ ਸੈਨਟਰੀ ਇੰਸਪੈਕਟਰ |
| 58. | ਬੇਕਰ ਐਂਡ ਕਨਫੇਕਸ਼ਨਰ |
| 59. | ਓਲਡ ਏਜ਼ ਕੇਅਰ |

[ਤਕਨੀਕੀ ਸਿੱਖਿਆ ਮੰਤਰੀ]

**ਅਨੁਲੱਗ ਅ**

ਸਰਕਾਰੀ ਬਹੁਤਕਨੀਕੀ ਕਾਲਜਾਂ ਵਿੱਚ ਚਲਾਏ ਜਾ ਰਹੇ ਕੋਰਸਾਂ ਦਾ ਵੇਰਵਾ:-

| ਲੜੀ ਨੰ: | ਕੋਰਸ ਦਾ ਨਾਮ | ਕੋਰਸ ਦੀ ਨੇਚਰ |
|---|---|---|
| 1 | ਆਰਕੀਟੈਕਚੁਰਲ ਅਸਿਸਟੈਂਟਸ਼ਿਪ | ਤਕਨੀਕੀ |
| 2 | ਕੈਮੀਕਲ ਇੰਜੀ: | ਤਕਨੀਕੀ |
| 3 | ਸਿਵਲ ਇੰਜੀ: | ਤਕਨੀਕੀ |
| 4 | ਕੰਪਿਊਟਰ ਇੰਜੀ: | ਤਕਨੀਕੀ |
| 5 | ਇਲੈਕਟ੍ਰੀਕਲ ਇੰਜੀ: | ਤਕਨੀਕੀ |
| 6 | ਇਲੈਕਟ੍ਰਾਨਿਕਸ ਅਤੇ ਕਮਿਊਨੀਕੇਸ਼ਨ ਇੰਜੀ: | ਤਕਨੀਕੀ |
| 7 | ਫੈਸ਼ਨ ਡਿਜ਼ਾਇਨ | ਤਕਨੀਕੀ |
| 8 | ਗਾਰਮੈਂਟ ਟੈਕਨਾਲੋਜੀ | ਤਕਨੀਕੀ |
| 9 | ਇੰਫਰਮੇਸ਼ਨ ਟੈਕਨਾਲੋਜੀ | ਤਕਨੀਕੀ |
| 10 | ਲੈਦਰ ਟੈਕਨਾਲੋਜੀ | ਤਕਨੀਕੀ |
| 11 | ਲੈਦਰ ਟੈਕਨਾਲੋਜੀ (ਫੁਟਵੀਅਰ) | ਤਕਨੀਕੀ |
| 12 | ਲਾਇਬ੍ਰੇਰੀ ਅਤੇ ਇੰਫਰਮੇਸ਼ਨ ਸਾਇੰਸ | ਤਕਨੀਕੀ |
| 13 | ਮਕੈਨੀਕਲ ਇੰਜੀ: | ਤਕਨੀਕੀ |
| 14 | ਮਕੈਨੀਕਲ ਇੰਜੀ: (ਰੈਫਰੀਜਰੇਸ਼ਨ ਅਤੇ ਏਅਰ ਕੰਡੀਸ਼ਨਿੰਗ) | ਤਕਨੀਕੀ |
| 15 | ਮੈਡੀਕਲ ਲੈਬ ਟੈਕਨਾਲੋਜੀ | ਤਕਨੀਕੀ |
| 16 | ਮਾਡਰਨ ਆਫਿਸ ਪ੍ਰੈਕਟਿਸ | ਤਕਨੀਕੀ |
| 17 | ਫਾਰਮੇਸੀ | ਤਕਨੀਕੀ |
| 18 | ਪਲਾਸਟਿਕ ਟੈਕਨਾਲੋਜੀ | ਤਕਨੀਕੀ |
| 19 | ਪ੍ਰੋਡਕਸ਼ਨ ਅਤੇ ਇੰਡਸਟ੍ਰੀਅਲ ਇੰਜੀ: | ਤਕਨੀਕੀ |
| 20 | ਟੈਕਸਟਾਈਲ ਡਿਜ਼ਾਇਨ | ਤਕਨੀਕੀ |
| 21 | ਟੈਕਸਟਾਈਲ ਪ੍ਰੋਸੈਸਿੰਗ | ਤਕਨੀਕੀ |
| 22 | ਟੈਕਸਟਾਈਲ ਟੈਕਨਾਲੋਜੀ (ਨਿਟਿੰਗ) | ਤਕਨੀਕੀ |

ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਵਿੱਚ ਚਲਾਏ ਜਾ ਰਹੇ ਕੋਰਸਾਂ ਦਾ ਵੇਰਵਾ:-

| ਲੜੀ ਨੰ: | ਕੋਰਸ ਦਾ ਨਾਮ | ਕੋਰਸ ਦੀ ਨੇਚਰ |
|---|---|---|
| 1. | ਕੰਪਿਊਟਰ ਹਾਰਡਵੇਅਰ ਅਤੇ ਨੈਟਵਰਕ ਮੈਂਟੀਨੈਂਸ | ਤਕਨੀਕੀ |
| 2. | ਇਲੈਕਟ੍ਰੋਨਿਕ ਮਕੈਨਿਕ | ਤਕਨੀਕੀ |
| 3. | ਮਕੈਨਿਕ ਮੋਟਰ ਵਹੀਕਲ | ਤਕਨੀਕੀ |
| 4. | ਮਕੈਨਿਕ ਟਰੈਕਟਰ | ਤਕਨੀਕੀ |
| 5. | ਮਕੈਨਿਕ ਐਗਰੀਕਲਚਰ ਮਸ਼ੀਨਰੀ | ਤਕਨੀਕੀ |
| 6. | ਇਲੈਕਟ੍ਰੀਸ਼ਨ | ਤਕਨੀਕੀ |

| | | |
|---|---|---|
| 7. | ਮਕੈਨਿਕ ਆਟੋ ਇਲੈਕਟ੍ਰੀਕਲ ਅਤੇ ਇਲੈਕਟ੍ਰੋਨਿਕਸ | ਤਕਨੀਕੀ |
| 8. | ਫਿਜ਼ਿਓਥਰੈਪੀ ਟੈਕਨੀਸ਼ੀਅਨ | ਤਕਨੀਕੀ |
| 9. | ਵੈਲਡਰ | ਤਕਨੀਕੀ |
| 10. | ਮਕੈਨੀਕਲ ਡੀਜ਼ਲ ਇੰਜਨ | ਤਕਨੀਕੀ |
| 11. | ਵਾਇਰਮੈਨ | ਤਕਨੀਕੀ |
| 12. | ਡਰਾਫਟਸਮੈਨ ਸਿਵਲ | ਤਕਨੀਕੀ |
| 13. | ਆਰਕੀਟੈਕਚਰਲ ਅਸਿਸਟੈਂਟ | ਤਕਨੀਕੀ |
| 14. | ਆਰਕੀਟੈਕਚਰਲ ਡਰਾਫਟਸਮੈਨਸ਼ਿਪ | ਤਕਨੀਕੀ |
| 15. | ਫੋਡਰੀਮੈਨ ਟੈਕਨੀਕਲ | ਤਕਨੀਕੀ |
| 16. | ਮੈਸਨ (ਬਿਲਡਿੰਗ ਕੰਸਟ੍ਰਕਟਰ) | ਤਕਨੀਕੀ |
| 17. | ਪੇਂਟਰ( ਜਨਰਲ) | ਤਕਨੀਕੀ |
| 18. | ਇੰਨਫਰਮੇਸ੍ਨ ਕੌਮਨੀਕੇਸ਼ਨ ਟੈਕਨੋਲੋਜੀ ਸਿਸਟਮ ਮੈਂਟੀਨੈਂਸ | ਤਕਨੀਕੀ |
| 19. | ਡਰਾਫਟਸਮੈਨ (ਮਕੈਨੀਕਲ) | ਤਕਨੀਕੀ |
| 20. | ਟਰਨਰ | ਤਕਨੀਕੀ |
| 21. | ਮਸ਼ੀਨਿਸਟ | ਤਕਨੀਕੀ |
| 22. | ਮਕੈਨੀਕਲ ਕੰਜ਼ਿਊਮਰ ਇਲੈਕਟ੍ਰੌਨਿਕਸ ਅਪਲੈਨਸਿਜ਼ | ਤਕਨੀਕੀ |
| 23. | ਵੈਲਡਰ (ਜੀ.ਐਮ.ਏ ਡਬਲਯੂ ਅਤੇ ਜੀ.ਟੀ.ਏ ਡਬਲਯੂ) | ਤਕਨੀਕੀ |
| 24. | ਸਰਵੇਅਰ | ਤਕਨੀਕੀ |
| 25. | ਇੰਸਟਰੂਮੈਂਟ ਮਕੈਨਿਕ | ਤਕਨੀਕੀ |
| 26. | ਮਸ਼ੀਨਿਸਟ (ਗਰਾਇੰਡਰ ) | ਤਕਨੀਕੀ |
| 27. | ਮਕੈਨਿਕ ਆਟੋ ਬੋਡੀ ਰਿਪੇਅਰ | ਤਕਨੀਕੀ |
| 28. | ਇਲੈਕਟ੍ਰੋਪਲੇਟਰ | ਤਕਨੀਕੀ |
| 29. | ਮਕੈਨਿਕ ਆਟੋ ਬੌਡੀ ਪੇਂਟਿੰਗ | ਤਕਨੀਕੀ |
| 30. | ਟੈਕਸਟਾਈਲ ਵੈਟ ਪ੍ਰੋਸੈਸਿੰਗ ਟੈਕਨੀਸ਼ੀਅਨ | ਤਕਨੀਕੀ |
| 31. | ਟੂਲ ਐਡ ਡਾਈ ਮੇਕਰ (ਪ੍ਰੈਸ ਟੂਲਜ਼ ਜਿੰਗ ਐਂਡ ਫਿਕਸਚਰ ) | ਤਕਨੀਕੀ |
| 32. | ਮਕੈਨਿਕ ਮਸ਼ੀਨ ਟੂਲਜ਼ ਮੈਂਨਟੀਨੈਂਸ | ਤਕਨੀਕੀ |
| 33. | ਸਪਿੰਨਿੰਗ ਟੈਕਨੀਸ਼ੀਅਨ | ਤਕਨੀਕੀ |
| 34. | ਲੈਬੋਟਰੀ ਅਸਿਸਟੈਂਟ (ਕੈਮੀਕਲ ਪਲਾਂਟ-2 ਸਾਲ ) | ਤਕਨੀਕੀ |
| 35. | ਕੰਪਿਊਟਰ ਅਪ੍ਰੇਟਰ ਅਤੇ ਪ੍ਰੋਗਰਾਮਿੰਗ ਅਸਿਸਟੈਂਟ | ਨਾਨ ਤਕਨੀਕੀ |
| 36. | ਕਟਿੰਗ, ਸੀਵਿੰਗ ਅਤੇ ਇੰਬਰਾਇਡਰੀ ਟੀਚਰ ਟ੍ਰੇਨਿੰਗ ਕੋਰਸ | ਨਾਨ ਤਕਨੀਕੀ |
| 37. | ਸੀਵਿੰਗ ਟੈਕਨੋਲੋਜੀ | ਨਾਨ ਤਕਨੀਕੀ |
| 38. | ਸਰਫੇਸ ਓਰਨਾਮੈਂਟੇਸ਼ਨ ਤਕਨੀਕ | ਨਾਨ ਤਕਨੀਕੀ |
| 39. | ਡਰੈਸ ਮੇਕਿੰਗ | ਨਾਨ ਤਕਨੀਕੀ |
| 40. | ਆਰਟ ਐਂਡ ਕਰਾਫਟ ਟੀਚਰ ਟ੍ਰੇਨਿੰਗ ਕੋਰਸ | ਨਾਨ ਤਕਨੀਕੀ |

[ਤਕਨੀਕੀ ਸਿੱਖਿਆ ਮੰਤਰੀ]

| | | |
|---|---|---|
| 41. | ਪਲੰਬਰ | ਨਾਨ ਤਕਨੀਕੀ |
| 42. | ਕਾਰਪੇਂਟਰ | ਨਾਨ ਤਕਨੀਕੀ |
| 43. | ਫਿਟਰ | ਨਾਨ ਤਕਨੀਕੀ |
| 44. | ਮਕੈਨਿਕ (ਰੈਫਰੀਜਰੇਸ਼ਨ ਅਤੇ ਏਅਰ ਕੰਡੀਸ਼ਨਰ) | ਨਾਨ ਤਕਨੀਕੀ |
| 45. | ਬੇਸਿਕ ਕੋਸਮੈਟੋਲੋਜੀ | ਨਾਨ ਤਕਨੀਕੀ |
| 46. | ਫੈਸ਼ਨ ਡਿਜ਼ਾਇੰਨਿੰਗ ਟੈਕਨੌਲੋਜੀ | ਨਾਨ ਤਕਨੀਕੀ |
| 47. | ਪੰਜਾਬੀ ਸਟੈਨੋਗ੍ਰਾਫੀ | ਨਾਨ ਤਕਨੀਕੀ |
| 48. | ਸਟੈਨੋਗ੍ਰਾਫੀ ਅਤੇ ਸੈਕਰੀਟੇਰੀਅਲ ਅਸਿਸਟੈਂਟ (ਅੰਗ੍ਰੇਜ਼ੀ) | ਨਾਨ ਤਕਨੀਕੀ |
| 49. | ਫੂਡ ਅਤੇ ਬੇਵਰੇਜ ਗੈਸਟ ਸਰਵਿਸ ਅਸਿਸਟੈਂਟ | ਨਾਨ ਤਕਨੀਕੀ |
| 50. | ਫੂਡ ਪ੍ਰੋਡਕਸ਼ਨ (ਜਨਰਲ ) | ਨਾਨ ਤਕਨੀਕੀ |
| 51. | ਫਰੰਟ ਆਫਿਸ ਅਸਿਸਟੈਂਟ | ਨਾਨ ਤਕਨੀਕੀ |
| 52. | ਮਕੈਨਿਕ ਡੈਂਟਲ ਲੈਬਾਰਟਰੀ ਇਕਯੂਪਮੈਂਟ | ਨਾਨ ਤਕਨੀਕੀ |
| 53. | ਕੰਪਿਊਟਰ ਏਡਿਡ (ਇੰਬਰੋਡਰੀ ਅਤੇ ਡਿਜਾਇੰਨਿੰਗ) | ਨਾਨ ਤਕਨੀਕੀ |
| 54. | ਸੈਕਟੇਰੀਅਲ ਪ੍ਰੈਕਟਿਸ (ਅੰਗ੍ਰੇਜ਼ੀ) | ਨਾਨ ਤਕਨੀਕੀ |
| 55. | ਹਾਊਸ ਕੀਪਰ | ਨਾਨ ਤਕਨੀਕੀ |
| 56. | ਫਰੂਟ ਐਂਡ ਵੈਜੀਟੇਬਲ ਪ੍ਰੋਸੈਸਰ | ਨਾਨ ਤਕਨੀਕੀ |
| 57. | ਹੈਲਥ ਸੈਨੈਟਰੀ ਇੰਸਪੈਕਟਰ | ਨਾਨ ਤਕਨੀਕੀ |
| 58. | ਬੇਕਰ ਐਂਡ ਕਨਫੈਕਸ਼ਨਰ | ਨਾਨ ਤਕਨੀਕੀ |
| 59. | ਓਲਡ ਏਜ ਕੇਅਰ | ਨਾਨ ਤਕਨੀਕੀ |

---

## MATTERS RAISED DURING ZERO HOUR AND STATEMENTS MADE BY CHIEF MINISTER/MINISTERS THEREON

**ਮਾਨਯੋਗ ਸਪੀਕਰ** : ਹੁਣ ਅਸੀਂ ਏਜੰਡੇ ਦੀ ਅਗਲੀ ਆਈਟਮ ਲਵਾਂਗੇ।

(ਇਸ ਸਮੇਂ ਬਹੁਤ ਸਾਰੇ ਮੈਂਬਰ ਜ਼ੀਰੋ ਆਵਰ ਤੇ ਬੋਲਣ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ** : ਪਹਿਲਾਂ ਲੀਡਰ ਆਫ ਦਿ ਆਪੋਜ਼ੀਸ਼ਨ ਬੋਲ ਲੈਣ, ਫਿਰ ਤੁਸੀਂ ਬੋਲ ਲੈਣਾ ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਤੁਹਾਡੇ ਜ਼ਰੀਏ ਮੈਂ ਮੁੱਖ ਮੰਤਰੀ ਸਾਹਿਬ ਅਤੇ ਸਦਨ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜੇ ਇਰਾਕ ਵਿੱਚ 39 ਭਾਰਤੀ ਮਾਰੇ ਗਏ ਹਨ, ਉਨ੍ਹਾਂ ਵਿੱਚੋਂ 21 ਪੰਜਾਬ ਦੇ ਹਨ। ਇੱਕ ਬੱਚਾ ਮੇਰੇ ਆਪਣੇ ਇਲਾਕੇ ਭੁਲੱਥ, ਪਿੰਡ ਮੁਰਾਦ ਦਾ ਗੋਬਿੰਦਰ ਸਿੰਘ ਹੈ । ਉਸ ਦੀ ਬਾਡੀ ਨੂੰ ਇੱਥੇ ਲਿਆਉਣ ਵਿੱਚ ਬਹੁਤ ਡਿਲੇਅ ਹੋਇਆ ਹੈ ਔਰ ਮੇਰਾ ਖਿਆਲ ਹੈ ਕਿ ਉਨ੍ਹਾਂ ਨੂੰ ਢਾਈ-ਤਿੰਨ ਸਾਲ ਟਾਰਚਰ ਕੱਟਣਾ ਪਿਆ ਹੈ। ਪਰਿਵਾਰਾਂ ਨੇ ਕੱਲ੍ਹ ਜਦੋਂ ਟੈਲੀਵਿਜ਼ਨ ਤੇ ਦੇਖਿਆ ਤਾਂ ਉਨ੍ਹਾਂ ਦੀਆਂ ਧੀਆਂ, ਭੈਣਾਂ ਜਾਂ ਉਨ੍ਹਾਂ ਦੇ ਪਰਿਵਾਰ ਦੇ ਹਾਲਾਤ

ਦੇਖਣ ਵਾਲੇ ਸੀ। ਮੇਰੀ ਤੁਹਾਡੇ ਜ਼ਰੀਏ ਚੀਫ ਮਨਿਸਟਰ ਸਾਹਿਬ ਨੂੰ ਬੇਨਤੀ ਹੈ, ਮੈਂ ਕੱਲ੍ਹ ਇਨ੍ਹਾਂ ਦਾ ਬਿਆਨ ਵੀ ਸੁਣਿਆ ਹੈ, ਇਨ੍ਹਾਂ ਨੇ ਕਿਹਾ ਹੈ ਕਿ ਸੁਸ਼ਮਾ ਸਵਰਾਜ ਨੂੰ ਅਸੀਂ ਲਿਖ ਦਿੱਤਾ ਹੈ, for compensation and for more help to the families. 39 ਵਿੱਚੋਂ 27 ਪੰਜਾਬ ਦੇ ਬੱਚੇ ਹਨ ਜੀ। ਮੇਰੀ ਤੁਹਾਡੇ ਰਾਹੀਂ ਬਹੁਤ ਨਿਮਰਤਾ ਨਾਲ ਚੀਫ ਮਨਿਸਟਰ ਸਾਹਿਬ ਨੂੰ ਬੇਨਤੀ ਹੈ ਕਿ ਇੱਕ ਇੱਕ ਕਰੋੜ ਰੁਪਿਆ ਉਨ੍ਹਾਂ ਦੇ ਪਰਿਵਾਰ ਨੂੰ ਕੰਪਨਸੇਸ਼ਨ ਅਤੇ ਇੱਕ ਗੌਰਮਿੰਟ ਜੌਬ ਦਿੱਤੀ ਜਾਵੇ ਕਿਉਂਕਿ ਉਨ੍ਹਾਂ ਦਾ ਕਸੂਰ ਨਹੀਂ ਹੈ। ਇਰਾਕ ਵੀ ਅਗਰ ਉਹ ਹਜ਼ਾਰਾਂ ਮੀਲ ਦੂਰ ਗਏ ਹਨ ਤਾਂ ਵੀ ਉਹ ਇਸੇ ਕਰਕੇ ਗਏ ਹਨ ਕਿ ਇੱਥੇ ਜਾਬਜ਼ ਨਹੀਂ ਹਨ । ਜੇਕਰ ਪੰਜਾਬ ਦੇ ਵਿੱਚ ਹਾਲਾਤ, ਵਾਤਾਵਰਣ ਅਤੇ ਜਾਬਜ਼ ਮਿਲਦੇ ਤਾਂ they would never have gone there and would have never got killed in this manner. ਪਹਿਲਾਂ ਤਾਂ ਇੰਨੇ ਸਾਲ ਗੌਰਮਿੰਟ ਆਫ ਇੰਡੀਆ ਨੇ ਉਨ੍ਹਾਂ ਪਰਿਵਾਰਾਂ ਨੂੰ ਮਿਸਲੀਡ ਕੀਤਾ। ਦਿੱਲੀ ਸੱਦ ਸੱਦ ਕੇ ਉਨ੍ਹਾਂ ਨੂੰ ਮੀਡੀਏ ਦੇ ਸਾਹਮਣੇ ਪੇਸ਼ ਕਰ ਦਿੱਤਾ। ਹਾਰ ਕੇ ਫਿਰ ਫੌਰਨ ਮਨਿਸਟਰ ਨੂੰ ਕਹਿਣਾ ਪਿਆ ਕਿ ਉਹ ਮਾਰੇ ਜਾ ਚੁੱਕੇ ਹਨ। ਹੁਣ ਉਨ੍ਹਾਂ ਦੀ ਬਾਡੀ ਦਾ ਵੀ ਮਜ਼ਾਕ ਉਡਿਆ ਹੈ। ਡਿਪਟੀ ਕਮਿਸ਼ਨਰ, ਨਵਾਂ ਸ਼ਹਿਰ ਨੇ, ਅਨਫੌਰਚੂਨੇਟਲੀ ਕਮਿਊਨੀਕੇਸ਼ਨ ਗੈਪ ਹੋਏਗਾ, ਉਨ੍ਹਾਂ ਪਰਿਵਾਰਾਂ ਨੂੰ ਭੇਜ ਦਿੱਤਾ ਕਿ ਜਾਓ, ਤੁਹਾਡੇ ਬੱਚਿਆਂ ਦੀਆਂ ਡੈੱਡ ਬਾਡੀਜ਼ ਆ ਰਹੀਆਂ ਹਨ। ਉਹ ਅੰਮ੍ਰਿਤਸਰ ਏਅਰਪੋਰਟ ਤੇ ਚਲੇ ਗਏ ਅਤੇ ਵਿਚਾਰੇ ਉਥੋਂ ਰੋਂਦੇ ਕੁਰਲਾਉਂਦੇ ਫਿਰ ਵਾਪਸ ਆ ਗਏ। It is humanitarian demand for the State of Punjab. ਚਲੋ ਦੇਣਾ ਤਾਂ ਸਭ ਨੂੰ ਚਾਹੀਦਾ ਹੈ ਜੀ, ਗੌਰਮਿੰਟ ਆਫ ਇੰਡੀਆ ਕੀ ਦਿੰਦੀ ਹੈ, ਕੀ ਨਹੀਂ ਦਿੰਦੀ, ਮੇਰੀ ਤੁਹਾਡੇ ਜ਼ਰੀਏ ਚੀਫ ਮਨਿਸਟਰ ਸਾਹਿਬ ਨੂੰ ਬਹੁਤ humble ਰਿਕੁਐਸਟ ਹੈ ਕਿ kindly give compensation and Government job for the families, thank you ji.

**ਮਾਨਯੋਗ ਸਪੀਕਰ** : ਮਜੀਠੀਆ ਸਾਹਿਬ ...(ਵਿਘਨ).... ਮਜੀਠੀਆ ਸਾਹਿਬ, ਇੱਕ ਮਿੰਟ ਸੀ.ਐਮ. ਸਾਹਿਬ ਖੜ੍ਹੇ ਹਨ।

**ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ)** : ਸਪੀਕਰ ਸਾਹਿਬ, ਖਹਿਰਾ ਸਾਹਿਬ ਨੇ ਜੋ ਗੱਲ ਕਹੀ ਹੈ, it warrants answer. ਇਹ ਜੋ ਹੋਇਆ ਹੈ, ਬਹੁਤ ਮਾੜਾ ਹੋਇਆ ਹੈ। ਅਨਫੌਰਚੂਨੇਟਲੀ ਉਦੋਂ ਲੜਾਈ ਵਿੱਚ ਇਹ ਸਾਡੇ ਮੁੰਡੇ ਫਸ ਗਏ ਹਨ ਅਤੇ ਸਾਡੇ ਪੰਜਾਬ ਦੇ 27 ਬੱਚੇ ਹਨ ਜੋ ਇਸ ਵਿੱਚ ਫਸੇ ਹੋਏ ਹਨ। 11 ਅੰਮ੍ਰਿਤਸਰ ਤੋਂ, 11 ਜਲੰਧਰ ਤੋਂ ਅਤੇ 5 ਦਾ ਪਤਾ ਨਹੀਂ ਲੱਗ ਰਿਹਾ ਸੀ, ਹੁਣ ਪਤਾ ਲੱਗ ਜਾਵੇਗਾ ਕਿ ਕਿਹੜੇ ਪਿੰਡਾਂ ਦੇ ਹਨ। ਸੋ, ਇਹ 27 ਬੱਚੇ ਆਪਣੇ ਪੰਜਾਬ ਦੇ ਉਥੇ ਹਨ। ਉਨ੍ਹਾਂ ਦੀਆਂ ਬਾਡੀਜ਼ ਹੋਪਫੁਲੀ ਇਸ ਹਫਤੇ ਵਿੱਚ ਆ ਜਾਣਗੀਆਂ, ਕੁਝ ਟੈਕਨੀਕਲ ਪ੍ਰਾਬਲਮਜ਼ ਹਨ। ਮੈਨੂੰ ਕੱਲ੍ਹ ਦੋ ਵਾਰ ਮਨਿਸਟਰ ਦਾ ਟੈਲੀਫੋਨ ਆਇਆ ਹੈ। ਕਿਤੇ ਲੀਗਲ ਆਸਪੈਕਟ ਹਨ, ਜਿਸ ਨਾਲ, not from the Iraqi Government but from the Mosul authorities, ਉਥੇ ਕੋਈ ਪ੍ਰਾਬਲਮ ਆ ਰਹੀ ਹੈ for the release of bodies, ਇੱਕ ਵਾਰ ਉਹ clear ਹੋ ਜਾਣ, they will be landing at Amritsar, ਅਸੀਂ ਉਥੋਂ ਫਿਰ ਇੰਤਜ਼ਾਮ ਕਰਾਂਗੇ। ਜਿਥੋਂ ਤੱਕ ਕੰਪਨਸੇਸ਼ਨ ਦੀ ਗੱਲ ਹੈ, there is a standard procedure for compensation. ਚਾਹੇ ਉਥੇ ਸ਼ਹੀਦ ਹੋਣ ਜਾਂ ਸਾਡੇ ਜੰਗ ਦੇ ਮੈਦਾਨ ਵਿੱਚ ਸ਼ਹੀਦ ਹੋਣ ਜਾਂ ਰੋਜ਼ ਸਾਡੇ ਮੁੰਡੇ ਕਸ਼ਮੀਰ ਦੀਆਂ ਪਹਾੜੀਆਂ ਦੇ ਵਿੱਚ ਸ਼ਹੀਦ ਹੋ ਰਹੇ ਹਨ, there is a standard procedure, you cannot have different alternative. Human life is human life. ਉਸ ਦੇ ਵਾਸਤੇ ਜੋ ਵੀ ਸਾਡੀ ਪਾਲਿਸੀ ਹੈ, ਉਸ ਦੇ ਮੁਤਾਬਿਕ we will certainly look into it and definitely we will compensate it.

**ਸਰਦਾਰ ਬਿਕਰਮ ਸਿੰਘ ਮਜੀਠੀਆ** : ਸਪੀਕਰ ਸਾਹਿਬ, ਸੀ.ਐਮ. ਸਾਹਿਬ ਨੇ ਅੱਧੀ ਗੱਲ ਦਾ ਜਵਾਬ ਦੇ ਦਿੱਤਾ ਹੈ। ਮੇਰੇ ਇਸ ਵਿੱਚ ਦੋ-ਤਿੰਨ ਫੰਡਾਮੈਂਟਲ ਕੁਐਸਚਨਜ਼ ਹਨ। It is a very serious and sensitive issue. ਕੱਲ੍ਹ ਸੋਢੀ ਸਾਹਿਬ ਨੇ ਵੀ ਇਹ ਇਸ਼ੂ ਰੇਜ਼ ਕੀਤਾ ਸੀ ਕਿ ਇੱਕ ਕਰੋੜ ਕੰਪਨਸੇਸ਼ਨ ਗੌਰਮਿੰਟ ਆਫ ਇੰਡੀਆ ਨੂੰ ਦੇਣੀ ਚਾਹੀਦੀ ਹੈ। ਚਲੋ, ਗੌਰਮਿੰਟ ਆਫ ਇੰਡੀਆ ਦੇ ਕੋਲ ਇਹ ਆਪਣੀ ਗੱਲ ਰੱਖਣ, ਉਹ ਕੀ ਕਰਦੇ ਹਨ, ਇਹ ਤਾਂ ਸਰਕਾਰ ਨੇ ਦੇਖਣਾ ਹੈ ਮਗਰ ਪੰਜਾਬ ਸਰਕਾਰ ਦੀ ਪੰਜਾਬ ਦੇ ਲੋਕਾਂ ਪ੍ਰਤੀ ਵੱਡੀ ਜ਼ਿੰਮੇਵਾਰੀ ਬਣਦੀ ਹੈ। ਜਦ ਉਨ੍ਹਾਂ ਦੇ ਮੈਂਬਰ ਇੱਕ ਕਰੋੜ ਦੀ ਮੰਗ ਰੱਖ ਰਹੇ ਹਨ, ਸੀ.ਐਮ. ਸਾਹਿਬ ਵਿਚਾਰ ਲੈਣ ਅਤੇ ਜੋ ਵੱਧ ਤੋਂ ਵੱਧ ਕਰ ਸਕਦੇ ਹਨ, ਉਹ ਕਰਨ । ਚਾਰ ਜੀਅ ਮੇਰੇ ਹਲਕੇ ਦੇ ਵੀ ਹਨ, ਟੋਟਲ ਸੱਤ ਅੰਮ੍ਰਿਤਸਰ ਦੇ ਹਨ, ਕੁੱਲ ਮਿਲਾ ਕੇ 27 ਪੰਜਾਬ ਦੇ ਹਨ, ਦੋ ਟੀਨੂ ਜੀ ਦੱਸ ਰਹੇ ਹਨ ਕਿ ਉਨ੍ਹਾਂ ਦੇ ਹਲਕੇ ਦੇ ਹਨ ਪਰ ਨਾਲ ਜਿੱਥੋਂ ਤੱਕ ਕੰਪਨਸੇਸ਼ਨ ਦੀ ਗੱਲ ਹੈ, ਇਸ ਤੇ ਜ਼ਰੂਰ ਵਿਚਾਰ ਕੀਤਾ ਜਾਵੇ । ਮੈਂ ਫਿਰ ਬੇਨਤੀ ਕਰਾਂਗਾ ਕਿ ਉਹ ਬਹੁਤ ਹੀ ਗਰੀਬ ਬੰਦੇ ਹਨ।

**ਮਾਨਯੋਗ ਸਪੀਕਰ** : ਪੈਰਾਮੀਟਰਜ਼ ਤੇ ਜਵਾਬ ਦੇ ਦਿੱਤਾ ਹੈ ਕਿ what parameters are to be applied.

**ਸਰਦਾਰ ਬਿਕਰਮ ਸਿੰਘ ਮਜੀਠੀਆ** : ਸਪੀਕਰ ਸਾਹਿਬ, ਮੈਂ ਤਾਂ ਹੱਥ ਜੋੜ ਕੇ ਬੇਨਤੀ ਕਰ ਰਿਹਾ ਹਾਂ ਕਿ ਗਰੀਬ ਪਰਿਵਾਰ ਹਨ, ਥੋੜ੍ਹਾ ਵਿਚਾਰ ਕਰ ਲੈਣ, ਜੇ ਕੁਝ ਹੋਰ ਹੋ ਸਕਦਾ ਹੈ। ਦੂਜੀ ਗੱਲ, ਛੇ ਮਹੀਨਿਆਂ ਤੋਂ, ਜੋ ਕੱਲ੍ਹ ਸੀ.ਐਮ. ਸਾਹਿਬ ਦਾ ਬਿਆਨ ਆਇਆ ਸੀ ਪਤਾ ਨਹੀਂ ਜਾਂ ਤਾਂ ਖਜ਼ਾਨਾ ਮਹਿਕਮੇ ਨੇ ਥੋੜ੍ਹਾ ਜਿਹਾ ਮਿਸ-ਗਾਈਡ ਕਰ ਦਿੱਤਾ, ਉਹ 20,000 ਰੁਪਿਆ ਜਿਹੜਾ ਉਨ੍ਹਾਂ ਦੇ ਪਰਿਵਾਰਾਂ ਨੂੰ ਜਾਣਾ ਸੀ, ਉਹ ਨਹੀਂ ਗਿਆ। ਉਹ 20,000 ਰੁਪਿਆ ਕਦੋਂ ਤੱਕ ਜਾਵੇਗਾ, ਉਹ ਵੀ ਸਪੱਸ਼ਟ ਕਰ ਦੇਣ। ਜਿਹੜਾ ਨਹੀਂ ਗਿਆ, ਉਹ ਕਦੋਂ ਤੱਕ ਪਹੁੰਚ ਜਾਵੇਗਾ ? ਕੱਲ੍ਹ ਵੀ ਪਰਿਵਾਰ ਵਾਲੇ ਉਥੇ ਜਾ ਕੇ ਰੋਂਦੇ ਕੁਰਲਾਉਂਦੇ ਰਹੇ ਕਿ ਡੈੱਡ ਬਾਡੀਜ਼ ਆ ਰਹੀਆਂ ਹਨ, ਥੋੜ੍ਹਾ ਡੀ.ਸੀ. ਨੂੰ, ਜ਼ਿਲ੍ਹੇ ਦੇ ਪ੍ਰਸ਼ਾਸਨ ਨੂੰ ਚੀਫ ਸੈਕਟਰੀ ਲੈਵਲ ਤੋਂ ਚੰਗੀ ਤਰ੍ਹਾਂ ਕਨਵੇਅ ਹੋ ਜਾਵੇ ਕਿ ਜਿਸ ਦਿਨ ਬਾਡੀਜ਼ ਆਉਣੀਆਂ ਹਨ, ਉਸ ਦਿਨ ਹੀ ਉਹ ਜਾਣ । ਉਨ੍ਹਾਂ ਨੂੰ ਐਵੇਂ ਖੱਜਲ-ਖੁਆਰੀ ਨਾ ਹੋਵੇ, ਅੱਗੇ ਤਿੰਨ ਸਾਲ ਉਹ ਬੜੇ ਖੱਜਲ ਹੋਏ ਹਨ । ਇਸ ਲਈ ਮੇਰੀ ਬੇਨਤੀ ਹੈ ਕਿ ਮੈਟਰ ਦੀ ਸੈਂਕਟਿਟੀ ਨੂੰ ਵੇਖਦੇ ਹੋਏ, ਹਮਦਰਦੀ ਨਾਲ ਇੱਕ ਤਾਂ ਵੀਹ-ਵੀਹ ਹਜ਼ਾਰ ਰੁਪਿਆ ਛੇ ਮਹੀਨੇ ਦਾ ਜਿਹੜਾ ਨਹੀਂ ਗਿਆ, ਉਹ ਛੇਤੀ ਰਿਲੀਜ਼ ਕਰਵਾ ਦੇਣ ਅਤੇ ਦੂਜਾ, ਅਗਾਂਹ ਤੋਂ ਵੀਹ-ਵੀਹ ਹਜ਼ਾਰ ਰੁਪਿਆ ਕਦੋਂ ਤੱਕ ਦੇਣਾ ਹੈ, ਉਹ ਦੱਸ ਦੇਣ । ਮੇਰੀ ਬੇਨਤੀ ਹੈ ਕਿ ਹਮਦਰਦੀ ਨਾਲ ਵੱਧ ਤੋਂ ਵੱਧ ਜੋ ਸਹਾਇਤਾ ਹੋ ਸਕਦੀ ਹੈ, ਉਹ ਕਰ ਦੇਣ ਕਿਉਂਕਿ ਗਰੀਬ ਪਰਿਵਾਰ ਹਨ । ਸੀ.ਐਮ.ਸਾਹਿਬ ਮਾਲਕ ਹਨ । ਮੈਂ ਇਹ ਤੁਹਾਡੇ ਰਾਹੀਂ ਬੇਨਤੀ ਕਰਦਾ ਹਾਂ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ...

**ਮਾਨਯੋਗ ਸਪੀਕਰ :** ਖਹਿਰਾ ਸਾਹਿਬ, ਗੱਲ ਹੋ ਗਈ ਹੈ, ਹੋ ਗਈ ਗੱਲ ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਮੈਂ ਚੀਫ ਮਨਿਸਟਰ ਸਾਹਿਬ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ he has shown magnanimity and that is the way to help such people affected so severely. ਉਸ ਦੇ ਵਿੱਚ ਜਿਹੜੀ ਪਾਲਿਸੀ ਬਾਰੇ ਕਿਹਾ ਗਿਆ ਹੈ, ਉਹ ਮੈਂ ਤੁਹਾਡੇ ਸਿਰਫ ਧਿਆਨ ਵਿੱਚ ਲਿਆ ਦਿੰਦਾ ਹਾਂ, ਮਰਜ਼ੀ ਤੁਹਾਡੀ ਹੈ ਕਿ ਕਿੰਨਾ ਦੇਣਾ ਹੈ। ਸਰਬਜੀਤ ਸਿੰਘ ਜਿਹੜਾ ਪਾਕਿਸਤਾਨ ਵਿੱਚ ਮਾਰਿਆ ਗਿਆ ਸੀ, ਉਸ ਨੂੰ ਇੱਕ ਕਰੋੜ ਰੁਪਿਆ

ਦਿੱਤਾ ਸੀ ਅਤੇ ਨਾਲ ਹੀ ਉਸ ਦੀ ਬੇਟੀ ਨੂੰ ਪਾਸੀਬਲ ਗੌਰਮਿੰਟ ਜਾਬ ਦਿੱਤੀ ਗਈ ਸੀ । ਚਲੋ, ਪੈਰਾਮੀਟਰਜ਼ ਜੇ ਤੁਸੀਂ ਘੱਟ ਵੀ ਦਿੰਦੇ ਹੋ ਤਾਂ ਵੀ ਕੋਈ ਗੱਲ ਨਹੀਂ ਲੇਕਿਨ ਕੁਝ ਨਾ ਕੁਝ ਤੁਸੀਂ ਉਨ੍ਹਾਂ ਨੂੰ ਜ਼ਰੂਰ ਦੇ ਦਿਉ। ਜੇ ਤੁਸੀਂ ਉਨ੍ਹਾਂ ਦੇ ਬੱਚਿਆਂ ਨੂੰ ..

(**ਇੱਕ ਅਵਾਜ਼ :** ਇੰਨੇ ਨਹੀਂ ਦਿੱਤੇ।)

**ਸਰਦਾਰ ਸੁਖਪਾਲ ਸਿੰਘ ਖਹਿਰਾ :** ਦਿੱਤੇ ਸੀ, ਇੱਕ ਕਰੋੜ ਦਿੱਤੇ ਸੀ। ਘੱਟ ਦੇ ਦਿਉ। ਕੋਈ ਗੱਲ ਨਹੀਂ।

**ਮਾਨਯੋਗ ਸਪੀਕਰ :** ਖਹਿਰਾ ਜੀ, ਤੁਸੀਂ ਬੈਠੋ। ਹਾਂ ਜੀ, ਸੋਢੀ ਸਾਹਿਬ ਜੀ।

**ਰਾਣਾ ਗੁਰਮੀਤ ਸਿੰਘ ਸੋਢੀ :** ਸਪੀਕਰ ਸਾਹਿਬ, ਇਹ ਜਿਹੜਾ ਮਸਲਾ ਹੈ...

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਇੱਕ ਮਿੰਟ ਜੀ। ਰਾਣਾ ਜੀ, ਇੱਕ ਮਿੰਟ, ਇੱਕ ਮਿੰਟ। ਇਕੋ ਹੀ ਗੱਲ ਹੈ, ਤੁਹਾਡੀ ਵੀ ਵਿੱਚ ਆ ਜਾਵੇਗੀ।

**ਰਾਣਾ ਗੁਰਮੀਤ ਸਿੰਘ ਸੋਢੀ :** ਉਨ੍ਹਾਂ ਨੇ ਮੇਰਾ ਨਾਂ ਲੈ ਲਿਆ ਹੈ, the Hon'ble Speaker has asked me to speak.

**Mr. Speaker**: Parameters have to be decided by the Hon'ble CM.

**ਰਾਣਾ ਗੁਰਮੀਤ ਸਿੰਘ ਸੋਢੀ :** ਤੁਸੀਂ ਮੇਰੀ ਵੀ ਗੱਲ ਸੁਣ ਲਵੋ। ਤੁਸੀਂ ਤਾਂ ਇੱਕ ਕਰੋੜ ਰੁਪਿਆ ਮੰਗ ਲਿਆ ਹੈ। ਕਰੋੜ ਆਵੇਗਾ ਤਾਂ ਕਿਸੇ ਪਾਸਿਉਂ। (ਵਿਘਨ)

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ... (ਵਿਘਨ)

**ਮਾਨਯੋਗ ਸਪੀਕਰ :** ਖਹਿਰਾ ਸਾਹਿਬ, ਸੋਢੀ ਸਾਹਿਬ ਨੂੰ ਬੋਲਣ ਦਿਉ। ਸੋਢੀ ਸਾਹਿਬ, ਤੁਸੀਂ ਬੋਲੋ।

**ਰਾਣਾ ਗੁਰਮੀਤ ਸਿੰਘ ਸੋਢੀ :** ਸਰ, ਇਹ ਮਸਲਾ ਵਾਕਿਆ ਹੀ ਬੜਾ ਗੰਭੀਰ ਮਸਲਾ ਹੈ ਔਰ ......

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਬਿਕਰਮ ਸਿੰਘ ਮਜੀਠੀਆ ਤੇ ਲੀਡਰ ਆਫ ਦਿ ਆਪੋਜ਼ੀਸ਼ਨ, ਸਰਦਾਰ ਸੁਖਪਾਲ ਸਿੰਘ ਖਹਿਰਾ ਆਪਸ ਵਿੱਚ ਬਿਨਾਂ ਇਜਾਜ਼ਤ ** ** ਬੋਲ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਨਾਲ ਰਿਕਾਰਡ ਨਹੀਂ ਕੀਤਾ ਗਿਆ ।)

---

** Not recorded as ordered by the Chair.

**ਮਾਨਯੋਗ ਸਪੀਕਰ :** ਪਲੀਜ਼, ਚੇਅਰ ਨੂੰ ਐਡਰੈੱਸ ਕਰੋ। ਪਲੀਜ਼, ਚੇਅਰ ਨੂੰ ਐਡਰੈੱਸ ਕਰੋ। ਪਲੀਜ਼, ਚੇਅਰ ਨੂੰ ਐਡਰੈੱਸ ਕਰੋ ਜੀ। ਜੋ ਕੁਝ ਵੀ ਚੇਅਰ ਦੀ ਆਗਿਆ ਤੋਂ ਬਿਨਾਂ ਕਿਹਾ ਗਿਆ ਹੈ, ਉਹ ਰਿਕਾਰਡ ਨਾ ਕੀਤਾ ਜਾਵੇ। ਪਲੀਜ਼ ਬੈਠੋ, ਪਲੀਜ਼ ਬੈਠੋ। ਪਲੀਜ਼ ਬੈਠੋ। (ਵਿਘਨ) ਬੈਠੋ, ਬੈਠੋ, ਬੈਠੋ। ਬੈਠੋ, ਬੈਠੋ, ਮਜੀਠੀਆ ਸਾਹਿਬ, ਬੈਠੋ ਪਲੀਜ਼। ਜੋ ਕੁਝ ਵੀ ਚੇਅਰ ਦੀ ਇਜਾਜ਼ਤ ਤੋਂ ਬਿਨਾਂ ਕਿਹਾ ਗਿਆ ਹੈ, ਰਿਕਾਰਡ ਨਾ ਕੀਤਾ ਜਾਵੇ। ਰਾਣਾ ਗੁਰਮੀਤ ਸਿੰਘ ਸੋਢੀ।

**ਰਾਣਾ ਗੁਰਮੀਤ ਸਿੰਘ ਸੋਢੀ :** ਸਪੀਕਰ ਸਾਹਿਬ, ਇਹ ਜਿਹੜਾ ਮਸਲਾ ਹੈ, ਇਹ ਵਾਕਿਆ ਹੀ ਬੜਾ ਦੁੱਖ ਭਰਿਆ ਇੰਸੀਡੈਂਟ ਹੋਇਆ ਹੈ ਕਿ ਸਾਡੇ 39 ਇੰਡੀਅਨ ਉਥੇ ਬੜੀ ਬੇਦਰਦੀ ਨਾਲ ਹਲਾਕ ਕੀਤੇ ਗਏ । ਉਸ ਵਿੱਚ ਗੱਲ ਇਹ ਹੈ ਕਿ ਉਤੇ ਜਿਹੜੀ ਸਰਕਾਰ ਹੈ, ਉਹ ਬੀ.ਜੇ.ਪੀ. ਦੀ ਹੈ। ਮੈਂ ਤਾਂ ਆਪਣੇ ਸਾਥੀ ਨੂੰ ਕਹਾਂਗਾ ਕਿ ਇਨ੍ਹਾਂ ਨੇ ਕਿਹਾ ਹੈ ਕਿ ਕੰਪਨਸੇਸ਼ਨ ਦਿੱਤਾ ਜਾਵੇ, ਸਾਡੇ ਨਾਲ ਉਥੇ ਚੱਲਣ। ਸਾਡੇ ਐਮ.ਪੀਜ਼ ਵੀ ਉਥੇ ਚੱਲਣਗੇ। ਸੀ.ਐਮ.ਸਾਹਿਬ ਦੀ ਅਗਵਾਈ ਥੱਲੇ ਜਾ ਕੇ It is the job of the Central Government ਨੂੰ ਬੇਨਤੀ ਕੀਤੀ ਜਾਵੇ ਜੀ ਕਿ ਇੱਕ-ਇੱਕ ਕਰੋੜ ਰੁਪਿਆ ਤੇ ਪਲੱਸ ਉਨ੍ਹਾਂ ਨੂੰ ਸੈਂਟਰਲ ਗੌਰਮਿੰਟ ਦੀ ਉਨ੍ਹਾਂ ਦੇ ਪਰਿਵਾਰਾਂ ਨੂੰ ਇੱਕ-ਇੱਕ ਨੌਕਰੀ ਵੀ ਦਿੱਤੀ ਜਾਵੇ ਕਿਉਂਕਿ It is the job of the Central Government. ਮੇਰੀ ਇਹ ਮੰਗ ਹੈ। (ਵਿਘਨ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਬਿਕਰਮ ਸਿੰਘ ਮਜੀਠੀਆ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ** ** ਬੋਲ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤਾ ਗਿਆ।)

**ਮਾਨਯੋਗ ਸਪੀਕਰ :** ਮਜੀਠੀਆ ਸਾਹਿਬ, ਬੈਠੋ, ਬੈਠੋ, ਬੈਠੋ । ਤੁਸੀਂ ਬੈਠੋ, ਪਲੀਜ਼ ਬੈਠੋ, ਪਲੀਜ਼ ਬੈਠੋ, ਪਲੀਜ਼ ਬੈਠੋ ।

**Rana Gurmeet Singh Sodhi :** It is their negligence. It is the negligence of the Central Government. It is the total negligence....

**ਮਾਨਯੋਗ ਸਪੀਕਰ:** ਇਹ ਸੰਜੀਦਾ ਮਾਮਲਾ ਹੈ, ਪਲੀਜ਼ ਬੈਠੋ।

**Rana Gurmeet Singh Sodhi**: .....and inhumane on the part of the Central Government who have not taken the care of our brethren over there for the last so many years.

**ਮਾਨਯੋਗ ਸਪੀਕਰ:** ਹਾਂ ਜੀ, ਕੁਸਲਦੀਪ ਸਿੰਘ ਢਿੱਲੋਂ ਜੀ। ਬੈਠੋ, ਬੈਠੋ, ਬੈਠੋ, ਰਾਣਾ ਜੀ, ਬੈਠੋ।

**ਰਾਣਾ ਗੁਰਮੀਤ ਸਿੰਘ ਸੋਢੀ:** ਉਨ੍ਹਾਂ ਦੀਆਂ ਜਿਹੜੀਆਂ ਡੈੱਡ ਬਾਡੀਜ਼ ਹਨ, ਉਨ੍ਹਾਂ ਨੂੰ ਇਥੇ ਲਿਆਉਣ ਦੀ ਦਿੱਕਤ ਆ ਰਹੀ ਹੈ। It is not the responsibilty of the State Govt , it is the responsibilty of the Central Government. B.J.P. and Akali Dal is also the partner over there.

**ਮਾਨਯੋਗ ਸਪੀਕਰ:** ਬੜਾ ਸੰਜੀਦਾ ਮਸਲਾ ਹੈ, ਪਲੀਜ਼, ਪਲੀਜ਼। ਸੰਜੀਦਾ ਮਸਲਾ ਹੈ, ਪਲੀਜ਼ ।

---

** Not recorded as ordered by the Chair.

**ਰਾਣਾ ਗੁਰਮੀਤ ਸਿੰਘ ਸੋਢੀ :** ਮੈਂ ਤਾਂ ਬ੍ਰਦਰ ਕਹਿ ਰਿਹਾ ਹਾਂ ਕਿ ਉਥੇ ਚੱਲੋ (ਵਿਘਨ) (ਸ਼ੋਰ) ਉਥੇ ਆਪਾਂ ਚੱਲੀਏ। ਕੰਮ ਤਾਂ ਇਕੋ ਹੀ ਹੈ। ਉਥੋਂ ਕਰੋੜ ਕਰੋੜ ਰੁਪਿਆ ਲਿਆਈਏ...

**ਮਾਨਯੋਗ ਸਪੀਕਰ:** ਬੜਾ ਸੰਜੀਦਾ ਮਸਲਾ ਹੈ । ਢਿੱਲੋਂ ਸਾਹਿਬ, ਤੁਸੀਂ ਬੋਲੋ। ਸਰਦਾਰ ਕੁਸਲਦੀਪ ਸਿੰਘ ਢਿੱਲੋਂ। ਸੰਜੀਦਾ ਮਾਮਲਾ ਹੈ, ਸੰਜੀਦਾ ਮਾਮਲਾ ਹੈ, ਪਲੀਜ਼ ਬੈਠੋ। ਹਾਂ ਜੀ, ਢਿੱਲੋਂ ਸਾਹਿਬ। ਪਲੀਜ਼ ਬੈਠੋ, ਪਲੀਜ਼ ਬੈਠੋ, ਬੈਠੋ, ਬੈਠੋ। ਕੁਸਲਦੀਪ ਸਿੰਘ ਢਿੱਲੋਂ । ਪਲੀਜ਼ ਬੈਠੋ। ਸੰਜੀਦਾ ਮਾਮਲਾ ਹੈ, ਪਲੀਜ਼ ਚੇਅਰ ਨੂੰ ਐਡਰੈੱਸ ਕਰੋ। (ਵਿਘਨ) (ਸ਼ੋਰ) ਇਹ ਬੜਾ ਸੰਜੀਦਾ ਮਾਮਲਾ ਹੈ, please address the chair. ਸਾਰੇ ਬੈਠੋ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਬਿਕਰਮ ਸਿੰਘ ਮਜੀਠੀਆ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਆਪਸ ਵਿੱਚ ਬਿਨਾਂ ਇਜਾਜ਼ਤ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਸਰਦਾਰ ਕੁਸਲਦੀਪ ਸਿੰਘ ਕਿੱਕੀ ਢਿੱਲੋਂ** : ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਇਸ ਤੇ ਸਿਆਸਤ ਨਹੀਂ ਕਰਨੀ ਚਾਹੀਦੀ। ਉਨ੍ਹਾਂ ਪਰਿਵਾਰਾਂ ਵੱਲ ਦੇਖੀਏ ਜਿਨ੍ਹਾਂ ਦਾ ਬਹੁਤ ਵੱਡਾ ਨੁਕਸਾਨ ਹੋਇਆ ਹੈ। ਸਟੇਟ ਗੌਰਮਿੰਟ ਨੇ ਆਪਣੀ ਐਸ਼ੋਰੈਂਸ ਦਿੱਤੀ ਹੈ ਪਰ ਇਸ ਵਿੱਚ ਜ਼ਿਆਦਾ ਜ਼ਿੰਮੇਵਾਰੀ ਸੈਂਟਰ ਸਰਕਾਰ ਦੀ ਬਣਦੀ ਹੈ। ਭੈਣ ਜੀ ਨੂੰ ਵੀ ਆਪਾਂ ਕਹੀਏ ਕਿ ਉਥੇ ਥੋੜ੍ਹੀ-ਬਹੁਤ ਹਿੰਮਤ ਕਰਨ ਤਾਂ ਹੀ ਕੰਮ ਚੱਲੇਗਾ। ਮਜੀਠੀਆ ਸਾਹਿਬ ਕਹਿੰਦੇ ਹਨ ਕਿ ਫਲਾਣਾ ਰਲ ਗਿਆ ਜਾਂ ਫਲਾਣਾ ਸਾਡੇ ਨਾਲ ਰਲ ਗਿਆ। ਰੌਲਾ ਤਾਂ ਇਹ ਪੈ ਰਿਹਾ ਹੈ ਕਿ ਤੁਸੀਂ ਸਾਡੇ ਨਾਲ ਰਲੇ ਹੋਏ ਹੋ।(ਵਿਘਨ, ਸ਼ੋਰ)

**ਮਾਨਯੋਗ ਸਪੀਕਰ** : ਪਲੀਜ਼ ਬੈਠੋ। ਕਾਲ ਅਟੈਂਨਸ਼ਨ ਨੋਟਿਸ। ਜ਼ੀਰੋ ਆਵਰ ਖਤਮ ਹੁੰਦਾ ਹੈ। (ਸ਼ੋਰ, ਵਿਘਨ) ਪਲੀਜ਼ ਸਾਰੇ ਬੈਠੋ। ਖਹਿਰਾ ਜੀ, ਕਾਲ ਅਟੈਂਨਸ਼ਨ ਬੋਲੋ।

(ਇਸ ਸਮੇਂ ਆਮ ਆਦਮੀ ਪਾਰਟੀ, ਸ਼੍ਰੋਮਣੀ ਅਕਾਲੀ ਦਲ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਬਹੁਤ ਸਾਰੇ ਮੈਂਬਰ ਜ਼ੀਰੋ ਆਵਰ ਤੇ ਬੋਲਣ ਦੀ ਮੰਗ ਕਰ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ** : ਪਹਿਲਾਂ ਢੀਂਡਸਾ ਸਾਹਿਬ ਦੀ ਗੱਲ ਸੁਣ ਲਓ। ਸਾਰੇ ਬੈਠੋ। ਸੰਧੂ ਸਾਹਿਬ, ਉਹ ਤੁਹਾਡੇ ਤੋਂ ਵੀ ਪਹਿਲਾਂ ਦੇ ਖੜ੍ਹੇ ਹਨ। ਤੁਸੀਂ ਬੈਠੋ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ** : ਸਪੀਕਰ ਸਾਹਿਬ, ਮੈਂ ਬੜੀ ਅਹਿਮ ਗੱਲ ਹਾਊਸ ਦੇ ਧਿਆਨ ਵਿੱਚ ਲਿਆਉਣੀ ਚਾਹੁੰਦਾ ਹਾਂ। ਕੱਲ੍ਹ ਸੀ.ਐਮ. ਸਾਹਿਬ ਵਲੋਂ ਲੰਗਰ ਉੱਤੇ ਜੀ.ਐੱਸ.ਟੀ. ਦੀ ਮੁਆਫੀ ਸਬੰਧੀ ਸਾਰਿਆਂ ਨੇ ਵਧਾਈ ਦਿੱਤੀ ਹੈ, ਭਾਵੇਂ ਇਕ ਸਾਲ ਦਾ ਸਮਾਂ ਲੰਘ ਗਿਆ ਸੀ। ਕੱਲ੍ਹ ਸਾਡੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਐਮ.ਪੀ. ਸਰਦਾਰ ਪ੍ਰੇਮ ਸਿੰਘ ਚੰਦੂਮਾਜਰਾ, ਸਰਦਾਰ ਸੁਖਦੇਵ ਸਿੰਘ ਢੀਂਡਸਾ ਜੀ ਸ਼੍ਰੀ ਅਰੁਣ ਜੇਤਲੀ ਜੀ ਨੂੰ ਮਿਲੇ ਸਨ ਅਤੇ ਉਨ੍ਹਾਂ ਦੇ ਧਿਆਨ ਵਿੱਚ ਇਹ ਮਾਮਲਾ ਲਿਆਂਦਾ ਹੈ। ਉਨ੍ਹਾਂ ਨੇ ਕਿਹਾ ਹੈ ਕਿ ਜੇ ਪੰਜਾਬ ਸਰਕਾਰ ਆਪਣਾ ਹਿੱਸਾ ਛੱਡਣ ਨੂੰ ਤਿਆਰ ਹੈ ਤਾਂ ਉਨ੍ਹਾਂ ਨੇ ਭਰੋਸਾ ਦਿਵਾਇਆ ਹੈ ਕਿ ਕੇਂਦਰ ਸਰਕਾਰ ਵੀ ਇਸ ਤੇ ਕਾਰਵਾਈ ਕਰੇਗੀ ਅਤੇ ਇਸ ਨੂੰ ਛੱਡੇਗੀ।(ਵਿਘਨ, ਸ਼ੋਰ) ਪੂਰੀ ਗੱਲ ਤਾਂ ਸੁਣ ਲਓ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਉੱਚੀ ਉੱਚੀ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ** : ਪਲੀਜ਼ ਬੈਠੋ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ** : ਜਿਹੜੀ ਗੱਲ ਕੱਲ੍ਹ ਮਨਪ੍ਰੀਤ ਸਿੰਘ ਬਾਦਲ ਜੀ ਨੇ ਕੀਤੀ ਸੀ ਕਿ ਉਨ੍ਹਾਂ ਨੇ ਤਿੰਨ ਵਾਰੀ ਜੀ.ਐੱਸ.ਟੀ. ਕੌਂਸਲ ਵਿੱਚ ਮੁੱਦਾ ਚੁੱਕਿਆ ਸੀ, ਉਸ ਦਾ ਨੈੱਟ ਇਫੈਕਟ ਇਹ ਹੋਣਾ ਸੀ ਕਿ ਉਸ ਦਾ ਸਾਰਾ ਬੋਝ, ਕੰਪਨਸੇਸ਼ਨ ਫੰਡ ਤੇ ਪੈਣਾ ਸੀ ਅਤੇ ਸਾਰੀਆਂ ਸਟੇਟਾਂ ਤੇ ਪੈਣਾ ਸੀ ਕਿਉਂਕਿ ਜੇਕਰ ਪੰਜਾਬ ਨੂੰ ਐਗਜ਼ੰਪਟ ਕਰਦੇ ਤਾਂ according to the GST Council 14% ਸ਼ੇਅਰ ਇਨਕ੍ਰੀਜ਼ ਆਟੋਮੈਟੀਕਲੀ ਮਿਲ ਜਾਣਾ ਹੈ। ਹੁਣ ਜੇ ਪੰਜਾਬ ਨੇ ਆਪਣਾ ਹਿੱਸਾ ਛੱਡਿਆ ਹੈ ਤਾਂ ਉਤਨਾ ਕੰਪਨਸੇਸ਼ਨ ਵਿਚੋਂ ਕੱਟਿਆ ਜਾਵੇਗਾ ਅਤੇ ਸੈਂਟਰ ਸਰਕਾਰ ਵੀ ਆਪਣਾ ਹਿੱਸਾ ਛੱਡਣ ਨੂੰ ਤਿਆਰ ਹੈ ਕਿਉਂਕਿ ਐਗਜ਼ੰਪਸ਼ਨ ਵਾਸਤੇ ਬਾਕੀ ਸਟੇਟਾਂ ਸਹਿਮਤ ਨਹੀਂ ਸਨ।(ਵਿਘਨ, ਸ਼ੋਰ)

**ਮਾਨਯੋਗ ਸਪੀਕਰ** : ਤੁਹਾਡੀ ਗੱਲ ਆ ਗਈ ਹੈ, ਬੈਠ ਜਾਓ। ਨਾਭਾ ਜੀ, ਤੁਸੀਂ ਬੋਲੋ।(ਵਿਘਨ, ਸ਼ੋਰ) ਸਿੱਧੂ ਸਾਹਿਬ, ਨਾਭਾ ਜੀ ਨੂੰ ਬੋਲ ਲੈਣ ਦਿਓ।

**ਸਥਾਨਕ ਸਰਕਾਰ ਮੰਤਰੀ (ਸਰਦਾਰ ਨਵਜੋਤ ਸਿੰਘ ਸਿੱਧੂ)** : ਸਪੀਕਰ ਸਾਹਿਬ, ਜੇ ਸੈਂਟਰ ਦੀ ਸਰਕਾਰ ਨੇ ਮੁਆਫ ਕਰਨਾ ਸੀ ਤਾਂ ਛੇ ਮਹੀਨੇ ਪਹਿਲਾਂ ਕਰਦੀ। ਹੁਣ ਜੇ ਅਸੀਂ ਮੁਆਫ ਕਰ ਦਿੱਤਾ ਤਾਂ ****

**ਮਾਨਯੋਗ ਸਪੀਕਰ** : ਐਫ.ਐਮ. ਸਾਹਿਬ ਖੜ੍ਹੇ ਹਨ, ਉਨ੍ਹਾਂ ਦੀ ਗੱਲ ਸੁਣ ਲਈਏ।

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ)** : ਸਪੀਕਰ ਸਾਹਿਬ, ਜਿਹੜੀਆਂ ਜੀ.ਐੱਸ.ਟੀ. ਕੌਂਸਲ ਦੀਆਂ ਪ੍ਰੋਸੀਡਿੰਗਜ਼ ਹੁੰਦੀਆਂ ਹਨ, ਉਨ੍ਹਾਂ ਦੇ ਮਿਨਿਟਸ ਬਣਦੇ ਹਨ ਅਤੇ ਫੇਰ ਛਪਦੇ ਹਨ। ਇਹ ਮਿਨਿਟਸ ਪਾਸ ਵੀ ਹੁੰਦੇ ਹਨ। ਜਿਹੜਾ ਆਪਣਾ ਅਗਲਾ ਸੈਸ਼ਨ ਹੋਵੇਗਾ, ਮੈਂ ਉਨ੍ਹਾਂ ਮਿਨਿਟਸ ਦੀ ਕਾਪੀ ਮੇਜ਼ ਤੇ ਰੱਖ ਦੇਵਾਂਗਾ। (ਥੰਪਿੰਗ).....ਇਕ ਮਿੰਟ ਜੀ। ਤਿੰਨ ਮਰਤਬਾ ਉਨ੍ਹਾਂ ਨੇ ਇਹ ਰਿਜੈਕਟ ਕੀਤਾ ਹੈ ਪਰ ਜੇਤਲੀ ਸਾਹਿਬ ਨੇ ਭਰੋਸਾ ਦਿਵਾਇਆ ਹੈ ਕਿ ਅਸੀਂ ਆਪਣਾ ਹਿੱਸਾ ਛੱਡ ਦੇਵਾਂਗੇ ਤਾਂ ਮੈਂ ਉਸ ਦਾ ਖੈਰ ਮਕਦਮ ਕਰਾਂਗਾ, ਉਸ ਦਾ ਸਵਾਗਤ ਕਰਾਂਗਾ। ਦੇਰ ਆਇਦ ਦਰੁਸਤ ਆਇਦ। ਇਹ ਸਾਹਮਣੇ ਆ ਹੀ ਜਾਣਾ ਹੈ ਜੀ, ਅਜਿਹੀ ਕੋਈ ਗੱਲ ਨਹੀਂ ਹੈ। ਹਰ 40-45 ਦਿਨਾਂ ਬਾਅਦ ਮੀਟਿੰਗ ਹੁੰਦੀ ਹੈ। ਜੇ ਗੌਰਮਿੰਟ ਆਫ ਇੰਡੀਆ ਨੇ ਇਨ੍ਹਾਂ ਨੂੰ ਐਸ਼ੋਰੈਂਸ ਦਿੱਤੀ ਹੈ ਤਾਂ ਇਹ ਸਭ ਹੋ ਜਾਵੇਗੀ ਪਰ ਇਕ ਸਾਲ ਤੋਂ ਨਾ-ਮਨਜ਼ੂਰ ਹੁੰਦੀ ਆ ਰਹੀ ਸੀ।

**ਸਥਾਨਕ ਸਰਕਾਰ ਮੰਤਰੀ** : ਪਹਿਲਾਂ ਕਿਉਂ ਨਹੀਂ ਸੈਂਟਰ ਗੌਰਮਿੰਟ ਨੇ ਇਹ ਛੋਟ ਦਿੱਤੀ? (ਸ਼੍ਰੋਮਣੀ ਅਕਾਲੀ ਦਲ ਦੇ ਬੈਂਚਿਜ਼ ਵੱਲ ਇਸ਼ਾਰਾ ਕਰਦੇ ਹੋਏ।)

**ਮਾਨਯੋਗ ਸਪੀਕਰ** : ਸਰਦਾਰ ਰਣਦੀਪ ਸਿੰਘ ਨਾਭਾ ਜੀ। (ਵਿਘਨ) (ਸ਼ੋਰ) ਸਰਦਾਰ ਰਣਦੀਪ ਸਿੰਘ ਨਾਭਾ ਜੀ ਨੂੰ ਬੋਲ ਲੈਣ ਦਿਉ।

**ਸਰਦਾਰ ਰਣਦੀਪ ਸਿੰਘ** : ਸਪੀਕਰ ਸਾਹਿਬ, ਸਿੱਧੂ ਸਾਹਿਬ, ਇੱਕ ਮਿੰਟ ਜੀ........ (ਵਿਘਨ) (ਸ਼ੋਰ)

**ਸਥਾਨਕ ਸਰਕਾਰ ਮੰਤਰੀ** : ਸਪੀਕਰ ਸਾਹਿਬ, ਜੇ ਇਹ ਐਸ਼ੋਰੈਂਸ ਗੌਰਮਿੰਟ ਆਫ ਇੰਡੀਆ ਨੇ ਦਿੱਤੀ ਹੈ ਤਾਂ ਸਾਡੇ ਵਲੋਂ ਮੁਆਫ ਕਰਨ ਤੋਂ ਬਾਅਦ ਕਿਉਂ ਦਿੱਤੀ ਹੈ ?

---

** Expunged as ordered by Hon'ble Speaker.

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ....(ਵਿਘਨ)(ਸ਼ੋਰ)

**Minister for Local Bodies :** I did not interrupt you, please. (Interruption) I did not interrupt.

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਜੀ....(ਵਿਘਨ)(ਸ਼ੋਰ), ਸਪੀਕਰ ਸਾਹਿਬ, ਮੇਰੀ ਬੇਨਤੀ ਹੈ.....

**ਮਾਨਯੋਗ ਸਪੀਕਰ :** ਮਜੀਠੀਆ ਜੀ, ਸਿੱਧੂ ਸਾਹਿਬ ਨੂੰ ਬੋਲ ਲੈਣ ਦਿਉ। ਇਹ ਤੁਹਾਡੇ ਤੋਂ ਪਹਿਲਾਂ ਦੇ ਖੜ੍ਹੇ ਹਨ। (ਵਿਘਨ)

**ਸਥਾਨਕ ਸਰਕਾਰ ਮੰਤਰੀ : ** ****

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਕਈ ਮੈਂਬਰਜ਼ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲਣ ਲੱਗ ਪਏ।)

**ਮਾਨਯੋਗ ਸਪੀਕਰ :** ਬੈਠੋ, ਬੈਠੋ। ਬੈਠੋ ਜੀ, ਬੈਠੋ।

**ਸਥਾਨਕ ਸਰਕਾਰ ਮੰਤਰੀ :** ****

**ਮਾਨਯੋਗ ਸਪੀਕਰ :** ਇਹ ਐਕਸਪੰਜ ਕਰ ਦਿੱਤਾ ਜਾਵੇ। ਸਿੱਧੂ ਸਾਹਿਬ, please Address the Chair. ਬੈਠੋ, ਪਲੀਜ਼। ਬੈਠੋ।

**ਸਥਾਨਕ ਸਰਕਾਰ ਮੰਤਰੀ :** ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੇ ਇਨ੍ਹਾਂ ਨੇ ਇਹ ਐਸ਼ੋਰੈਂਸ ਦੇਣੀ ਸੀ ਤਾਂ ਛੇ ਮਹੀਨੇ ਪਹਿਲਾਂ ਕੀ ਇਹ ਸੁੱਤੇ ਪਏ ਸੀ? (ਵਿਘਨ)(ਸ਼ੋਰ) ਅੱਜ ਜਦੋਂ ਅਸੀਂ ਮੁਆਫ ਕਰ ਦਿੱਤਾ, ਅੱਜ ਇਨ੍ਹਾਂ ਨੂੰ ਯਾਦ ਆਈ ਹੈ? ਇਹ ਕਿਉਂ? ਇਹ ਕਰੈਡਿਟ ਚੀਫ ਮਨਿਸਟਰ, ਕੈਪਟਨ ਅਮਰਿੰਦਰ ਸਿੰਘ ਜੀ ਦਾ ਹੈ ਔਰ ਫਾਈਨਾਂਸ ਮਨਿਸਟਰ ਸਾਹਿਬ ਦਾ ਹੈ। (ਵਿਘਨ)(ਸ਼ੋਰ) ਔਰ ਉਨ੍ਹਾਂ ਨੂੰ ਹੀ ਕਰੈਡਿਟ ਮਿਲਣਾ ਚਾਹੀਦਾ ਹੈ (ਵਿਘਨ) (ਸ਼ੋਰ) ** **

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਟਰੇਜ਼ਰੀ ਬੈਂਚਿਜ਼ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਉੱਚੀ ਉੱਚੀ ਇਕ ਦੂਜੇ ਖਿਲਾਫ ਬੋਲ ਰਹੇ ਸਨ ਅਤੇ ਕੁਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਸਰਦਾਰ ਬਿਕਰਮ ਸਿੰਘ ਮਜੀਠੀਆ :** ****

**ਮਾਨਯੋਗ ਸਪੀਕਰ :** ਨਾਭਾ ਜੀ, ਬੋਲੋ। ਨਾਭਾ ਜੀ ਨੂੰ ਬੋਲ ਲੈਣ ਦਿਉ। ਬਾਕੀ ਸਾਰੇ ਬੈਠ ਜਾਵੋ। ਮਾਹੌਲ ਨੂੰ ਠੰਡਾ ਕਰੋ ਜੀ। ਨਾਭਾ ਜੀ, ਬੋਲੋ।

---

** Expunged as ordered by the Chair.

**ਸਥਾਨਕ ਸਰਕਾਰ ਮੰਤਰੀ :** ** **

**ਮਾਨਯੋਗ ਸਪੀਕਰ :** ਬੈਠੋ ਜੀ। ਪਲੀਜ਼, ਐਡਰੈੱਸ ਦਿ ਚੇਅਰ। Please, Address the Chair. (Interruptions) Please, address the Chair. (Interruptions) ਰੰਧਾਵਾ ਜੀ, ਬੈਠੋ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ** **

**ਸਥਾਨਕ ਸਰਕਾਰ ਮੰਤਰੀ :** ** **

**ਮਾਨਯੋਗ ਸਪੀਕਰ :** ਜੋ ਕੁਝ ਵੀ ਚੇਅਰ ਦੀ ਆਗਿਆ ਤੋਂ ਬਗੈਰ ਕਿਹਾ ਗਿਆ ਹੈ, ਉਹ ਰਿਕਾਰਡ ਨਾ ਕੀਤਾ ਜਾਵੇ। (ਵਿਘਨ)(ਸ਼ੋਰ)

**ਸਥਾਨਕ ਸਰਕਾਰ ਮੰਤਰੀ :** ** **

**ਮਾਨਯੋਗ ਸਪੀਕਰ :** ਚੇਅਰ ਦੀ ਆਗਿਆ ਤੋਂ ਬਿਨਾਂ ਜੋ ਕਿਹਾ ਜਾ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ। ਨਾਭਾ ਜੀ ਨੂੰ ਬੋਲਣ ਦਿਉ। (ਵਿਘਨ)(ਸ਼ੋਰ)

**ਸਥਾਨਕ ਸਰਕਾਰ ਮੰਤਰੀ :** ** **

---

## SHORT ADJOURNMENT OF THE HOUSE

**ਮਾਨਯੋਗ ਸਪੀਕਰ :** ਮੈਂ ਹਾਊਸ ਨੂੰ ਅੱਧੇ ਘੰਟੇ ਵਾਸਤੇ ਐਡਜਰਨ ਕਰਦਾ ਹਾਂ। ਹਾਊਸ ਅੱਧੇ ਘੰਟੇ ਲਈ ਐਡਜਰਨ ਕੀਤਾ ਜਾਂਦਾ ਹੈ।

*11.17 ਵਜੇ ਪੂਰਵ ਦੁਪਹਿਰ) (*ਇਸ ਸਮੇਂ ਹਾਊਸ ਅੱਧੇ ਘੰਟੇ ਲਈ ਸਥੱਗਿਤ ਹੋ ਗਿਆ।)

*11.47 ਵਜੇ ਪੂਰਵ ਦੁਪਹਿਰ) (*ਇਸ ਸਮੇਂ ਸਦਨ ਮੁੜ ਇਕੱਤਰ ਹੋਇਆ।)

---

## OBITUARY REFERENCE

**ਮਾਨਯੋਗ ਸਪੀਕਰ :** ਸ਼੍ਰੀ ਬ੍ਰਹਮ ਮਹਿੰਦਰਾ ਜੀ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਸਪੀਕਰ ਸਾਹਿਬ, ਮੈਂ ਤੁਹਾਡੀ ਇਜਾਜ਼ਤ ਨਾਲ ਇਸ ਪਵਿੱਤਰ ਸਦਨ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਚੌਧਰੀ ਸੁਰਿੰਦਰ ਸਿੰਘ, ਐੱਮ.ਐੱਲ.ਏ. ਦੇ ਮਾਤਾ ਜੀ ਅਤੇ ਸਾਬਕਾ ਮੰਤਰੀ, ਚੌਧਰੀ ਜਗਜੀਤ ਸਿੰਘ ਜੀ ਦੀ ਧਰਮ ਪਤਨੀ ਸ਼੍ਰੀਮਤੀ ਗੁਰਬਚਨ ਕੌਰ ਜੀ ਅੱਜ ਸਵੇਰੇ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਮੈਂ ਆਪ ਜੀ ਨੂੰ ਬੇਨਤੀ ਕਰਦਾ ਹਾਂ ਕਿ ਵਿਛੜੀ ਸ਼ਖਸੀਅਤ ਦੀ ਰੂਹ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਜਾਣ।

---

** Expunged/Not recorded as ordered by the Chair.

**ਮਾਨਯੋਗ ਸਪੀਕਰ :** ਇਸ ਪਵਿੱਤਰ ਸਦਨ ਦੇ ਸਤਿਕਾਰਯੋਗ ਮੈਂਬਰ, ਚੌਧਰੀ ਸੁਰਿੰਦਰ ਸਿੰਘ ਜੀ ਦੇ ਮਾਤਾ ਜੀ ਅਤੇ ਸਾਬਕਾ ਵਜ਼ੀਰ, ਚੌਧਰੀ ਜਗਜੀਤ ਸਿੰਘ ਜੀ ਦੀ ਧਰਮ ਪਤਨੀ ਸ਼੍ਰੀਮਤੀ ਗੁਰਬਚਨ ਕੌਰ ਜੀ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਇਹ ਸਦਨ ਉਨ੍ਹਾਂ ਦੇ ਅਕਾਲ ਚਲਾਣੇ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਾ ਹੈ। ਅਸੀਂ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਵਿਛੜੀ ਸ਼ਖਸੀਅਤ ਦੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ, ਉਨ੍ਹਾਂ ਦੇ ਪਰਿਵਾਰਾਂ ਨੂੰ ਚੜ੍ਹਦੀਕਲਾ ਵਿਚ ਰੱਖਣ ਅਤੇ ਭਾਣਾ ਮੰਨਣ ਦਾ ਬਲ ਬਖਸ਼ਣ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਸ਼ੋਕ ਪ੍ਰਸਤਾਵ ਵਿਛੜੀ ਸ਼ਖਸੀਅਤ ਦੇ ਪਰਿਵਾਰ ਨੂੰ ਭੇਜ ਦਿੱਤਾ ਜਾਵੇ।

**(ਅਵਾਜ਼ਾਂ : ਹਾਂ ਜੀ, ਹਾਂ ਜੀ।)**

**ਮਾਨਯੋਗ ਸਪੀਕਰ:** ਧਿਆਨ ਦਿਵਾਊ ਨੋਟਿਸ। ਸਰਦਾਰ ਸੁਖਪਾਲ ਸਿੰਘ ਖਹਿਰਾ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਸ਼ਹੀਦ ਭਗਤ ਸਿੰਘ ਦੇ ਮੁਤਲੱਕ ਇਕ ਬੜਾ ਅਹਿਮ ਇਸ਼ੂ ਹੈ।

**ਮਾਨਯੋਗ ਸਪੀਕਰ:** ਜ਼ੀਰੋ ਆਵਰ ਹੁਣ ਖਤਮ ਹੋ ਗਿਆ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਤੁਸੀਂ ਪਰਾਮਿਸ ਕੀਤਾ ਸੀ।

**ਮਾਨਯੋਗ ਸਪੀਕਰ:** ਬੇਸ਼ਕ ਕੀਤਾ ਸੀ ਪਰ ਹੁਣ ਜ਼ੀਰੋ ਆਵਰ ਖਤਮ ਹੋ ਗਿਆ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸ਼੍ਰੀ ਪਵਨ ਕੁਮਾਰ ਟੀਨੂ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਮਾਨਯੋਗ ਸਪੀਕਰ :** ਟੀਨੂ ਜੀ, ਪਲੀਜ਼ ਬੈਠੋ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਥੋੜ੍ਹੇ ਜਿਹੇ ਲਫਜ਼ਾਂ ਵਿਚ ਗੱਲ ਖਤਮ ਕਰ ਦਿਆਂਗੇ ਜੀ।

**ਮਾਨਯੋਗ ਸਪੀਕਰ :** ਨਹੀਂ, ਹੁਣ ਨਹੀਂ, ਪਲੀਜ਼ ਮੈਨੂੰ ਮੁਆਫ ਕਰ ਦਿਓ। I am sorry.

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸ਼੍ਰੀ ਪਵਨ ਕੁਮਾਰ ਟੀਨੂ ਐਡਜਰਨਮੈਂਟ ਮੋਸ਼ਨ ਰੱਦ ਕਰਨ ਦੇ ਵਿਰੋਧ ਵਜੋਂ ਆਪਣਾ ਰੋਸ ਪ੍ਰਗਟ ਕਰਦੇ ਹੋਏ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਮਾਨਯੋਗ ਸਪੀਕਰ :** ਟੀਨੂ ਜੀ, I am sorry. ਪਲੀਜ਼, ਬੈਠੋ ਟੀਨੂ ਜੀ। ਹਾਂ ਜੀ, ਸੁਖਪਾਲ ਖਹਿਰਾ ਜੀ, ਤੁਸੀਂ ਧਿਆਨ ਦਿਵਾਊ ਮਤਾ ਪੇਸ਼ ਕਰੋ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਐਡਜਰਨਮੈਂਟ ਮੋਸ਼ਨ ਰੱਦ ਕਰਨ ਦੇ ਰੋਸ ਵਜੋਂ ਆਪਣਾ ਵਿਰੋਧ ਪ੍ਰਗਟ ਕਰ ਰਹੇ ਸਨ ਜਿਸ ਕਾਰਨ ਸਦਨ ਵਿਚ ਕਾਫੀ ਸ਼ੋਰ ਸੀ।)

(ਇਸ ਸਮੇਂ ਲੋਕ ਇਨਸਾਫ ਪਾਰਟੀ ਦੇ ਸਦਨ ਵਿਚ ਹਾਜ਼ਰ ਦੋਵੇਂ ਮੈਂਬਰ, ਸਰਦਾਰ ਬਲਵਿੰਦਰ ਸਿੰਘ ਬੈਂਸ ਅਤੇ ਸਰਦਾਰ ਸਿਮਰਜੀਤ ਸਿੰਘ ਬੈਂਸ ਆਪਣੇ ਹੱਥਾਂ ਵਿੱਚ ਸਲੋਗਨ ਫੜ੍ਹ ਕੇ ਆਪਣੀਆਂ ਸੀਟਾਂ ਤੇ ਖੜ੍ਹੇ ਸਨ।)

---

## CALL ATTENTION NOTICES UNDER RULE 66

***(ਕ੍ਰਮ ਨੰ: 13)***

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ ਪਿਛਲੇ ਕਈ ਸਾਲਾਂ ਤੋਂ ਐੱਸ.ਐੱਸ.ਏ./ਰਮਸਾ ਅਧਿਆਪਕ/ਹੈੱਡਮਾਸਟਰ/ਲੈਬ ਅਟੈਂਡੈਂਟ ਠੇਕੇ ਤੇ ਕੰਮ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਤਕਰੀਬਨ 30,000/- ਤੋਂ 40,000/- ਰੁਪਏ ਪ੍ਰਤੀ ਮਹੀਨਾ ਤਨਖਾਹ ਮਿਲ ਰਹੀ ਹੈ। ਰਾਜ ਸਰਕਾਰ ਉਨ੍ਹਾਂ ਕਰਮਚਾਰੀਆਂ ਦੀਆਂ ਸੇਵਾਵਾਂ ਮੁੱਢਲੇ ਸਕੇਲ ਵਿੱਚ ਹੀ ਰੈਗੂਲਰ ਕਰਨ ਜਾ ਰਹੀ ਹੈ ਜਿਸ ਨਾਲ ਉਨ੍ਹਾਂ ਨੂੰ ਹਰ ਮਹੀਨੇ 20 ਤੋਂ 25 ਹਜ਼ਾਰ ਰੁਪਏ ਮੌਜੂਦਾ ਮਿਲ ਰਹੀ ਤਨਖਾਹ ਤੋਂ ਘੱਟ ਮਿਲਣਗੇ ਜਿਸ ਕਾਰਨ ਐੱਸ.ਐੱਸ.ਏ./ਰਮਸਾ ਅਧਿਆਪਕ/ਹੈੱਡਮਾਸਟਰ/ਲੈਬ ਅਟੈਂਡੈਂਟ ਵਿੱਚ ਭਾਰੀ ਨਿਰਾਸ਼ਾ ਪਾਈ ਜਾ ਰਹੀ ਹੈ ਅਤੇ ਕਰਮਚਾਰੀਆਂ ਵਿੱਚ ਹਾਹਾਕਾਰ ਮੱਚੀ ਹੋਈ ਹੈ । ਉਨ੍ਹਾਂ ਦੀ ਮੰਗ ਹੈ ਕਿ ਉਨ੍ਹਾਂ ਨੂੰ ਰੈਗੂਲਰ ਕਰਦੇ ਸਮੇਂ ਮੌਜੂਦਾ ਸਮੇਂ ਲੈ ਰਹੇ ਤਨਖਾਹ ਅਤੇ ਭੱਤੇ ਘੱਟ ਨਾ ਕੀਤੇ ਜਾਣ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸੰਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਐਡਜਰਨਮੈਂਟ ਮੋਸ਼ਨ ਰੱਦ ਕਰਨ ਦੇ ਰੋਸ ਵਜੋਂ ** ** ਨਾਅਰੇ ਲਗਾਉਂਦੇ ਹੋਏ ਵੈੱਲ ਆਫ ਦਿ ਹਾਊਸ ਵਿੱਚ ਆ ਗਏ।)

**ਮਾਨਯੋਗ ਸਪੀਕਰ :** ਤੁਹਾਨੂੰ ਜਵਾਬ ਚਲਾ ਗਿਆ ਹੈ। ਇਸ ਦਾ ਜਵਾਬ ਤੁਹਾਨੂੰ ਚਲਾ ਗਿਆ ਹੈ। ਇਸ ਦਾ ਜਵਾਬ ਤੁਹਾਨੂੰ ਚਲਾ ਗਿਆ ਹੈ। ਪਲੀਜ਼, ਪਲੀਜ਼, ਪਲੀਜ਼, ਇਸ ਤਰ੍ਹਾਂ ਨਾ ਕਰੋ। ਤੁਸੀਂ ਬੈਠੋ, ਹਾਊਸ ਨੂੰ ਚੱਲਣ ਦਿਓ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਰ, ਬੜਾ ਇੰਪਾਰਟੈਂਟ ਸਵਾਲ ਹੈ ਜੀ।

**ਮਾਨਯੋਗ ਸਪੀਕਰ:** ਪਲੀਜ਼ ਬੈਠੋ, ਪਲੀਜ਼ ਬੈਠੋ, ਪਲੀਜ਼ ਬੈਠੋ। ਤੁਹਾਨੂੰ ਜਵਾਬ ਚਲਾ ਗਿਆ ਹੈ।ਐਡਜਰਨਮੈਂਟ ਮੋਸ਼ਨ ਦਾ ਤੁਹਾਨੂੰ ਜਵਾਬ ਚਲਾ ਗਿਆ ਹੈ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਐਡਜਰਨਮੈਂਟ ਮੋਸ਼ਨ ਰੱਦ ਕਰਨ ਦੇ ਰੋਸ ਵੱਜੋਂ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ ।)

---

** Not recorded as ordered by the Chair.

**ਮਾਨਯੋਗ ਸਪੀਕਰ :** ਨਾਅਰੇ ਰਿਕਾਰਡ ਨਾ ਕੀਤੇ ਜਾਣ। ਜੋ ਕੁਝ ਵੀ ਚੇਅਰ ਦੀ ਆਗਿਆ ਤੋਂ ਬਿਨਾਂ ਕਿਹਾ ਜਾ ਰਿਹਾ ਹੈ, ਉਸ ਨੂੰ ਦਰਜ ਨਾ ਕੀਤਾ ਜਾਏ।

**ਉਚੇਰੀ ਸਿੱਖਿਆ ਅਤੇ ਸਕੂਲ ਸਿੱਖਿਆ ਰਾਜ ਮੰਤਰੀ (ਸ਼੍ਰੀਮਤੀ ਅਰੁਨਾ ਚੌਧਰੀ) :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂ ਲੀਡਰ ਆਫ ਦਿ ਆਪੋਜ਼ੀਸ਼ਨ ਸਾਹਿਬ ਨੂੰ ਇਹ ਦੱਸਣਾ ਚਾਹਾਂਗੀ ਕਿ ਐੱਸ.ਐੱਸ.ਏ., ਰਮਸਾ, ਹੈੱਡ ਮਾਸਟਰ, ਲੈਬ ਅਟੈਂਡੈਂਟ ਨੂੰ ਸਿੱਖਿਆ ਵਿਭਾਗ ਵਿੱਚ ਮਰਜ਼ ਕਰਨ ਅਤੇ ਤਨਖਾਹ ਫਿਕਸ ਕਰਨ ਦਾ ਮੁੱਦਾ ਸਰਕਾਰ ਦੇ ਵਿਚਾਰ ਅਧੀਨ ਹੈ।

**ਮਾਨਯੋਗ ਸਪੀਕਰ :** ਪਲੀਜ਼ ਬੈਠੋ, ਪਲੀਜ਼ ਬੈਠੋ, ਪਲੀਜ਼ ਬੈਠੋ, ਪਲੀਜ਼ ਬੈਠੋ। ਅਰੁਨਾ ਜੀ, ਜਵਾਬ ਦਿਓਗੇ।

**ਰਾਜ ਮੰਤਰੀ :** ਸਪੀਕਰ ਸਾਹਿਬ, ਜਵਾਬ ਦੇ ਦਿੱਤਾ ਹੈ ਜੀ।

**ਮਾਨਯੋਗ ਸਪੀਕਰ :** ਖਹਿਰਾ ਜੀ ਦੀ ਕਾਲ ਅਟੈਂਸ਼ਨ ਦਾ ਅਰੁਨਾ ਜੀ ਜਵਾਬ ਦਿਓਗੇ?

**ਰਾਜ ਮੰਤਰੀ :** ਸਪੀਕਰ ਸਾਹਿਬ, ਮੈਂ ਦੁਬਾਰਾ ਜਵਾਬ ਦੇ ਦਿੰਦੀ ਹਾਂ ਜੀ। ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਲੀਡਰ ਆਫ ਦਿ ਆਪੋਜ਼ੀਸ਼ਨ ਸਾਹਿਬ ਨੂੰ ਇਹ ਦੱਸਣਾ ਚਾਹਾਂਗੀ ਕਿ ਐੱਸ.ਐੱਸ.ਏ., ਰਮਸਾ, ਹੈੱਡ ਮਾਸਟਰ, ਲੈਬ ਅਟੈਂਡੈਂਟ ਨੂੰ ਸਿੱਖਿਆ ਵਿਭਾਗ ਵਿੱਚ ਮਰਜ਼ ਕਰਨ ਅਤੇ ਤਨਖਾਹ ਫਿਕਸ ਕਰਨ ਦਾ ਮੁੱਦਾ ਸਰਕਾਰ ਦੇ ਵਿਚਾਰ ਅਧੀਨ ਹੈ।

**ਮਾਨਯੋਗ ਸਪੀਕਰ :** ਪਲੀਜ਼ ਬੈਠੋ, ਪਲੀਜ਼ ਬੈਠੋ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਐਡਜਰਨਮੈਂਟ ਮੋਸ਼ਨ ਰੱਦ ਕਰਨ ਦੇ ਰੋਸ ਵੱਜੋਂ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ ।)

**ਮਾਨਯੋਗ ਸਪੀਕਰ :** ਬੈਠੋ, ਬੈਠੋ। ਬੈਠੋ, ਬੈਠੋ, ਬੈਠੋ, ਬੈਠੋ, ਪਲੀਜ਼ ਬੈਠੋ, ਪਲੀਜ਼ ਬੈਠੋ, ਤੁਹਾਨੂੰ ਜਵਾਬ ਦੇ ਦਿੱਤਾ ਹੈ। ਜਿਹੜਾ ਰਿਜੈਕਟ ਹੋ ਚੁੱਕਿਆ ਹੈ, ਉਸ ਦਾ ਤੁਸੀਂ ਮੇਰੇ ਤੋਂ ਕੀ ਜਵਾਬ ਮੰਗਦੇ ਹੋ? ਤੁਹਾਨੂੰ ਲਿਖ ਕੇ ਜਵਾਬ ਭੇਜ ਦਿੱਤਾ ਹੈ ਜੀ। ਤੁਹਾਨੂੰ ਲਿਖਤੀ ਜਵਾਬ ਚਲਾ ਗਿਆ ਹੈ। ਪਲੀਜ਼, ਇਹ ਰਿਜੈਕਟ ਹੋ ਚੁੱਕਿਆ ਹੈ। (ਵਿਘਨ)(ਸ਼ੋਰ) ਤੁਸੀਂ ਗਵਰਨਰ ਐਡਰੈੱਸ ਤੇ ਬੋਲ ਲੈਣਾ, ਬਜਟ ਤੇ ਬੋਲਣਾ ਹੈ। ਹੋਰ ਇਸ਼ੂਜ਼ ਤੇ ਬੋਲਣਾ ਹੈ। ਰੋਜ਼ ਬੋਲਣ ਦਾ ਮੌਕਾ ਮਿਲਦਾ ਹੈ। (ਵਿਘਨ)(ਸ਼ੋਰ)

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਸਪੀਕਰ ਸਾਹਿਬ, ਏਜੰਡੇ ਦੀ ਅਗਲੀ ਆਈਟਮ ਲਓ ਜੀ।

---

** ** Not recorded as ordered by the Chair.

**ਮਾਨਯੋਗ ਸਪੀਕਰ:** ਖਹਿਰਾ ਸਾਹਿਬ ਦੀ ਸਪਲੀਮੈਂਟਰੀ ਰਹਿੰਦੀ ਹੈ। ਪਲੀਜ਼, ਹਾਊਸ ਨੂੰ ਚੱਲਣ ਦਿਓ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਐਡਜਰਨਮੈਂਟ ਮੋਸ਼ਨ ਰੱਦ ਕਰਨ ਦੇ ਰੋਸ ਵਜੋਂ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ ।)

**ਮਾਨਯੋਗ ਸਪੀਕਰ :** ਹੋ ਗਿਆ, ਹੋ ਗਿਆ, thank you, ਹੋ ਗਿਆ। (ਵਿਘਨ)(ਸ਼ੋਰ) ਹੋ ਗਿਆ, ਹੋ ਗਿਆ, ਹੁਣ ਚਲੋ ਬੈਠੋ। ਬੈਠੋ, ਹੁਣ ਬੈਠੋ, ਬੈਠੋ, ਬੈਠੋ, ਬੈਠੋ। ਨਾਅਰੇ ਰਿਕਾਰਡ ਨਾ ਕੀਤੇ ਜਾਣ। ਚਲੋ, ਹੁਣ ਬੈਠੋ, ਬੈਠੋ। ਖਹਿਰਾ ਸਾਹਿਬ, ਹੁਣ ਬੋਲੋ, ਕੁਝ ਕਹਿਣਾ ਤੁਸੀਂ?

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਕੁਝ ਨਹੀਂ ਸੁਣ ਰਿਹਾ ਹੈ। ਮੈਨੂੰ ਤਾਂ ਮੰਤਰੀ ਸਾਹਿਬ ਦਾ ਜਵਾਬ ਹੀ ਨਹੀਂ ਸੁਣਿਆ ਹੈ ਜੀ।

**ਮਾਨਯੋਗ ਸਪੀਕਰ :** ਤੁਸੀਂ ਜੋ ਕਹਿਣਾ ਹੈ, ਹੁਣ ਕਹਿ ਲਵੋ। ਮੈਂ ਅੱਗੇ ਬਿਜ਼ਨਸ ਵੀ ਕਰਨਾ ਹੈ। ਖਹਿਰਾ ਸਾਹਿਬ, ਮੈਂ ਅੱਗੇ ਬਿਜ਼ਨਸ ਕਰਨਾ ਹੈ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਮੈਨੂੰ ਤਾਂ ਜਵਾਬ ਹੀ ਨਹੀਂ ਸੁਣਿਆ ਜੀ।

**ਮਾਨਯੋਗ ਸਪੀਕਰ :** ਉਨ੍ਹਾਂ ਨੇ ਜਵਾਬ ਦੇ ਦਿੱਤਾ ਹੈ ਜੀ। ਜੇਕਰ ਤੁਹਾਨੂੰ ਨਹੀਂ ਸੁਣਿਆ ਤਾਂ ਇਸ ਦਾ ਕੀ ਇਲਾਜ ਹੈ? ਮੈਂ ਵੀ ਕੀ ਕਰਾਂ। ਮੈਂ ਬਿਜ਼ਨਸ ਵੀ ਅੱਗੇ ਕਰਨਾ ਹੈ। (ਵਿਘਨ) ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼।

**ਸੰਸਦੀ ਮਾਮਲੇ ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਮੈਂ ਅੱਜ ਦੀ ਕਾਰਜ ਸੂਚੀ ਵਿੱਚ.....

**ਮਾਨਯੋਗ ਸਪੀਕਰ :** ਇੱਕ ਮਿੰਟ ਬ੍ਰਹਮ ਮਹਿੰਦਰਾ ਜੀ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਐਡਜਰਨਮੈਂਟ ਮੋਸ਼ਨ ਰੱਦ ਕਰਨ ਦੇ ਰੋਸ ਵਜੋਂ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ।)

**ਸਰਦਾਰ ਸੁਖਪਾਲ ਸਿੰਘ ਖਹਿਰਾ** : ਯਕੀਨ ਰੱਖੋ ਕਿ ਮੈਨੂੰ ਜਵਾਬ ਸੁਣਿਆ ਨਹੀਂ। ਤੁਸੀਂ ਜਵਾਬ ਦੁਬਾਰਾ ਸੁਣਾ ਦਿਉ। (ਵਿਘਨ) (ਸ਼ੋਰ)

**ਮਾਨਯੋਗ ਸਪੀਕਰ** : ਉਨ੍ਹਾਂ ਨੇ ਜਵਾਬ ਦੇ ਦਿੱਤਾ ਹੈ ਪਰ ਚਲੋ, ਇੱਕ ਵਾਰ ਫਿਰ ਜਵਾਬ ਦੇ ਦਿਉ।(ਵਿਘਨ) (ਸ਼ੋਰ)

---

** ** Not recorded as ordered by the Chair.

**ਰਾਜ ਮੰਤਰੀ :** ਸਪੀਕਰ ਸਾਹਿਬ, ਲਿਖਤੀ ਭੇਜ ਦਿੰਦੇ ਹਾਂ ਜੀ। (ਵਿਘਨ) (ਸ਼ੋਰ)

**ਮਾਨਯੋਗ ਸਪੀਕਰ** : ਖਹਿਰਾ ਸਾਹਿਬ ਨੂੰ ਰਿਟਨ ਜਵਾਬ ਦੇ ਦਿਉ। ਹਾਂ ਜੀ, ਬ੍ਰਹਮ ਮਹਿੰਦਰਾ ਜੀ ਮੇਜ਼ ਤੇ ਰੱਖਣ ਵਾਲੇ ਕਾਗਜ਼ ਪੱਤਰ ਪੇਸ਼ ਕਰੋ ਜੀ। (ਵਿਘਨ) (ਸ਼ੋਰ)

---

## PAPERS LAID ON THE TABLE OF THE HOUSE

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ)** : ਸ਼੍ਰੀਮਾਨ ਜੀ, ਮੈਂ

1. i) ਸਾਲ 2016-17 ਲਈ ਰਾਜ ਵਿੱਤ ਤੇ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ;

   ii) ਸਾਲ 2016-17 ਲਈ ਸਰਕਾਰੀ ਅਦਾਰਿਆਂ (ਸਮਾਜਿਕ, ਆਮ ਅਤੇ ਆਰਥਿਕ ਖੇਤਰ) ਤੇ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ;

   iii) ਸਾਲ 2016-17 ਲਈ ਸਮਾਜਿਕ, ਆਮ ਅਤੇ ਆਰਥਿਕ ਖੇਤਰ (ਗੈਰ ਸਰਕਾਰੀ ਅਦਾਰਿਆਂ) ਤੇ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ;

   iv) ਸਾਲ 2016-17 ਲਈ ਮਾਲੀਆ ਖੇਤਰ ਤੇ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ;

   v) ਸਾਲ 2016-17 ਲਈ ਪੰਜਾਬ ਸਰਕਾਰ ਦੇ ਵਿੱਤੀ ਲੇਖੇ (ਜਿਲਦ-I ਅਤੇ ਜਿਲਦ-II); ਅਤੇ

   vi) ਸਾਲ 2016-17 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖੇ;

ਜਿਵੇਂ ਕਿ ਭਾਰਤ ਦੇ ਸੰਵਿਧਾਨ ਦੇ ਅਨੁਛੇਦ 151 (2) ਅਧੀਨ ਲੋੜੀਂਦਾ ਹੈ।

2. ਪੰਜਾਬ ਪੁਲਿਸ (ਸੋਧਨਾ) ਆਰਡੀਨੈਂਸ, 2018 ( 2018 ਦਾ ਪੰਜਾਬ ਆਰਡੀਨੈਂਸ ਨੰ.1) ਜਿਵੇਂ ਕਿ ਭਾਰਤ ਦੇ ਸੰਵਿਧਾਨ ਦੇ ਅਨੁਛੇਦ 213 (2) (ੳ) ਅਧੀਨ ਲੋੜੀਂਦਾ ਹੈ। ਸਦਨ ਦੀ ਮੇਜ਼ ਤੇ ਰੱਖਦਾ ਹਾਂ ।

---

## PRESENTATION OF REPORTS OF THE COMMITTEES

**ਮਾਨਯੋਗ ਸਪੀਕਰ** : ਸ਼੍ਰੀ ਕੰਵਰ ਸੰਧੂ, ਸਭਾਪਤੀ, ਲੋਕ ਲੇਖਾ ਕਮੇਟੀ ਦੀ ਰਿਪੋਰਟ ਪੇਸ਼ ਕਰਨ। (ਵਿਘਨ) (ਸ਼ੋਰ)

**ਸਭਾਪਤੀ, ਲੋਕ ਲੇਖਾ ਕਮੇਟੀ (ਸ਼੍ਰੀ ਕੰਵਰ ਸੰਧੂ)** : ਸ਼੍ਰੀਮਾਨ ਜੀ, ਮੈਂ ਲੋਕ ਲੇਖਾ ਕਮੇਟੀ ਦੀ:-

1. ਖੇਤੀਬਾੜੀ ਵਿਭਾਗ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ, ਸਿੰਚਾਈ ਵਿਭਾਗ ਅਤੇ ਸ਼ਹਿਰੀ ਹਵਾਬਾਜ਼ੀ ਵਿਭਾਗ ਨਾਲ ਸਬੰਧਿਤ ਸਾਲਾਂ 2010-11 ਅਤੇ 2011-12 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖਿਆਂ ਅਤੇ ਸਾਲਾਂ 2010-11 ਅਤੇ 2011-12 ਲਈ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਸਿਵਲ) ਤੇ ਲੋਕ ਲੇਖਾ ਕਮੇਟੀ ਦੀ 199ਵੀਂ ਰਿਪੋਰਟ;

2. ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਨਾਲ ਸੰਬੰਧਿਤ ਸਾਲ 2012-13 ਅਤੇ 2013-14 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖਿਆਂ ਅਤੇ ਸਾਲ 2012-13 ਅਤੇ 2013-14 ਲਈ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਸਿਵਲ) ਤੇ ਲੋਕ ਲੇਖਾ ਕਮੇਟੀ ਦੀ 200ਵੀਂ ਰਿਪੋਰਟ;

3. ਸਕੂਲ ਸਿੱਖਿਆ ਵਿਭਾਗ ਨਾਲ ਸੰਬੰਧਿਤ ਸਾਲ 2011-12 ਅਤੇ 2012-13 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖਿਆਂ ਅਤੇ ਸਾਲ 2011-12 ਅਤੇ 2012-13 ਲਈ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਸਿਵਲ) ਤੇ ਲੋਕ ਲੇਖਾ ਕਮੇਟੀ ਦੀ 201ਵੀਂ ਰਿਪੋਰਟ; (ਵਿਘਨ) (ਸ਼ੋਰ)

4. ਖੇਤੀਬਾੜੀ ਵਿਭਾਗ ਨਾਲ ਸੰਬੰਧਿਤ ਸਾਲ 2010-11 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖਿਆਂ ਅਤੇ ਸਾਲ 2010-11 ਲਈ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਮਾਲੀਆ) ਤੇ ਲੋਕ ਲੇਖਾ ਕਮੇਟੀ ਦੀ 202ਵੀਂ ਰਿਪੋਰਟ ਪੇਸ਼ ਕਰਦਾ ਹਾਂ। (ਵਿਘਨ) (ਸ਼ੋਰ)

**ਮਾਨਯੋਗ ਸਪੀਕਰ** : (ਵੈੱਲ ਆਫ ਦਿ ਹਾਊਸ ਵਿੱਚ ਨਾਅਰੇ ਮਾਰ ਰਹੇ ਸ਼੍ਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ. ਦੇ ਸਮੂਹ ਮੈਂਬਰਾਂ ਵੱਲ ਇਸ਼ਾਰਾ ਕਰਦੇ ਹੋਏ) ਪਲੀਜ਼ ਬੈਠੋ। (ਵਿਘਨ) (ਸ਼ੋਰ) ਤੁਸੀਂ ਕੁਝ ਕਹਿਣਾ ਚਾਹੁੰਦੇ ਹੋ, ਹਾਂ ਜੀ ਸੰਧੂ ਸਾਹਿਬ। (ਵਿਘਨ) (ਸ਼ੋਰ)

**ਸਭਾਪਤੀ, ਲੋਕ ਲੇਖਾ ਕਮੇਟੀ (ਸ਼੍ਰੀ ਕੰਵਰ ਸੰਧੂ)** : ਸਪੀਕਰ ਸਾਹਿਬ, ਅਸੀਂ ਲੋਕ ਲੇਖਾ ਕਮੇਟੀ, ਯਾਨੀ ਪਬਲਿਕ ਅਕਾਊਂਟਸ ਕਮੇਟੀ ਦੀਆਂ ਚਾਰ ਰਿਪੋਰਟਾਂ ਪੇਸ਼ ਕੀਤੀਆਂ ਹਨ। (ਵਿਘਨ) (ਸ਼ੋਰ) ਜਿਵੇਂ ਤੁਸੀਂ ਵੇਖ ਸਕਦੇ ਹੋ ਕਿ ਇਹ ਚਾਰੇ ਹੀ ਰਿਪੋਰਟਾਂ 2011-12 ਤੋਂ ਲੈ ਕੇ 2013-14 ਤੱਕ ਦੀਆਂ ਪਿਛਲੇ ਸਾਲਾਂ ਦੀਆਂ ਹਨ।(ਵਿਘਨ) (ਸ਼ੋਰ) ਮੈਨੂੰ ਬੜੇ ਅਫ਼ਸੋਸ ਨਾਲ ਕਹਿਣਾ ਪੈ ਰਿਹਾ ਹੈ । ਮੇਰੇ ਪੀ.ਏ.ਸੀ. ਦੇ ਬਾਕੀ ਮੈਂਬਰਜ਼ ਵੀ ਮੇਰੇ ਨਾਲ ਸਹਿਮਤ ਹਨ । ਅਸੀਂ ਹਰ ਹਫ਼ਤੇ ਲਗਾਤਾਰ ਸਾਰਾ ਸਾਲ ਮੀਟਿੰਗਾਂ ਕਰਦੇ ਰਹੇ ਹਾਂ । ਮੈਂ ਕੁਝ ਹਫ਼ਤੇ ਬਾਹਰ ਵੀ ਗਿਆ ਪਰ ਫਿਰ ਵੀ ਕਮੇਟੀ ਮੀਟਿੰਗਜ਼ ਕਰਦੀ ਰਹੀ ਹੈ। ਅਸੀਂ ਬੜੀ ਮਿਹਨਤ ਨਾਲ ਇਹ ਰਿਪੋਰਟਾਂ ਬਣਾਉਣ ਦੀ ਕੋਸ਼ਿਸ਼ ਕੀਤੀ ਅਤੇ ਪੇਸ਼ ਕੀਤੀਆਂ ਹਨ। ਸੀ.ਏ.ਜੀ. ਦੇ ਅਫਸਰਾਂ ਨੇ ਵੀ ਬੜੀ ਮਿਹਨਤ ਕੀਤੀ। (ਵਿਘਨ) (ਸ਼ੋਰ)

ਸੀ.ਐਮ. ਸਾਹਿਬ ਇੱਥੇ ਨਹੀਂ ਹਨ ਪਰ ਪਾਰਲੀਮਾਨੀ ਮਨਿਸਟਰ ਬੈਠੇ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਬੜੀ ਮਿਹਨਤ ਦੇ ਬਾਵਜੂਦ, ਕੋਸ਼ਿਸ਼ ਦੇ ਬਾਵਜੂਦ ਇਨ੍ਹਾਂ ਨੂੰ ਅਪ-ਟੂ-ਡੇਟ ਨਹੀਂ ਕਰ ਸਕੇ ਕਿਉਂਕਿ ਜਿਹੋ ਜਿਹਾ ਰਿਸਪਾਂਸ ਅਫਸਰਾਂ ਤੋਂ ਸਾਨੂੰ ਮਿਲਣਾ ਚਾਹੀਦਾ ਸੀ, ਉਹ ਸਾਨੂੰ ਨਹੀਂ ਮਿਲਿਆ। (ਵਿਘਨ) (ਸ਼ੋਰ) ਮੈਂ ਉਦਾਹਰਨ ਦੇਣੀ ਚਾਹੁੰਦਾ ਹਾਂ ਕਿ ਅਫਸਰ ਕਿੰਨੀ ਬੇਪਰਵਾਹੀ ਨਾਲ ਇਸ ਸਦਨ ਨੂੰ ਅਤੇ ਇਸ ਦੀਆਂ ਕਮੇਟੀਆਂ ਨੂੰ ਟਰੀਟ ਕਰਦੇ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਐਕਸਾਈਜ਼ ਅਤੇ ਟੈਕਸੇਸ਼ਨ ਮਹਿਕਮਾ ਹੈ, ਉਨ੍ਹਾਂ ਦੀਆਂ 2010 ਤੋਂ ਲੈ ਕੇ ਹੁਣ ਤੱਕ ਉਨ੍ਹਾਂ ਨੇ ਜਵਾਬ ਨਹੀਂ ਦਿੱਤਾ। (ਵਿਘਨ) (ਸ਼ੋਰ) 184 ਪੈਰ੍ਹੇ ਹਨ ਜਿਨ੍ਹਾਂ ਦਾ ਅੱਜ ਤੱਕ ਜਵਾਬ ਨਹੀਂ ਆਇਆ ਔਰ ਉਨ੍ਹਾਂ ਨੂੰ ਕਈ ਰਿਮਾਈਂਡਰ ਵੀ ਚਲੇ ਗਏ ਹਨ। ਹੁਣ ਜਿਹੜੇ ਉੱਥੇ ਮੌਜੂਦਾ ਪ੍ਰਿੰਸੀਪਲ ਸੈਕਟਰੀ ਹਨ, ਉਹ ਜ਼ਰੂਰ ਕੋਸ਼ਿਸ਼ ਕਰ ਰਹੇ ਹਨ ਪਰ ਪਿਛਲੇ ਦਸ ਸਾਲਾਂ ਵਿੱਚ ਹੁਣ ਤੱਕ ਕੋਈ ਜਵਾਬ ਨਹੀਂ ਆਇਆ। ਸੋ, ਸਪੀਕਰ ਸਾਹਿਬ ਮੇਰੀ ਤੁਹਾਡੇ ਮਾਧਿਅਮ ਰਾਹੀਂ ਗੁਜ਼ਾਰਿਸ਼ ਹੈ ਕਿ ਇਨ੍ਹਾਂ ਕਮੇਟੀਆਂ ਨੂੰ ਸੀਰੀਅਸਲੀ ਲਿਆ ਜਾਵੇ ਔਰ ਸਦਨ ਦੀ ਕਾਰਵਾਈ ਨੂੰ ਸੀਰੀਅਸਲੀ ਲਿਆ ਜਾਵੇ। (ਵਿਘਨ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਐਡਜਰਨਮੈਂਟ ਮੋਸ਼ਨ ਰੱਦ ਹੋਣ ਦੇ ਵਿਰੋਧ ਵਿੱਚ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ, ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਮਾਨਯੋਗ ਸਪੀਕਰ:** ਪਲੀਜ਼ ਬੈਠੋ, ਬੈਠੋ ਮਜੀਠੀਆ ਸਾਹਿਬ, ਬੈਠੋ।

**ਸ਼੍ਰੀ ਕੰਵਰ ਸੰਧੂ :** ਬਾਕੀ ਕਮੇਟੀਆਂ ਦਾ ਤਾਂ ਮੈਨੂੰ ਪਤਾ ਨਹੀਂ ਹੈ ਲੇਕਿਨ ਜਿਹੜੀ ਪੀ.ਏ.ਸੀ. ਦੀ ਕਾਰਵਾਈ ਹੈ, ਉਹ ਪ੍ਰੈਸ ਨੂੰ ਓਪਨ ਕਰ ਦਿੱਤੀ ਜਾਵੇ ਤਾਂ ਕਿ ਪ੍ਰੈੱਸ ਆ ਕੇ ਦੇਖ ਸਕੇ ਕਿ ਕਿਸ ਤਰ੍ਹਾਂ ਅਫਸਰ ਮੀਟਿੰਗਾਂ ਵਿੱਚ ਨਹੀਂ ਆਉਂਦੇ ਤੇ ਜਿਹੜੇ ਸਾਡੇ ਵੱਲੋਂ ਸੁਨੇਹੇ ਭੇਜੇ ਜਾਂਦੇ ਹਨ, ਉਨ੍ਹਾਂ ਦੀ ਕੋਈ ਪਰਵਾਹ ਨਹੀਂ ਕੀਤੀ ਜਾਂਦੀ। ਸੋ, ਮੇਰੀ ਗੁਜ਼ਾਰਿਸ਼ ਹੈ ਕਿ ਇਹ ਜਿਹੜੀਆਂ ਪੀ.ਏ.ਸੀ. ਦੀਆਂ ਪ੍ਰੋਸੀਡਿੰਗਜ਼ ਹਨ ਜਾਂ ਫੰਕਸ਼ਨਿੰਗ ਹੈ ਜਾਂ ਮੀਟਿੰਗਜ਼ ਹਨ, ਉਹ ਪ੍ਰੈੱਸ ਲਈ ਖੋਲ੍ਹ ਦਿੱਤੀਆਂ ਜਾਣ।

**Mr. Speaker**: Thank you.

---

** ** Not recorded as ordered by the Chair.

## FINANCIAL BUSINESS

**ਮਾਨਯੋਗ ਸਪੀਕਰ** : ਵਿੱਤ ਮੰਤਰੀ ਸਾਲ 2017-18 ਲਈ ਪੰਜਾਬ ਸਰਕਾਰ ਦੇ ਖਰਚੇ ਲਈ ਗਰਾਂਟਾਂ ਲਈ ਅਨੁਪੂਰਕ ਮੰਗਾਂ ਪੇਸ਼ ਕਰਨ।

## 1.(i) PRESENTATION OF SUPPLEMENTARY DEMANDS FOR GRANTS FOR EXPENDITURE OF THE GOVERNMENT OF PUNJAB FOR THE YEAR 2017-18

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ)** : ਸ਼੍ਰੀਮਾਨ ਜੀ, ਮੈਂ ਸਾਲ 2017-18 ਲਈ ਪੰਜਾਬ ਸਰਕਾਰ ਦੇ ਖਰਚਿਆਂ ਲਈ ਗਰਾਂਟਾਂ ਲਈ ਅਨੁਪੂਰਕ ਮੰਗਾਂ ਪੇਸ਼ ਕਰਦਾ ਹਾਂ:-

**ਮੰਗ ਨੰ. : 1**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 802647000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਖੇਤੀਬਾੜੀ ਅਤੇ ਜੰਗਲਾਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 2**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 9293000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 6000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਪਸ਼ੂ ਪਾਲਣ ਅਤੇ ਮੱਛੀ ਪਾਲਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 3**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 145000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 585174000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਸਹਿਕਾਰਤਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 4**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 26160000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਰੱਖਿਆ ਸੇਵਾਵਾਂ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 5**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 3637406000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 2000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਸਿੱਖਿਆ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 7**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1767000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਆਬਕਾਰੀ ਅਤੇ ਕਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 8**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2642272000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 436765000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਵਿੱਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 9**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 53050000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 60000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਖੁਰਾਕ ਅਤੇ ਸਪਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 10**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 102686000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਆਮ ਪ੍ਰਸ਼ਾਸ਼ਨ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 11**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 914021000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 9000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਸਿਹਤ ਅਤੇ ਪਰਿਵਾਰ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 12**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1876873000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 143610000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਗ੍ਰਹਿ ਮਾਮਲੇ ਅਤੇ ਨਿਆਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 13**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 33005000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 5600000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਉਦਯੋਗਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

[ਵਿੱਤ ਮੰਤਰੀ]

**ਮੰਗ ਨੰ: 14**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 37222000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਸੂਚਨਾ ਅਤੇ ਲੋਕ ਸੰਪਰਕ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 15**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 941505000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 7000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਸਿੰਜਾਈ ਅਤੇ ਬਿਜਲੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 16**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 4000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 1000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਕਿਰਤ ਅਤੇ ਰੋਜ਼ਗਾਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 17**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 7000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 2000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਸਥਾਨਕ ਸਰਕਾਰ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 18**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 3223000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਪ੍ਰਸੋਨਲ ਅਤੇ ਆਮ ਪ੍ਰਸ਼ਾਸਨ ਸੁਧਾਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 19**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 4000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 101000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਯੋਜਨਾਬੰਦੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 21**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 256907000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 3236101000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਲੋਕ ਕਾਰਜ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

### ਮੰਗ ਨੰ: 22

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 119594000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਮਾਲ ਅਤੇ ਮੁੜ ਵਸੇਬਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

### ਮੰਗ ਨੰ: 23

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 527721000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 8000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਪੇਂਡੂ ਵਿਕਾਸ ਅਤੇ ਪੰਚਾਇਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

### ਮੰਗ ਨੰ: 24

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਸਾਇੰਸ, ਤਕਨਾਲੋਜੀ ਅਤੇ ਵਾਤਾਵਰਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

### ਮੰਗ ਨੰ: 25

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 14000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 10000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

### ਮੰਗ ਨੰ: 26

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 71336000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਰਾਜ ਵਿਧਾਨ ਮੰਡਲ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

### ਮੰਗ ਨੰ: 27

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1641000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

### ਮੰਗ ਨੰ: 28

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 1000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਸੈਰ ਸਪਾਟਾ ਅਤੇ ਸਭਿਆਚਾਰਕ ਮਾਮਲੇ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

[ਵਿੱਤ ਮੰਤਰੀ]

**ਮੰਗ ਨੰ: 29**

ਕਿ ਇਕ ਅਨੁਪੂਰਕ ਰਕਮ ਜੋ ਪੂੰਜੀਗਤ ਲੇਖੇ ਤੇ 1000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਟਰਾਂਸਪੋਰਟ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 30**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1772000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਚੌਕਸੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

## (ii) PRESENTATION OF THE REPORT OF THE COMMITTEE ON ESTIMATES ON THE SUPPLEMENTARY DEMANDS FOR GRANTS FOR EXPENDITURE OF THE GOVERNMENT OF PUNJAB FOR THE YEAR 2017-18

**ਮਾਨਯੋਗ ਸਪੀਕਰ** : ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ, ਸਭਾਪਤੀ, ਅਨੁਮਾਨ ਕਮੇਟੀ ਦੀ ਸਾਲ 2017-18 ਲਈ ਪੰਜਾਬ ਸਰਕਾਰ ਦੇ ਖਰਚਿਆਂ ਲਈ, ਗਰਾਂਟਾਂ ਲਈ, ਅਨੁਪੂਰਕ ਮੰਗਾਂ ਸਬੰਧੀ ਰਿਪੋਰਟ ਪੇਸ਼ ਕਰਨ।

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ** : ਸ਼੍ਰੀਮਾਨ ਜੀ, ਮੈਂ ਸਾਲ 2017-18 ਲਈ ਪੰਜਾਬ ਸਰਕਾਰ ਦੇ ਖਰਚਿਆਂ ਲਈ, ਗਰਾਂਟਾਂ ਵਾਸਤੇ, ਅਨੁਪੂਰਕ ਮੰਗਾਂ ਤੇ ਅਨੁਮਾਨ ਕਮੇਟੀ ਦੀ ਰਿਪੋਰਟ ਪੇਸ਼ ਕਰਦਾ ਹਾਂ।

---

## WALK-OUT

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਐਡਜਰਨਮੈਂਟ ਮੋਸ਼ਨ ਰੱਦ ਹੋਣ ਦੇ ਰੋਸ ਵਜੋਂ ਵੈੱਲ ਆਫ ਦਿ ਹਾਊਸ ਵਿੱਚੋਂ **** ਨਾਅਰੇ ਮਾਰਦੇ ਹੋਏ ਸਦਨ ਵਿੱਚੋਂ ਵਾਕ ਆਊਟ ਕਰ ਗਏ।)

---

## PRESENTATION OF SUPPLEMENTARY DEMANDS FOR GRANTS FOR EXPENDITURE OF THE GOVT. OF PUNJAB FOR THE YEAR 2017-18 (*Resumption*)

**ਮਾਨਯੋਗ ਸਪੀਕਰ** : ਅੱਜ ਦੀ ਕਾਰਜ ਸੂਚੀ ਵਿੱਚ ਸਦਨ ਦੀ ਬਹਿਸ ਅਤੇ ਵੋਟਿੰਗ ਲਈ ਕੁੱਲ 28 ਅਨੁਪੂਰਕ ਗਰਾਂਟਾਂ ਲਈ ਮੰਗਾਂ ਹਨ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਸਾਰੀਆਂ ਮੰਗਾਂ ਪੜ੍ਹੀਆਂ ਅਤੇ ਪ੍ਰਸਤਾਵ ਕੀਤੀਆਂ ਗਈਆਂ ਸਮਝੀਆਂ ਜਾਣ ਅਤੇ ਇਕੱਠੀਆਂ ਹੀ ਬਹਿਸ ਲਈ ਲੈ ਲਈਆਂ ਜਾਣ ? ਜਿਹੜਾ ਮਾਨਯੋਗ ਮੈਂਬਰ ਜਿਸ ਮੰਗ ਤੇ ਬੋਲਣਾ ਚਾਹੁੰਦਾ ਹੈ, ਉਸ ਮੰਗ ਦਾ ਜ਼ਿਕਰ ਜ਼ਰੂਰ ਕਰ ਲਵੇ।

---

**** Not recorded as ordered by the Chair.

**ਮਾਨਯੋਗ ਸਪੀਕਰ** : ਹਾਂ ਜੀ, ਖਹਿਰਾ ਸਾਹਿਬ ਬੋਲੋ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਜਿਹੜੀ ਕਾਲ ਅਟੈਨਸ਼ਨ ਸੀ, ਉਹ ਬਹੁਤ important ਇਸ਼ੂ ਸੀ। ਮਨਿਸਟਰ ਸਾਹਿਬ ਦੀ ਆਵਾਜ਼ ਮੈਨੂੰ ਇਸ ਸ਼ੋਰ ਵਿੱਚ ਸੁਣਾਈ ਨਹੀਂ ਦਿੱਤੀ ਸੀ ਪਰ ਹੁਣ ਤੁਹਾਡਾ ਜਵਾਬ ਆਇਆ ਹੈ।

**Mr. Speaker**: We can't reopen now.

**ਸਰਦਾਰ ਸੁਖਪਾਲ ਸਿੰਘ ਖਹਿਰਾ:** ਇਹ ਮੇਰਾ ਪਰਸਨਲ ਕੰਮ ਨਹੀਂ ਹੈ, it's of public importance. ਇਹ ਗੱਲ ਹੈ ਕਿ 20,000 ਤੋਂ ਉੱਪਰ ਟੀਚਰਜ਼ ਬੈਠੇ ਹਨ ਔਰ ਉਨ੍ਹਾਂ ਦੀਆਂ ਤਨਖਾਹਾਂ ਘਟਾਉਣੀਆਂ ਤੁਹਾਡੇ ਵਿਚਾਰ ਅਧੀਨ ਹਨ।

**ਮਾਨਯੋਗ ਸਪੀਕਰ:** ਬੈਠੋ, ਤੁਸੀਂ ਗਰਾਂਟਾਂ ਤੇ ਬੋਲਣਾ ਹੈ? ਖਹਿਰਾ ਸਾਹਿਬ, ਖਹਿਰਾ ਸਾਹਿਬ, ਖਹਿਰਾ ਸਾਹਿਬ, ਹੁਣ ਤੁਸੀਂ ਗਰਾਂਟਾਂ ਤੇ ਬੋਲਣਾ ਹੈ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਮੈਂ ਗਰਾਂਟ ਤੇ ਹੀ ਬੋਲ ਰਿਹਾ ਹਾਂ।

**ਮਾਨਯੋਗ ਸਪੀਕਰ:** ਨਹੀਂ, ਤੁਸੀਂ ਗਰਾਂਟ ਤੇ ਨਹੀਂ ਬੋਲ ਰਹੇ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਹੋਰ ਫਿਰ ਮੈਂ ਕੀ ਕਰਾਂ ਜੀ, ਤੁਸੀਂ ਮੈਨੂੰ ਕਦੋਂ ਟਾਈਮ ਦਿਓਗੇ?

**ਮਾਨਯੋਗ ਸਪੀਕਰ:** ਨਹੀਂ, ਇਸ ਤਰ੍ਹਾਂ ਨਾ ਕਰੋ। ਇਹ ਹੁਣ ਮੇਰੇ ਵੱਸ ਦੀ ਗੱਲ ਤਾਂ ਨਹੀਂ ਹੈ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਇਸ ਵਿੱਚ ਮੇਰਾ ਕੀ ਕਸੂਰ ਸੀ?

**ਮਾਨਯੋਗ ਸਪੀਕਰ:** ਨਹੀਂ, ਮੈਂ ਤੁਹਾਡਾ ਨਹੀਂ ਕਹਿ ਰਿਹਾ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਫਿਰ ਮੈਨੂੰ ਮੌਕਾ ਤਾਂ ਦਿਓ।

**ਮਾਨਯੋਗ ਸਪੀਕਰ:** ਕਸੂਰ ਮੇਰਾ ਵੀ ਨਹੀਂ ਹੈ, ਮੇਰਾ ਵੀ ਨਹੀਂ ਹੈ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਕਿਉਂ ਨਹੀਂ ਹੈ ਜੀ? ਤੁਸੀਂ ਸਪੀਕਰ ਹੋ, ਤੁਸੀਂ ਇਸ ਹਾਊਸ ਦੇ ਮਾਲਕ ਹੋ।

**ਮਾਨਯੋਗ ਸਪੀਕਰ:** ਤੁਸੀਂ ਗਰਾਂਟਾਂ ਤੇ ਗੱਲ ਕਰਨੀ ਹੈ ਕੋਈ?

**ਸਰਦਾਰ ਸੁਖਪਾਲ ਸਿੰਘ ਖਹਿਰਾ:** ਇੱਕ ਸਪਲੀਮੈਂਟਰੀ ਦਿਵਾ ਦਿਓ ? ਇੱਕ ਵਾਰ ਪ੍ਰਸ਼ਨ ਕਾਲ ਦਾ ਪੂਰਾ ਇੱਕ ਘੰਟਾ ਬਰਬਾਦ ਹੋ ਗਿਆ ਸੀ ਤਾਂ ਤੁਸੀਂ ਪ੍ਰਸ਼ਨ ਕਾਲ reinstate ਕਰ ਦਿੱਤਾ ਸੀ ਜੀ।

**ਮਾਨਯੋਗ ਸਪੀਕਰ:** ਨਹੀਂ ਕੀਤਾ ਹੈ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਹਾਂ ਜੀ, reinstate ਕੀਤਾ ਹੈ। ਜਦੋਂ ਅਕਾਲੀ ਇੱਥੇ ਪ੍ਰਸ਼ਨ ਕਾਲ ਵਿੱਚ ਆ ਗਏ ਸੀ ਤਾਂ ਤੁਸੀਂ ਸਾਰਾ ਪ੍ਰਸ਼ਨ ਕਾਲ reinstate ਕੀਤਾ ਸੀ।

**ਮਾਨਯੋਗ ਸਪੀਕਰ:** ਹੋ ਗਿਆ ਹੁਣ, ਦੇਖੋ ਤੁਹਾਨੂੰ ਜਵਾਬ ਆ ਗਿਆ ਹੈ। ਤੁਹਾਨੂੰ ਰਿਟਨ ਜਵਾਬ ਆ ਗਿਆ ਹੈ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਮੇਰੀ ਸਪਲੀਮੈਂਟਰੀ ਹੈ ਜੀ।

**ਮਾਨਯੋਗ ਸਪੀਕਰ:** ਜੋ ਕੁਝ ਉਨ੍ਹਾਂ ਨੇ ਬੋਲਿਆ ਹੈ, ਉਹ ਰਿਕਾਰਡ ਹੋ ਗਿਆ ਹੈ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਫਿਰ ਮੇਰੀ ਸਪਲੀਮੈਂਟਰੀ ਕਿੱਥੇ ਗਈ ਜੀ?

**ਮਾਨਯੋਗ ਸਪੀਕਰ:** ਹੁਣ ਜਾਣ ਦਿਓ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਫਿਰ ਕਾਲ ਅਟੈਨਸ਼ਨ ਲਗਾਉਣ ਦਾ ਫਾਇਦਾ ਕੀ ਹੋਇਆ ਜੀ?

**ਮਾਨਯੋਗ ਸਪੀਕਰ:** ਤੁਹਾਨੂੰ ਬੋਲਣ ਤੋਂ ਰੋਕਿਆ ਤਾਂ ਨਹੀਂ ਸੀ। ਜੇ ਬਾਕੀ ਬੋਲ ਸਕਦੇ ਹਨ ਤਾਂ ਤੁਸੀਂ ਕਿਉਂ ਨਹੀਂ ਬੋਲੇ?

**ਸਰਦਾਰ ਸੁਖਪਾਲ ਸਿੰਘ ਖਹਿਰਾ:** ਇੰਨੀ ਦੇਰ ਵਿੱਚ ਤਾਂ ਜਵਾਬ ਵੀ ਦੇ ਲੈਂਦੇ ਜੀ।

**ਮਾਨਯੋਗ ਸਪੀਕਰ:** ਤੁਸੀਂ ਬੋਲੇ ਨਹੀਂ, ਬਾਕੀ ਬੋਲੇ ਹਨ। (ਵਿਘਨ)

**ਸਰਦਾਰ ਸੁਖਪਾਲ ਸਿੰਘ ਖਹਿਰਾ:** ਜਿੰਨਾ ਤੁਸੀਂ ਸਮਾਂ ਦੇ ਰਹੇ ਹੋ ਉੰਨੀ ਦੇਰ ਵਿੱਚ ਤਾਂ ਮੈਂ ਗੱਲ ਪੁੱਛ ਲੈਣੀ ਹੈ ਜੀ।

**ਮਾਨਯੋਗ ਸਪੀਕਰ:** ਨਹੀਂ, ਮੈਂ ਅਸੂਲ ਦੀ ਗੱਲ ਕਰਦਾ ਹਾਂ। ਅਸੂਲ ਵੀ ਕੋਈ ਚੀਜ਼ ਹੈ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਜਦੋਂ ਅਕਾਲੀ ਇੱਥੇ ਬੈਠ ਗਏ ਸੀ ਤਾਂ ਤੁਸੀਂ ਪ੍ਰਸ਼ਨ ਕਾਲ ਸਾਰਾ ਦੁਬਾਰਾ ਕਰਵਾਇਆ ਸੀ। ਅਸੂਲ ਤਾਂ ਸਾਰਾ ਤੁਹਾਡੇ ਹੱਥ ਵਿੱਚ ਹੀ ਹੈ ਜੀ। ਸਰਕਾਰ 20,000 ਦੇ ਕਰੀਬ ਟੀਚਰਜ਼ ਦੀ ਤਨਖਾਹ 10,300/- ਰੁਪਏ ਕਰਨ ਜਾ ਰਹੀ ਹੈ।

**ਮਾਨਯੋਗ ਸਪੀਕਰ:** ਬੈਠੋ, ਬੈਠੋ, ਬੈਠੋ ਤਾਂ ਸਹੀ। (ਵਿਘਨ, ਸ਼ੋਰ)

(ਇਸ ਸਮੇਂ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ, ਸਰਦਾਰ ਚਰਨਜੀਤ ਸਿੰਘ ਚੰਨੀ ਅਤੇ ਉਚੇਰੀ ਸਿੱਖਿਆ ਤੇ ਸਕੂਲ ਸਿੱਖਿਆ ਰਾਜ ਮੰਤਰੀ, ਸ਼੍ਰੀਮਤੀ ਅਰੁਨਾ ਚੌਧਰੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ :** ਇੱਕ ਮਿੰਟ, ਇੱਕ ਮਿੰਟ, ਅਰੁਨਾ ਜੀ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ :** ਜਿਹੜੀ ਪ੍ਰੋਸੀਡਿੰਗ ਖਤਮ ਹੋ ਚੁੱਕੀ ਹੈ, ਉਸ ਨੂੰ ਬੈਕ ਕਿਵੇਂ ਲਿਜਾ ਸਕਦੇ ਹੋ ਜੀ?

**ਮਾਨਯੋਗ ਸਪੀਕਰ:** ਇੱਕ ਮਿੰਟ ਬੈਠੋ, ਕੋਈ ਨਹੀਂ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ:** ਉਸ ਤੋਂ ਬਾਅਦ ਕਿੰਨਾ ਬਿਜ਼ਨਸ ਚੱਲ ਚੁੱਕਾ ਹੈ। ਵਿਧਾਨ ਸਭਾ ਦਾ ਵੀ ਕੋਈ ਰੂਲ ਹੈ ਕਿ ਨਹੀਂ?

**ਮਾਨਯੋਗ ਸਪੀਕਰ:** ਇਹ ਫਾਈਨਾਂਸ਼ੀਅਲ ਬਿਜ਼ਨਸ ਚੱਲ ਪਿਆ, ਬਾਅਦ ਵਿੱਚ ਦੇਖ ਲੈਂਦੇ ਹਾਂ। ਫਾਈਨਾਂਸ਼ੀਅਲ ਬਿਜ਼ਨਸ ਨੂੰ ਖਤਮ ਕਰ ਲਈਏ। ਇਹ ਫਾਈਨਾਂਸ਼ੀਅਲ ਬਿਜ਼ਨਸ ਚੱਲ ਪਿਆ। ਇਸ ਦਾ ਕੋਈ ਰਸਤਾ ਕੱਢ ਲੈਂਦੇ ਹਾਂ। I understand it is an important issue. ਪਲੀਜ਼ ਬੈਠੋ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਸੁਖਪਾਲ ਸਿੰਘ ਖਹਿਰਾ ਅਤੇ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ, ਸਰਦਾਰ ਚਰਨਜੀਤ ਸਿੰਘ ਚੰਨੀ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ :** ਸਰ, ਮੈਂ ਇਨ੍ਹਾਂ ਨੂੰ ਰੂਲਾਂ ਦੀ ਕਾਪੀ ਭੇਜ ਦਿੰਦਾ ਹਾਂ। Let him study.

## (iii) SUPPLEMENTARY DEMANDS FOR GRANTS FOR EXPENDITURE OF THE GOVERNMENT OF PUNJAB FOR THE YEAR 2017-18

### (1) Discussion on the Estimates of the Expenditure Charged on revenue of the State

**ਮਾਨਯੋਗ ਸਪੀਕਰ :** ਸਾਲ 2017-18 ਲਈ ਪੰਜਾਬ ਸਰਕਾਰ ਦੇ ਖਰਚਿਆਂ ਲਈ ਗਰਾਂਟਾਂ ਲਈ ਅਨੁਪੂਰਕ ਮੰਗਾਂ ਤੇ ਬਹਿਸ। ਜੇਕਰ ਕੋਈ ਮਾਨਯੋਗ ਮੈਂਬਰ ਕਿਸੇ ਆਈਟਮ ਤੇ ਬੋਲਣਾ ਚਾਹੁੰਦੇ ਹਨ ਤਾਂ ਉਹ ਬੋਲ ਸਕਦੇ ਹਨ।

(ਇਸ ਸਮੇਂ ਕੋਈ ਵੀ ਮੈਂਬਰ ਬੋਲਣ ਲਈ ਖੜ੍ਹਾ ਨਹੀਂ ਹੋਇਆ।)

### (2) Voting on the Demands for Supplementary Grants

**ਮਾਨਯੋਗ ਸਪੀਕਰ :** ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਸਾਰੀਆਂ ਅਨੁਪੂਰਕ ਗ੍ਰਾਂਟਾਂ ਲਈ ਮੰਗਾਂ ਪਿਛਲੀ ਪ੍ਰਥਾ ਅਨੁਸਾਰ ਇਕੱਠੀਆਂ ਹੀ ਪੜ੍ਹੀਆਂ ਅਤੇ ਪ੍ਰਸਤਾਵ ਕੀਤੀਆਂ ਗਈਆਂ ਸਮਝੀਆਂ ਜਾਣ ?

(**ਅਵਾਜ਼ਾਂ :** ਹਾਂ ਜੀ, ਹਾਂ ਜੀ)

[ਮਾਨਯੋਗ ਸਪੀਕਰ]

**ਮੰਗ ਨੰ: 1**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 802647000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਖੇਤੀਬਾੜੀ ਅਤੇ ਜੰਗਲਾਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 2**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 9293000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 6000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਪਸ਼ੂ ਪਾਲਣ ਅਤੇ ਮੱਛੀ ਪਾਲਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 3**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 145000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 585174000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਸਹਿਕਾਰਤਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 4**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 26160000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਰੱਖਿਆ ਸੇਵਾਵਾਂ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 5**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 3637406000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 2000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਸਿੱਖਿਆ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 7**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1767000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਆਬਕਾਰੀ ਅਤੇ ਕਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 8**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2642272000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 436765000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਵਿੱਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 9**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 53050000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 60000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਖੁਰਾਕ ਅਤੇ ਸਪਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 10**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 102686000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਆਮ ਪ੍ਰਸ਼ਾਸ਼ਨ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 11**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 914021000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 9000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਸਿਹਤ ਅਤੇ ਪਰਿਵਾਰ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 12**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1876873000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 143610000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਗ੍ਰਹਿ ਮਾਮਲੇ ਅਤੇ ਨਿਆਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 13**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 33005000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 5600000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਉਦਯੋਗਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 14**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 37222000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਸੂਚਨਾ ਅਤੇ ਲੋਕ ਸੰਪਰਕ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 15**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 941505000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 7000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਸਿੰਜਾਈ ਅਤੇ ਬਿਜਲੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

[ਮਾਨਯੋਗ ਸਪੀਕਰ]

**ਮੰਗ ਨੰ: 16**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 4000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 1000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਕਿਰਤ ਅਤੇ ਰੋਜ਼ਗਾਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 17**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 7000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 2000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਸਥਾਨਕ ਸਰਕਾਰ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 18**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 3223000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਪ੍ਰਸੋਨਲ ਅਤੇ ਆਮ ਪ੍ਰਸ਼ਾਸਨ ਸੁਧਾਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 19**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 4000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 101000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਯੋਜਨਾਬੰਦੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 21**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 256907000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 3236101000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਲੋਕ ਕਾਰਜ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 22**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 119594000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਮਾਲ ਅਤੇ ਮੁੜ ਵਸੇਬਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 23**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 527721000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 8000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਪੇਂਡੂ ਵਿਕਾਸ ਅਤੇ ਪੰਚਾਇਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 24**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਸਾਇੰਸ, ਤਕਨਾਲੋਜੀ ਅਤੇ ਵਾਤਾਵਰਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 25**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 14000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 10000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 26**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 71336000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਰਾਜ ਵਿਧਾਨ ਮੰਡਲ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 27**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1641000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 28**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 1000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਸੈਰ ਸਪਾਟਾ ਅਤੇ ਸਭਿਆਚਾਰਕ ਮਾਮਲੇ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 29**

ਕਿ ਇਕ ਅਨੁਪੂਰਕ ਰਕਮ ਜੋ ਪੂੰਜੀਗਤ ਲੇਖੇ ਤੇ 1000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਟਰਾਂਸਪੋਰਟ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 30**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1772000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਚੌਕਸੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਨਯੋਗ ਸਪੀਕਰ :** ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਸਾਰੀਆਂ ਮੰਗਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ ?

(ਅਵਾਜ਼ਾਂ : ਹਾਂ ਜੀ, ਹਾਂ ਜੀ)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

**ਮੰਗ ਨੰ: 1**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 802647000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਖੇਤੀਬਾੜੀ ਅਤੇ ਜੰਗਲਾਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 2**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 9293000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 6000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਪਸ਼ੂ ਪਾਲਣ ਅਤੇ ਮੱਛੀ ਪਾਲਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 3**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 145000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 585174000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਸਹਿਕਾਰਤਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 4**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 26160000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਰੱਖਿਆ ਸੇਵਾਵਾਂ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 5**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 3637406000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 2000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਸਿੱਖਿਆ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 7**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1767000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਆਬਕਾਰੀ ਅਤੇ ਕਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 8**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2642272000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 436765000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਵਿੱਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 9**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 53050000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 60000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਖੁਰਾਕ ਅਤੇ ਸਪਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 10**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 102686000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਆਮ ਪ੍ਰਸ਼ਾਸਨ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 11**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 914021000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 9000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਸਿਹਤ ਅਤੇ ਪਰਿਵਾਰ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 12**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1876873000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 143610000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਗ੍ਰਹਿ ਮਾਮਲੇ ਅਤੇ ਨਿਆਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 13**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 33005000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 5600000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਉਦਯੋਗਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 14**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 37222000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਸੂਚਨਾ ਅਤੇ ਲੋਕ ਸੰਪਰਕ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

[ਮਾਨਯੋਗ ਸਪੀਕਰ]

**ਮੰਗ ਨੰ: 15**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 941505000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 7000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਸਿੰਜਾਈ ਅਤੇ ਬਿਜਲੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 16**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 4000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 1000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਕਿਰਤ ਅਤੇ ਰੋਜ਼ਗਾਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 17**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 7000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 2000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਸਥਾਨਕ ਸਰਕਾਰ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 18**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 3223000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਪ੍ਰਸੋਨਲ ਅਤੇ ਆਮ ਪ੍ਰਸ਼ਾਸਨ ਸੁਧਾਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 19**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 4000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 101000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਯੋਜਨਾਬੰਦੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 21**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 256907000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 3236101000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਲੋਕ ਕਾਰਜ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 22**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 119594000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਮਾਲ ਅਤੇ ਮੁੜ ਵਸੇਬਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 23**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 527721000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 8000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਪੇਂਡੂ ਵਿਕਾਸ ਅਤੇ ਪੰਚਾਇਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 24**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਸਾਇੰਸ, ਤਕਨਾਲੋਜੀ ਅਤੇ ਵਾਤਾਵਰਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 25**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 14000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 10000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 26**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 71336000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਰਾਜ ਵਿਧਾਨ ਮੰਡਲ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 27**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1641000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 28**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 1000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਸੈਰ ਸਪਾਟਾ ਅਤੇ ਸਭਿਆਚਾਰਕ ਮਾਮਲੇ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 29**

ਕਿ ਇਕ ਅਨੁਪੂਰਕ ਰਕਮ ਜੋ ਪੂੰਜੀਗਤ ਲੇਖੇ ਤੇ 1000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਟਰਾਂਸਪੋਰਟ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

[ਮਾਨਯੋਗ ਸਪੀਕਰ]

**ਮੰਗ ਨੰ: 30**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1772000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018 ਨੂੰ ਖਤਮ ਹੋਣ ਵਾਲੇ ਸਾਲ ਲਈ ਚੌਕਸੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਕਿ ਸਾਲ 2017-18 ਲਈ ਪੰਜਾਬ ਸਰਕਾਰ ਦੇ ਖਰਚੇ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਨੰਬਰ 1 ਤੋਂ 5, 7 ਤੋਂ 19 ਅਤੇ 21 ਤੋਂ 30 ਜੋ ਮਾਲੀਆ ਅਤੇ ਪੂੰਜੀਗਤ ਲੇਖੇ ਦੇ 16467735000 ਕਰੋੜ ਰੁਪਏ ਤੋਂ ਵੱਧ ਨਾ ਹੋਣ। 31 ਮਾਰਚ 2018 ਨੂੰ ਖਤਮ ਹੋਣ ਵਾਲੇ ਸਾਲ ਲਈ ਵੱਖ-ਵੱਖ ਵਿਭਾਗਾਂ ਦੇ ਸਬੰਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਜੀ ਨੂੰ ਦਿੱਤੀਆਂ ਜਾਣ।

*ਪ੍ਰਸਤਾਵ ਪ੍ਰਵਾਨ ਹੋਇਆ।*

(ਇਸ ਸਮੇਂ ਲੋਕ ਇਨਸਾਫ ਪਾਰਟੀ ਦੇ ਮੈਂਬਰ, ਸਰਦਾਰ ਬਲਵਿੰਦਰ ਸਿੰਘ ਬੈਂਸ ਅਤੇ ਸਰਦਾਰ ਸਿਮਰਜੀਤ ਸਿੰਘ ਬੈਂਸ ਬਿਨਾਂ ਆਗਿਆ ਖੜ੍ਹੇ ਹੋ ਕੇ ਬੋਲ ਰਹੇ ਸਨ।)

**ਮਾਨਯੋਗ ਸਪੀਕਰ :** ਅਗਲੀ ਆਈਟਮ।

---

## THE PUNJAB APPROPRIATION BILL, 2018

**ਮਾਨਯੋਗ ਸਪੀਕਰ :** ਵਿੱਤ ਮੰਤਰੀ ਜੀ, ਹੁਣ ਪੰਜਾਬ ਨਮਿੱਤਣ ਬਿਲ, 2018 ਪੇਸ਼ ਕਰਨਗੇ।

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ)** : ਸ਼੍ਰੀਮਾਨ ਜੀ, ਮੈਂ ਪੰਜਾਬ ਨਮਿੱਤਣ ਬਿਲ, 2018 ਪੇਸ਼ ਕਰਦਾ ਹਾਂ।

ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਨਮਿੱਤਣ ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਪੰਜਾਬ ਨਮਿੱਤਣ ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਬਹਿਸ, ਹਾਂ ਜੀ, ਖਹਿਰਾ ਸਾਹਿਬ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਅਸੀਂ ਵੀ ਐਡਜਰਨਮੈਂਟ ਮੋਸ਼ਨ ਦਿੱਤੀ ਸੀ, ਉਨ੍ਹਾਂ ਨੇ ਵੀ ਐਡਜਰਨਮੈਂਟ ਮੋਸ਼ਨ ਦਿੱਤੀ । ਸਪੀਕਰ ਸਾਹਿਬ, ਇਸ ਸਦਨ ਨੇ 16 ਨਵੰਬਰ, 2016 ਨੂੰ ਇੱਕ ਮਤਾ ਪਾਸ ਕੀਤਾ ਸੀ। ਉਸ ਵਿੱਚ ਇਹ ਸੀ ਕਿ ਜਿਹੜਾ ਪੰਜਾਬ ਦਾ ਪਾਣੀ

ਰਾਜਸਥਾਨ ਤੇ ਹਰਿਆਣੇ ਨੂੰ ਚਲਾ ਗਿਆ, ਉਸ ਯੂਨਾਨੀਮਸ ਮਤੇ ਵਿੱਚ ਇੱਕ ਗੌਰਮਿੰਟ ਆਫ ਇੰਡੀਆ ਨੂੰ ਲਿਖ ਕੇ ਭੇਜਿਆ ਗਿਆ ਸੀ ਕਿ ਪੰਜਾਬ ਦੇ ਪਾਣੀਆਂ ਦੀ ਕੀਮਤ ਵਸੂਲੀ ਜਾਵੇਗੀ।

**ਮਾਨਯੋਗ ਸਪੀਕਰ:** ਹੁਣ ਨਮਿੱਤਣ ਬਿਲ ਤੇ ਬੋਲੋ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਹਾਂ ਜੀ, ਫਾਈਨਾਂਸ ਬਾਰੇ ਹੈ ਜੀ। ਹੁਣ 16 ਲੱਖ ਕਰੋੜ ਰੁਪਿਆ ਇਨਵਾਲਵਡ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਸ ਰੈਜ਼ੋਲਿਊਸ਼ਨ ਉੱਤੇ ਜਿਹੜਾ ਯੂਨੇਨੀਮਸਲੀ ਪਾਸ ਕੀਤਾ ਗਿਆ ਕੀ ਉਸ ਨੂੰ ** ** ਫਿਰ ਇਹ ਕਾਹਦਾ ਹਾਊਸ ਹੋਇਆ। ਸਪੀਕਰ ਸਾਹਿਬ, ਤੁਸੀਂ ਮੈਨੂੰ ਦੱਸੋ ਕਿ ਫਾਈਨਾਂਸਿਜ਼ ਇਨਵਾਲਵਡ ਹਨ, ਅਸੀਂ ਢਾਈ ਲੱਖ ਕਰੋੜ ਦੇ ਕਰਜ਼ਾਈ ਹਾਂ। ਤੁਸੀਂ ਕਹਿੰਦੇ ਹੋ ਪੰਜਾਬ ਕਰਜ਼ਾਈ ਹੈ। 16 ਲੱਖ ਕਰੋੜ ਤਾਂ ਰਾਜਸਥਾਨ ਤੋਂ ਲੈਣਾ ਹੈ। ਆਪਾਂ ਉਨ੍ਹਾਂ ਨੂੰ ਬਿੱਲ ਤਾਂ ਭੇਜੀਏ। ਦਿੱਲੀ ਅਤੇ ਹਰਿਆਣੇ ਨੂੰ ਵੀ ਬਿੱਲ ਭੇਜੋ। ਸਪੀਕਰ ਸਾਹਿਬ, This is financial position of the State. The finances are hit. Who will improve the financial position of the State? ਅਸੀਂ ਆਪਣਾ ਮਤਾ ਵੀ ਲਾਗੂ ਕਰਨ ਨੂੰ ਤਿਆਰ ਨਹੀਂ ਹਾਂ। ਕਿਹੜੀ ਗੱਲ ਤੇ ਫਿਰ ਅਸੀਂ ਵਚਨਬੱਧ ਰਵ੍ਹਾਂਗੇ। ਜੇ ਕੱਲ੍ਹ ਨੂੰ ਆਪਾਂ ਜੀ.ਐੱਸ.ਟੀ. ਦਾ ਮਤਾ ਪਾਸ ਕੀਤਾ, ਪਰਸੋਂ ਨੂੰ ਅਸੀਂ ਮੁਕਰ ਜਾਵਾਂਗੇ ਕਿ ਨਹੀਂ ਜੀ, ਇਹ ਮਤਾ ਤਾਂ ਅਸੀਂ ਲਾਗੂ ਨਹੀਂ ਕਰਨਾ। ਫਿਰ ਸਦਨ ਦੀ ਗਰਿਮਾ ਤੇ ਸਦਨ ਦੀ ਪ੍ਰੈਸਟੀਜ ਲੋਅ ਹੋ ਰਹੀ ਹੈ, ਸਾਡਾ ਕੁਝ ਨਹੀਂ ਜਾ ਰਿਹਾ, ਬੈਂਸ ਦਾ ਕੁਝ ਨਹੀਂ ਜਾ ਰਿਹਾ। ਸਮੁੱਚੇ ਸਦਨ ਦਾ ਪਾਸ ਕੀਤਾ ਹੋਇਆ ਮਤਾ ਜਿਸ ਵਿੱਚ ਕਾਂਗਰਸੀ ਵੀ ਸੀ ਜਿਹੜੇ ਅੱਜ ਉੱਧਰ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਬੈਠੇ ਹਨ, ਜਿਸ ਵਿੱਚ ਅਕਾਲੀ ਵੀ ਸਨ ਜਿਹੜੇ ਹੁਣ ਬਾਹਰ ਭੱਜ ਗਏ ਹਨ, ਇਹ ਸਾਰਿਆਂ ਨੇ ਇਕੱਠਿਆਂ ਨੇ ਇਹ ਰੈਜ਼ੋਲਿਊਸ਼ਨ ਪਾਸ ਕੀਤਾ। This is a very serious issue. This is regarding finances and we are discussing Financial Bill. ਇਸ ਲਈ ਸਪੀਕਰ ਸਾਹਿਬ, ਇਸ ਦੇ ਉੱਤੇ ਕਾਈਂਡਲੀ ਬਹਿਸ ਕਰਵਾ ਲਓ । ਸਪੀਕਰ ਸਾਹਿਬ, ਜਿਹੜੀਆਂ ਪ੍ਰਪੋਜ਼ਲਜ਼, ਜਿਹੜੀ ਚਿੱਠੀ ਸਿਮਰਜੀਤ ਸਿੰਘ ਬੈਂਸ ਨੇ ਬ੍ਰਹਮ ਮਹਿੰਦਰਾ ਸਾਹਿਬ ਨੂੰ ਸਪੀਕਰ ਸਾਹਿਬ ਦੇ ਚੈਂਬਰ ਦਿੱਤੀ ਹੈ, ਉਸ ਨੂੰ ਪੜ੍ਹਨ ਅਤੇ ਉਨ੍ਹਾਂ ਨੂੰ ਆਪਣੀ ਗੱਲ ਰੱਖਣ ਦਾ ਟਾਈਮ ਦੇ ਦਿਓ।

**ਮਾਨਯੋਗ ਸਪੀਕਰ:** ਚਲੋ, ਤੁਸੀਂ ਆਪਣੀ ਗੱਲ ਕਹਿ ਲਈ ਹੈ ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਨਹੀਂ, ਉਨ੍ਹਾਂ ਨੂੰ ਆਪਣੀ ਗੱਲ ਰੱਖ ਲੈਣ ਦਿਓ।

**ਮਾਨਯੋਗ ਸਪੀਕਰ:** ਹੁਣ ਬੈਠੋ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਇਸ ਤੇ ਸਾਡਾ ਐਡਜਰਨਮੈਂਟ ਮੋਸ਼ਨ ਵੀ ਹੈ ।

**ਮਾਨਯੋਗ ਸਪੀਕਰ:** ਨਹੀਂ ਹੁਣ ਬਿਜ਼ਨਸ ਚੱਲ ਰਿਹਾ ਹੈ। ਤੁਸੀਂ ਨਮਿੱਤਣ ਬਿਲ ਤੇ ਕੁਝ ਕਹਿਣਾ ਹੈ ਤਾਂ ਬੋਲੋ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰਾਂ ਨੂੰ ਅਤੇ ਖਾਸ ਤੌਰ ਤੇ ਵਿਰੋਧੀ ਧਿਰ ਦੇ ਨੇਤਾ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹ ਸਰਕਾਰ ਜੋ ਸਾਡੇ ਮੁੱਖ ਮੰਤਰੀ

** Expunged as ordered by Hon'ble Speaker.

ਸਾਹਿਬ ਚਲਾ ਰਹੇ ਹਨ, ਉਨ੍ਹਾਂ ਦੇ ਧਿਆਨ ਵਿੱਚ ਇਹ ਗੱਲ ਹੈ । ਇਸ ਤੋਂ ਇਲਾਵਾ ਸਾਡੇ ਕਾਂਗਰਸ ਪਾਰਟੀ ਦੇ ਜਿੰਨੇ ਵੀ ਲੈਜਿਸਲੇਟਰਜ਼ ਹਨ, ਮੰਤਰੀ ਸਾਹਿਬਾਨ ਹਨ, ਇਹ ਗੱਲ ਉਨ੍ਹਾਂ ਦੇ ਧਿਆਨ ਵਿੱਚ ਤੁਹਾਡੇ ਨਾਲੋਂ ਵੀ ਜ਼ਿਆਦਾ ਹੈ ਔਰ ਉਸ ਦੇ ਉੱਤੇ ਜਿਹੜੀ ਵੀ ਕਾਰਵਾਈ ਹੈ, ਚਾਹੇ ਕਾਨੂੰਨੀ ਹੈ ਤੇ ਚਾਹੇ ਸਿਆਸੀ ਲੈਵਲ ਦੀ ਹੈ, ਉਹ ਚੱਲ ਰਹੀ ਹੈ, ਬਹੁਤਾ ਫਿਕਰ ਨਾ ਕਰੋ।

**ਮਾਨਯੋਗ ਸਪੀਕਰ :** ਕੁਝ ਨਮਿੱਤਣ ਬਿਲ ਤੇ ਕਹਿਣਾ ਹੈ ਤਾਂ ਕਹਿ ਲਓ । ਮੈਂ ਅੱਗੇ ਵੀ ਕੰਮ ਕਰਨਾ ਹੈ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਖਹਿਰਾ ਸਾਹਿਬ ਇੱਕ ਜਾਤੀ ਏਜੰਡੇ ਦੇ ਨਾਲ ਜਾਣ-ਬੁੱਝ ਕੇ ਧਿਆਨ ਭਟਕਾਉਣਾ ਚਾਹੁੰਦੇ ਹਨ ਪਰ ਮੈਂ ਤੁਹਾਨੂੰ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਇੱਥੇ ਆਪਣੇ ਜਾਤੀ ਏਜੰਡੇ ਨਾ ਚੁੱਕੋ। ਅਖਬਾਰ ਦੀਆਂ ਸੁਰਖੀਆਂ ਤੱਕ ਸੀਮਤ ਨਾ ਰਹੋ।

(ਇਸ ਸਮੇਂ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ, ਸਰਦਾਰ ਚਰਨਜੀਤ ਸਿੰਘ ਚੰਨੀ ਅਤੇ ਵਿਰੋਧੀ ਧਿਰ ਦੇ ਨੇਤਾ, ਸਰਦਾਰ ਸੁਖਪਾਲ ਸਿੰਘ ਖਹਿਰਾ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ।)

**ਮਾਨਯੋਗ ਸਪੀਕਰ:** ਪਲੀਜ਼ ਬੈਠੋ, ਚੰਨੀ ਜੀ ਬੈਠੋ, ਸਾਰੇ ਬੈਠੋ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਪੰਜਾਬ ਨਮਿੱਤਣ ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼ਵਾਰ ਵਿਚਾਰ ਕਰੇਗਾ ।

## ਕਲਾਜ਼ਾਂ 2 ਤੋਂ 4

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੋਂ 4 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ** : ਹਾਂ ਜੀ, ਹਾਂ ਜੀ)

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ਾਂ 2 ਤੋਂ 4 ਬਿਲ ਦਾ ਹਿੱਸਾ ਹਨ।

*ਪ੍ਰਸਤਾਵ ਪ੍ਰਵਾਨ ਹੋਇਆ।*

**ਸ਼ਡਿਊਲ**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ–

ਕਿ ਸ਼ਡਿਊਲ ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

(ਇਸ ਸਮੇਂ ਆਮ ਆਦਮੀ ਪਾਰਟੀ ਅਤੇ ਲੋਕ ਇਨਸਾਫ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿਚ ਬਹੁਤ ਸ਼ੋਰ ਸੀ।)

## WALK-OUT

(ਇਸ ਸਮੇਂ ਆਮ ਆਦਮੀ ਪਾਰਟੀ ਅਤੇ ਲੋਕ ਇਨਸਾਫ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਪੰਜਾਬ ਦੇ ਪਾਣੀਆਂ ਸਬੰਧੀ ਦੂਸਰੀਆਂ ਸਟੇਟਾਂ ਤੋਂ ਬਣਦੇ ਪੈਸੇ ਵਸੂਲ ਕਰਨ ਸਬੰਧੀ ਬਿੱਲ ਨਾ ਭੇਜਣ ਕਾਰਨ ਇਸ ਮੁੱਦੇ ਉੱਪਰ ਬੋਲਣ ਨਾ ਦੇਣ ਦੇ ਰੋਸ ਵਜੋਂ ਸਦਨ ਵਿੱਚੋਂ ** ** ਨਾਅਰੇ ਮਾਰਦੇ ਹੋਏ ਵਾਕ-ਆਊਟ ਕਰ ਗਏ।)

**ਮਾਨਯੋਗ ਸਪੀਕਰ: ******ਨਾਅਰੇ ਰਿਕਾਰਡ ਨਾ ਕੀਤੇ ਜਾਣ।

## THE PUNJAB APPROPRIATION BILL, 2018 (*Resumption*)

**ਕਲਾਜ਼**–1

**ਮਾਨਯੋਗ ਸਪੀਕਰ :** ਪ੍ਰਸ਼ਨ ਹੈ–

ਕਿ ਕਲਾਜ਼ 1 ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

**ਸਿਰਲੇਖ**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ–

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ:** ਹੁਣ ਮੰਤਰੀ ਜੀ ਬਿਲ ਪਾਸ ਕਰਨ ਲਈ ਪ੍ਰਸਤਾਵ ਕਰਨ।

**Finance Minister (Sardar Manpreet Singh Badal) :** Sir, I beg to move-

that the Punjab Appropriation Bill, 2018 be passed.

---

** Not recorded as ordered by the Chair.

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਪੰਜਾਬ ਨਮਿੱਤਣ ਬਿਲ, 2018 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਪੰਜਾਬ ਨਮਿੱਤਣ ਬਿਲ, 2018 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਰਦਾਰ ਹਰਮਿੰਦਰ ਸਿੰਘ ਗਿੱਲ :** ਸਰ ਪਲੀਜ਼, ਸਰ ਪਲੀਜ਼ ਜੀ।

**ਮਾਨਯੋਗ ਸਪੀਕਰ :** ਮਤੇ, ਹੁਣ ਮਤੇ ਪੇਸ਼ ਕੀਤੇ ਜਾਣ।

**ਸਰਦਾਰ ਹਰਮਿੰਦਰ ਸਿੰਘ ਗਿੱਲ :** ਸਰ, ਪਲੀਜ਼, ਸਰ, ਪਲੀਜ਼ ਜੀ।

**ਮਾਨਯੋਗ ਸਪੀਕਰ :** ਹਾਂ ਜੀ।

**ਸਰਦਾਰ ਹਰਮਿੰਦਰ ਸਿੰਘ ਗਿੱਲ :** ਸਰ, ਇਸ ਵਿੱਚ ਸਪਲੀਮੈਂਟਰੀ ਡਿਮਾਂਡ 1600 ਕਰੋੜ ਰੁਪਏ ਇਸ ਵਾਰ ਦੀ ਸਰਕਾਰ ਨੇ ਰੱਖੀ ਹੈ । ਕੀ ਅਸੀਂ ਜਾਣ ਸਕਦੇ ਹਾਂ ਕਿ ਪਿਛਲੇ ਪੰਜ ਸਾਲਾਂ ਦੇ ਦੌਰਾਨ ਕਿੰਨੀਆਂ ਕਿੰਨੀਆਂ ਸਪਲੀਮੈਂਟਰੀਜ਼ ਡਿਮਾਂਡਜ਼ ਪਾਸ ਹੋਈਆਂ ਹਨ ?

**ਮਾਨਯੋਗ ਸਪੀਕਰ :** ਬਿਲ ਹੁਣ ਪਾਸ ਹੋ ਚੁੱਕਿਆ ਹੈ । ਤੁਸੀਂ ਉਦੋਂ ਬੋਲਣਾ ਸੀ, ਜਦੋਂ ਮੈਂ ਰਿਕੁਐਸਟ ਕੀਤੀ ਸੀ। ਤੁਸੀਂ ਉਦੋਂ ਉੱਠੇ ਨਹੀਂ, ਪਲੀਜ਼ ਹੁਣ ਹੋ ਨਹੀਂ ਸਕਦਾ। ਬਿਲ ਪਾਸ ਹੋ ਗਿਆ ਹੈ ।

**ਮਾਨਯੋਗ ਸਪੀਕਰ :** ਹੁਣ ਸਰਦਾਰ ਰਣਦੀਪ ਸਿੰਘ ਨਾਭਾ ਮਤਾ ਪੇਸ਼ ਕਰਨ।

---

## RESOLUTION REG. PROVISION OF STANDARD AND CHEAPER HEALTH SERVICES AND MEDICINES TO THE PEOPLE OF THE STATE

**Sardar Randeep Singh :** Sir, I beg to move-

"That this House recommends to the State Government to steps to provide standard and Cheaper Health Services to the people of the State and also open Government shops in the Civil Hospitals to provide medicines, particularly generic medicines, at low costs."

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ–

"ਕਿ ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਰਾਜ ਦੇ ਲੋਕਾਂ ਨੂੰ ਵਧੀਆ ਅਤੇ ਸਸਤੀਆਂ ਸਿਹਤ ਸੇਵਾਵਾਂ ਮੁਹੱਈਆਂ ਕਰਵਾਉਣ ਲਈ ਕਦਮ ਚੁੱਕੇ ਜਾਣ ਅਤੇ ਦਵਾਈਆਂ ਵਿਸ਼ੇਸ਼ ਤੌਰ ਤੇ ਜੈਨਰਿਕ ਦਵਾਈਆਂ ਨੂੰ ਘੱਟ ਕੀਮਤ ਤੇ ਕਰਵਾਉਣ ਲਈ ਸਰਕਾਰੀ ਹਸਪਤਾਲਾਂ ਵਿਚ ਸਰਕਾਰੀ ਦੁਕਾਨਾਂ ਵੀ ਖੋਲ੍ਹੇ।"

ਬਹਿਸ ।

**ਸਰਦਾਰ ਰਣਦੀਪ ਸਿੰਘ (ਅਮਲੋਹ) :** ਸਪੀਕਰ ਸਾਹਿਬ ਬਹੁਤ ਬਹੁਤ ਧੰਨਵਾਦ। ਤੁਸੀਂ ਮੈਨੂੰ ਬੋਲਣ ਲਈ ਮੌਕਾ ਦਿੱਤਾ ਹੈ। ਕਿਉਂਕਿ ਮਾਨਯੋਗ ਮੁੱਖ ਮੰਤਰੀ ਸਾਹਿਬ ਦੀ ਅਗਵਾਈ ਵਿੱਚ ਅਸੀਂ ਚੋਣ ਮੈਨੀਫੈਸਟੋ ਵਿੱਚ ਵੀ ਵਾਅਦਾ ਕੀਤਾ ਸੀ ਕਿ ਅਸੀਂ ਤਵੱਜੋ ਦੇਵਾਂਗੇ.....

## LAYING OF MINUTES OF GST COUNCIL MEETING ON THE TABLE OF THE HOUSE BY THE FINANCE MINISTER AND CLARIFICATION REG. REFUNDING OF STATE SHARE OF GST ON EDIBLE ITEMS USED IN LANGAR SERVED IN SRI HARMANDIR SAHIB AND DURGIANA MANDIR

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ) :** ਸਪੀਕਰ ਸਾਹਿਬ, ਮੈਂ ਇੱਕ ਮੁਆਫੀ ਚਾਹੁੰਦਾ ਹਾਂ ਜੀ ਕਿ ਜਿਹੜੇ ਜੀ.ਐਸ.ਟੀ. ਕੌਂਸਲ ਦੇ ਮਿਨਟਸ ਸੀ, ਮੈਂ ਉਹਨਾਂ ਨੂੰ ਟੇਬਲ ਤੇ ਲੇਅ ਕਰਨ ਦੀ ਪਰਮਿਸ਼ਨ ਚਾਹੁੰਦਾ ਹਾਂ।

**ਇੱਕ ਅਵਾਜ਼ :** ਸਪੀਕਰ ਸਾਹਿਬ ਕੀ ਇਸ ਦੀਆਂ ਕਾਪੀਆਂ ਮਿਲ ਸਕਦੀਆਂ ਹਨ?

**ਮਾਨਯੋਗ ਸਪੀਕਰ :** ਇਸ ਦੀਆਂ ਕਾਪੀਆਂ ਤਾਂ ਹੁਣ ਸਪਲਾਈ ਕਰਵਾ ਦੇਵਾਂਗੇ। (ਵਿੱਤ ਮੰਤਰੀ ਨੂੰ ਸੰਬੋਧਨ ਕਰਦੇ ਹੋਏ) ਤੁਸੀਂ ਇਸ ਦੀਆਂ ਕਾਪੀਆਂ ਟੇਬਲ ਤੇ ਰੱਖ ਦਿਓ ਜੀ।

(ਇਸ ਸਮੇਂ ਵਿੱਤ ਮੰਤਰੀ, ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਨੇ Minutes of the meeting of the 20th GST Council held on 5th August, 2017 ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ।**)

**ਵਿੱਤ ਮੰਤਰੀ :** ਸਰ, ਜੀ.ਐਸ.ਟੀ. ਕੌਂਸਲ ਵਿੱਚ ਇੱਕ ਮਿਨਟਸ ਬੁੱਕ ਹੁੰਦੀ ਹੈ, ਮਿਨਟਸ ਰਿਕਾਰਡ ਹੁੰਦੇ ਹਨ। ਜਿਵੇਂ ਕਹੇ ਜਾਂਦੇ ਹਨ, ਉਸ ਤਰ੍ਹਾਂ ਹੀ ਰਿਕਾਰਡ ਹੋ ਜਾਂਦੇ ਹਨ ਅਤੇ ਉਹ ਲਿਖਦੇ ਹਨ:

The Hon'ble Minister from Punjab stated that certain issues were emotive for his State and needed to be addressed. He raised the issue of exemption from tax on goods purchased for the langar of the Golden Temple, which had never been taxed in the last 350 years. The Hon'ble Chairperson observed that Langar and Prasad were already exempt. However, ingredients for preparing langar like sugar and ghee were not exempt as it was not desirable to have end-use based exemption of taxes. He pointed out that cement and steel used for building temples would also pay tax. He added that Punjab earlier levied purchase tax on rice and wheat. The Hon'ble Minister from Punjab stated that there was a refund mechanism for the purchase tax paid by the Golden Temple. The Hon'ble Chairperson observed that the same procedure could be continued by the State Government for their share of tax. ਉਨ੍ਹਾਂ ਨੇ ਕਿਹਾ ਕਿ ਜੇ ਤੁਸੀਂ ਆਪਣਾ ਟੈਕਸ ਛੱਡਣਾ ਹੈ ਤਾਂ ਛੱਡ ਦਿਓ ਪਰ ਅਸੀਂ ਨਹੀਂ ਛੱਡਣਾ।

---

** Placed in the Library.

**ਮਾਨਯੋਗ ਸਪੀਕਰ :** ਸਦਨ ਦੀ ਟੇਬਲ ਤੇ ਰਖਵਾ ਦਿਓ ।

**ਵਿੱਤ ਮੰਤਰੀ :** ਸਪੀਕਰ ਸਾਹਿਬ, ਕੱਲ੍ਹ ਮੈਂ ਇੱਕ ਰੈਜ਼ੋਲਿਊਸ਼ਨ ਮੂਵ ਕੀਤਾ ਸੀ । ਸਪੀਕਰ ਸਾਹਿਬ, ਮੇਰੇ ਵਲੋਂ ਕੱਲ੍ਹ ਹਾਊਸ ਵਿਚ ਇਹ ਐਲਾਨ ਕੀਤਾ ਗਿਆ ਸੀ ਕਿ ਗੁਰੂ ਰਾਮ ਦਾਸ ਜੀ ਲੰਗਰ ਤੇ ਜੋ ਸਟੇਟ ਦੇ ਹਿੱਸੇ ਦਾ ਜੀ.ਐਸ.ਟੀ. ਲੱਗ ਰਿਹਾ ਹੈ, We will refund it ਅਸੀਂ ਉੱਥੇ ਕੋਈ ਵੀ ਟੈਕਸ ਨਹੀਂ ਲੱਗਣ ਦੇਵਾਂਗੇ। ਮੈਂ ਇੱਥੇ ਇਹ ਵੀ clarify ਕਰਦਾ ਹਾਂ ਕਿ ਇਸ ਹਾਊਸ ਦੇ sentiments ਨੂੰ ਮੁੱਖ ਰੱਖਦੇ ਹੋਏ ਅਸੀਂ ਦੁਰਗਿਆਨਾ ਮੰਦਿਰ ਵਿੱਚ ਜੋ ਰਸਦ ਦੀ ਵਰਤੋਂ ਹੁੰਦੀ ਹੈ, ਉਸ ਤੇ ਬਣਦਾ ਸਟੇਟ ਦਾ ਸ਼ੇਅਰ ਅਸੀਂ ਰੀਫੰਡ ਕਰਾਂਗੇ ਜਾਂ ਮੁਆਫ ਕਰਾਂਗੇ।

**ਸਥਾਨਕ ਸਰਕਾਰ ਮੰਤਰੀ (ਸਰਦਾਰ ਨਵਜੋਤ ਸਿੰਘ ਸਿੱਧੂ):** ਸਪੀਕਰ ਸਾਹਿਬ, ਮੈਨੂੰ ਪਹਿਲਾਂ ਇਨ੍ਹਾਂ ਨੇ ਬੋਲਣ ਨਹੀਂ ਦਿੱਤਾ। ਇਸ ਕਰਕੇ ਮੈਂ ਆਪਣੀ ਗੱਲ ਹੁਣ ਰੱਖਣੀ ਚਾਹੁੰਦਾ ਹਾਂ।ਸਪੀਕਰ ਸਾਹਿਬ, ਇਹ ਛੇ ਮਹੀਨਿਆਂ ਤੋਂ ਮੁੱਦਾ ਚੱਲਦਾ ਆ ਰਿਹਾ ਹੈ।

(ਇਸ ਸਮੇਂ ਭਾਰਤੀ ਜਨਤਾ ਪਾਰਟੀ ਦੇ ਮੈਂਬਰ, ਸ਼੍ਰੀ ਸੋਮ ਪ੍ਰਕਾਸ਼ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ :** ਸੋਮ ਪ੍ਰਕਾਸ਼ ਜੀ, ਤੁਹਾਨੂੰ ਸਮਾਂ ਦਿੱਤਾ ਜਾਵੇਗਾ।

**ਸਥਾਨਕ ਸਰਕਾਰ ਮੰਤਰੀ :** ਇਨ੍ਹਾਂ ਦੇ ਅਲਾਇੰਸ ਪਾਰਟਨਰ ਸੈਂਟਰ ਸਰਕਾਰ ਵਿੱਚ ਹਨ। 6 ਮਹੀਨਿਆਂ ਤੋਂ ਇਹ ਰੌਲਾ ਪਾ ਰਹੇ ਹਨ ਕਿ ਇਸ ਤਰ੍ਹਾਂ ਹੋਣਾ ਚਾਹੀਦਾ ਹੈ ਪਰ ਹੋਇਆ ਕੁਝ ਨਹੀਂ। ਜਦੋਂ ਅਸੀਂ ਇਹ ਕੀਤਾ ਅਤੇ ਤੁਸੀਂ ਇਹ ਮਿਨਟਸ ਦੇਖ ਲਏ ਹਨ, ਉਸ ਵਿੱਚ ਆਨਰੇਬਲ ਚੇਅਰਮੈਨ ਜੀ.ਐਸ.ਟੀ. ਦੇ ਹਨ, ਉਨ੍ਹਾਂ ਨੇ ਕਿਹਾ ਹੈ ਕਿ ਸਟੇਟ ਦੀ ਸਰਕਾਰ ਨੇ ਜੋ ਕਰਨਾ ਹੈ, ਕਰੇ। ਅੱਜ ਜਦੋਂ ਅਸੀਂ ਕਰ ਦਿੱਤਾ ਤਾਂ ਉਸ ਦਾ ਕ੍ਰੈਡਿਟ ਚੀਫ ਮਨਿਸਟਰ ਸਾਹਿਬ ਅਤੇ ਫਾਇਨਾਂਸ ਮਨਿਸਟਰ ਸਾਹਿਬ ਦਾ ਹੈ। ਇਸ ਵਿਚ ਜੇ ਇਹ ਕਬਾਬ ਵਿਚ ਹੱਡੀ ਬਣਨ ਦੀ ਕੋਸ਼ਿਸ਼ ਕਰਨਗੇ ਤਾਂ ਉਹ ਤਾਂ ਗੱਲ ਠੀਕ ਨਹੀਂ। 6 ਮਹੀਨੇ ਇਨ੍ਹਾਂ ਨੇ ਕੀ ਕੀਤਾ, ਕੀ ਇਹ ਸੁੱਤੇ ਪਏ ਸਨ ਅਤੇ ਜੇ ਅਸੀਂ ਕੀਤਾ ਹੈ ਤਾਂ ਸਾਨੂੰ ਕ੍ਰੈਡਿਟ ਮਿਲਣਾ ਚਾਹੀਦਾ ਹੈ।

**ਮਾਨਯੋਗ ਸਪੀਕਰ :** ਬੈਠੋ, ਪਲੀਜ਼ ਬੈਠੋ। ਹੁਣ ਸੰਧੂ ਸਾਹਿਬ ਬੋਲਣਗੇ।

(ਇਸ ਸਮੇਂ ਭਾਰਤੀ ਜਨਤਾ ਪਾਰਟੀ ਦੇ ਮੈਂਬਰ, ਸ਼੍ਰੀ ਸੋਮ ਪ੍ਰਕਾਸ਼ ਅਤੇ ਆਮ ਆਦਮੀ ਪਾਰਟੀ ਦੇ ਮੈਂਬਰ, ਸ਼੍ਰੀ ਅਮਨ ਅਰੋੜਾ ਪੁਆਇੰਟ ਆਫ ਆਰਡਰ ਤੇ ਬੋਲਣ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ :** ਸੋਮ ਪ੍ਰਕਾਸ਼ ਜੀ, ਸੰਧੂ ਸਾਹਿਬ ਤੁਹਾਡੇ ਤੋਂ ਪਹਿਲਾਂ ਬੋਲਣ ਲਈ ਖੜ੍ਹੇ ਹਨ। ਅਮਨ ਜੀ, ਤੁਹਾਨੂੰ ਵੀ ਬੋਲਣ ਲਈ ਮੌਕਾ ਮਿਲੇਗਾ।

**ਸ਼੍ਰੀ ਕੰਵਰ ਸੰਧੂ :** ਸਪੀਕਰ ਸਾਹਿਬ, ਜੋ ਆਨਰੇਬਲ ਵਿੱਤ ਮੰਤਰੀ ਜੀ ਨੇ ਪੜ੍ਹ ਕੇ ਸੁਣਾਇਆ ਹੈ, ਉਸ ਵਿੱਚ ਮੈਨੂੰ ਥੋੜ੍ਹੀ ਜਿਹੀ ਅਨਾਮਲੀ ਲੱਗਦੀ ਹੈ। ਜੋ ਅਸੀਂ ਦਰਬਾਰ ਸਾਹਿਬ ਵਾਸਤੇ ਮੰਗ ਰਹੇ ਹਾਂ, ਜੋ ਪ੍ਰਸ਼ਾਦ ਦੀ ਰਸਦ ਹੈ, ਘਿਓ ਜਾਂ ਆਟਾ ਆਦਿ ਜੋ ਵੀ ਰਿਕੁਆਰਮੈਂਟਸ ਹੁੰਦੀਆਂ ਹਨ, ਉਨ੍ਹਾਂ ਵਿੱਚ exemption ਦੀ ਗੱਲ ਪੜ੍ਹ ਕੇ ਸੁਣਾਈ ਹੈ । ਉਨ੍ਹਾਂ ਨੇ ਕਿਸੇ ਮੰਦਰ ਦਾ ਦੱਸਿਆ ਹੈ, ਉਸ ਦਾ ਬਿਲਡਿੰਗ ਮੈਟੀਰੀਅਲ ਹੈ ਪਰ ਇਹ ਯੂਨੀਕ ਕੇਸ ਹੋਵੇਗਾ ਕਿ ਇੰਨੀ ਵੱਡੀ ਤਾਦਾਦ ਵਿੱਚ ਲੰਗਰ ਸਰਵ ਹੁੰਦਾ ਹੈ, ਪ੍ਰਸ਼ਾਦ ਸਰਵ ਹੁੰਦਾ ਹੈ । ਮੈਨੂੰ ਸੁਣਨ ਵਿੱਚ ਸ਼ਾਇਦ ਗਲਤੀ ਲੱਗੀ ਹੋਵੇ, ਬਿਲਡਿੰਗ ਮੈਟੀਰੀਅਲ ਔਰ ਪ੍ਰਸਾਦ ਵੱਖਰੀਆਂ ਵੱਖਰੀਆਂ ਚੀਜ਼ਾਂ ਹਨ । ਆਪਾਂ ਕਾਰ ਸੇਵਾ ਦੀ ਗੱਲ ਨਹੀਂ ਕਰ ਰਹੇ, ਲੰਗਰ ਦੀ ਗੱਲ ਕਰ ਰਹੇ ਹਾਂ ।

**ਵਿੱਤ ਮੰਤਰੀ :** ਸਪੀਕਰ ਸਾਹਿਬ, ਜਿਹੜਾ ਪੰਜਾਬ ਦਾ ਮੁਤਾਲਬਾ ਸੀ, ਉਹ ਲੰਗਰ ਪ੍ਰਤੀ ਸੀ । ਜਿਹੜਾ ਯੂਨੀਅਨ ਫਾਇਨਾਂਸ ਮਨਿਸਟਰ ਨੇ ਉਦਾਹਰਨ ਦਿੱਤੀ, ਇਸ ਦਾ ਮਤਲਬ ਤਾਂ ਇਹ ਹੈ ਕਿ ਜਦੋਂ ਮੰਦਰ, ਮਸਜਿਦ ਜਾਂ ਗੁਰਦੁਆਰੇ ਬਣਨਗੇ ਤਾਂ ਉਹ ਸੀਮਿੰਟ, ਸਟੀਲ ਆਦਿ ਤੇ ਐਗਜ਼ੰਪਸ਼ਨ ਲੈਣਗੇ । ਇਹ ਸਾਡੀ ਮੰਗ ਨਹੀਂ ਸੀ । ਤੁਸੀਂ ਪੜ੍ਹੋ ।

**ਸ਼੍ਰੀ ਕੰਵਰ ਸੰਧੂ :** ਤੁਸੀਂ ਆਬਜੈਕਟ ਕੀਤਾ । ਇਹ ਤਾਂ ਕੰਪੈਰੇਜ਼ਿਨ ਬਣਦਾ ਹੀ ਨਹੀਂ ।

**Mr. Speaker :** Let him complete.

**ਵਿੱਤ ਮੰਤਰੀ :** ਮੈਂ ਤਾਂ ਸਿਰਫ ਇੱਕ ਮੀਟਿੰਗ ਦੇ ਮਿਨਟਸ ਪੇਸ਼ ਕਰ ਰਿਹਾ ਹਾਂ । ਮੈਂ ਅਗਲੀ ਮੀਟਿੰਗ ਦੇ ਮਿਨਟਸ ਵੀ ਪੇਸ਼ ਕਰ ਦੇਵਾਂਗਾ । ਉਨ੍ਹਾਂ ਨੇ ਕਿਹਾ ਕਿ there is no scientific basis ਜਿਸ ਤੇ ਅਸੀਂ ਤੁਹਾਨੂੰ ਐਗਜ਼ੰਪਸ਼ਨ ਦੇ ਦੇਈਏ । They have been consistently rejecting this demand and that is why ਅਸੀਂ ਕੱਲ੍ਹ ਆਪਣਾ ਸਟੇਟ ਸ਼ੇਅਰ ਛੱਡ ਦਿੱਤਾ ਹੈ । ਗੌਰਮਿੰਟ ਆਫ ਇੰਡੀਆ ਨੂੰ ਸ਼ੇਅਰ ਦੇ ਦੇਵਾਂਗੇ ।

**Shri Kanwar Sandhu :** This issue will have to be taken up. This is a unique issue. It has to be taken up in a unique manner. Let him explain it. This is unique. The Langar, the Prasad which is served there, is not what they are talking about. We are not talking about building material exemption. There is a *kar sewa* at huge level.

**Mr. Speaker :** That is what he has said.

**Shri Kanwar Sandhu :** I don't think he put views properly.

**Mr. Speaker :** That is what he has told.

**ਵਿੱਤ ਮੰਤਰੀ :** ਸਪੀਕਰ ਸਾਹਿਬ, ਸੰਧੂ ਸਾਹਿਬ ਇਹ ਕਹਿਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਸ਼ਾਇਦ ਵਕਾਲਤ ਵਿੱਚ ਕੋਈ ਕਮੀ ਰਹਿ ਗਈ ਜਾਂ ਆਪਣਾ ਕੇਸ ਜਾਂ ਪੰਜਾਬ ਦਾ ਜਿਹੜਾ ਇੱਕ ਕਿਸਮ ਦਾ ਮੁਕੱਦਮਾ ਹੈ, ਉਸ ਨੂੰ ਫੋਰਸਫੁੱਲੀ ਪੇਸ਼ ਨਹੀਂ ਕਰ ਸਕੇ । ਇਨ੍ਹਾਂ ਦਾ ਸਿਰਫ ਇੰਨਾ ਹੀ ਮੁੱਦਾ ਹੈ। ਸਪੀਕਰ ਸਾਹਿਬ, ਇਸ ਮੌਕੇ ਤੇ ਮੈਂ ਇਹ ਹੀ ਕਹਾਂਗਾ । ਜਿਹੜੇ ਸਾਡੇ ਪਹਿਲੇ ਲੈਜਿਸਲੇਟਰਸ ਸਨ, ਜਿਨ੍ਹਾਂ ਦੀ ਉਥੇ ਸਰਕਾਰ ਚੱਲ ਰਹੀ ਹੈ ਔਰ ਜਿਨ੍ਹਾਂ ਦੀ ਮੈਜਾਰਿਟੀ ਜੀ.ਐਸ.ਟੀ. ਕੌਂਸਲ ਵਿੱਚ ਹੈ, ਇੱਥੋਂ ਤਾਂ ਮਾਫੀ ਹੋ ਗਈ । ਹੁਣ ਤਾਂ ਇਨ੍ਹਾਂ ਦੇ ਵੱਸ ਹੈ । ਤਿੰਨ ਵਾਰੀ ਜੱਜ ਨੇ ਸਾਡੇ ਖਿਲਾਫ ਫੈਸਲਾ ਕਰ ਦਿੱਤਾ ਹੈ । ਹੁਣ ਤਾਂ ਫਿਰ ਜੱਜ ਕੋਲ ਹੀ ਜਾਣ ਦੀ ਲੋੜ ਪੈਣੀ ਹੈ, ਵਕੀਲ ਨੇ ਤਾਂ ਪੂਰਾ ਜ਼ੋਰ ਲਗਾ ਦਿੱਤਾ ।(ਵਿਘਨ)

**ਮਾਨਯੋਗ ਸਪੀਕਰ :** ਰੰਧਾਵਾ ਜੀ, ਤੁਸੀਂ ਬਾਅਦ ਵਿੱਚ ਬੋਲ ਲੈਣਾ । ਅਮਨ ਜੀ । ਅਮਨ ਜੀ ਤੋਂ ਬਾਅਦ ਵਿੱਚ ਬੋਲ ਲੈਣਾ । (ਵਿਘਨ) ਸੋਮ ਪ੍ਰਕਾਸ਼ ਜੀ, ਅਮਨ ਜੀ ਨੇ ਤੁਹਾਡੇ ਤੋਂ ਪਹਿਲਾਂ ਹੱਥ ਖੜ੍ਹਾ ਕੀਤਾ ਹੈ ।

**ਸ਼੍ਰੀ ਅਮਨ ਅਰੋੜਾ :** ਸਰ, ਇਹ ਉਮਰ ਵਿੱਚ ਮੇਰੇ ਤੋਂ ਵੱਡੇ ਹਨ । ਇਹ ਪਹਿਲਾਂ ਬੋਲ ਲੈਣ।

**ਮਾਨਯੋਗ ਸਪੀਕਰ :** ਨਹੀਂ, ਅਮਨ ਜੀ, ਤੁਸੀਂ ਆਪਣੀ ਗੱਲ ਕਰੋ ।

**Shri Aman Arora :** Sir, Thank you. ਸਰ, ਮੈਂ ਮਾਫੀ ਚਾਹਾਂਗਾ ਕਿ ਮੈਂ ਰੌਲੇ ਰੱਪੇ ਵਿੱਚ ਆਪਣੀ ਟਰਨ ਮਿਸ ਕਰ ਗਿਆ ਜਾਂ ਆਪਣੀ ਗੱਲ ਆਊਟ ਆਫ ਟਰਨ ਰੱਖ ਰਿਹਾ ਹਾਂ । ਪੰਜਾਬ ਦੇ ਫਾਇਨਾਂਸਿਸ ਤੇ ਗੱਲ ਕਰ ਚੱਲ ਰਹੀ ਹੈ । ਸਰ, ਜਿਹੜੀਆਂ ਸਪਲੀਮੈਂਟਰੀ ਡਿਮਾਂਡਸ ਫਾਰ ਗਰਾਂਟਸ ਹਨ .... ।

**ਮਾਨਯੋਗ ਸਪੀਕਰ :** ਨਹੀਂ, ਉਹ ਰੀਓਪਨ ਨਹੀਂ ਹੋ ਸਕਦੀਆਂ । No. No. No. No.

**ਸ਼੍ਰੀ ਅਮਨ ਅਰੋੜਾ :** ਸਰ, ਇੱਕ ਮਿੰਟ ਜੀ ।

**Mr. Speaker :** Not at all.

**ਸ਼੍ਰੀ ਅਮਨ ਅਰੋੜਾ :** ਸਰ, ਸੁਣ ਲਓ ।

**Mr. Speaker :** Not at all.

**ਸ਼੍ਰੀ ਅਮਨ ਅਰੋੜਾ :** ਸਰ, ਸੁਣ ਲਓ । ਰਿਜੈਕਟ ਕਰ ਦੇਣਾ ।

**ਮਾਨਯੋਗ ਸਪੀਕਰ :** ਇਹ ਪਾਸ ਹੋ ਚੁੱਕਿਆ ਹੈ ।

**ਸ਼੍ਰੀ ਅਮਨ ਅਰੋੜਾ :** ਸਰ, ਪਿਛਲੇ ਸਾਲ ਨਾਲੋਂ....

**ਮਾਨਯੋਗ ਸਪੀਕਰ :** ਕੀ ਤੁਸੀਂ ਇਸ ਇਸ਼ੂ ਤੇ ਕੁਝ ਕਹਿਣਾ ਹੈ ?

**ਸ਼੍ਰੀ ਅਮਨ ਅਰੋੜਾ :** ਸਰ, ਇੱਕ ਮਿੰਟ ਜੀ ।

**ਮਾਨਯੋਗ ਸਪੀਕਰ :** ਚਲੋ, ਸੋਮ ਪ੍ਰਕਾਸ਼ ਜੀ । (ਵਿਘਨ) (ਸ਼ੋਰ) ਚਲੋ, ਦੱਸੋ ਜੀ । ਅਮਨ ਜੀ ।

**ਸ਼੍ਰੀ ਅਮਨ ਅਰੋੜਾ :** ਸਰ, ਮੇਰੀ ਬੇਨਤੀ ਹੈ । ਮੈਂ ਸਰਕਾਰ ਅਤੇ ਐਫ.ਐਮ. ਸਾਹਿਬ ਦਾ ਖਾਸ ਤੌਰ ਤੇ ਧੰਨਵਾਦ ਕਰਨਾ ਚਾਹੁੰਦਾ ਹਾਂ । ਪਿਛਲੇ ਸਾਲਾਂ ਦਾ ਜੇ ਕੰਪੈਰੀਜ਼ਨ ਕਰੀਏ ਤਾਂ ਇਹ ਬੜਾ ਹੀ ਰੀਜ਼ਨੇਬਲ ਰਿਹਾ ਹੈ । 1647 ਕਰੋੜ ਦੀਆਂ ਸਪਲੀਮੈਂਟਰੀ ਡਿਮਾਂਡਜ਼ ਹਨ । Sir, Thank you very much . ਤੁਸੀਂ ਬੜੇ ਵਧੀਆ ਫਾਇਨਾਂਸਿਜ਼ ਮੈਨੇਜ ਕੀਤੇ ਹਨ ਪਰ ਸਵਾਲ ਪੈਦਾ ਹੁੰਦਾ ਹੈ, ਜੇ ਪਿਛਲੇ ਸਾਲ ਦੀ ਫਿਗਰ ਤੇ ਜੇ ਨਜ਼ਰ ਮਾਰੀਏ ਤਾਂ 25799 ਕਰੋੜ ਰੁਪਏ ਸਪਲੀਮੈਂਟਰੀ ਡਿਮਾਂਡਜ਼ ਸਨ । ਇਹ ਅਨਾਮਲੀ ਕਿਉਂ ਹੋਈ ਹੈ ? ਜਿੱਥੋਂ ਤੱਕ ਮੈਨੂੰ ਸਮਝ ਆਉਂਦੀ ਹੈ, ਸਰ, 31000 ਕਰੋੜ ਰੁਪਏ ਦਾ ਜਿਹੜਾ ਫੂਡ ਗਰੇਨ ਸਕੈਮ ਹੋਇਆ ਸੀ, ਉਹ 5000 ਕਰੋੜ ਤੋਂ ਐਕਸੈਸ ਹੈ, ਉਹ ਜਮ੍ਹਾ ਹੋ ਗਿਆ । ਸਰ, 26000 ਕਰੋੜ ਰੁਪਏ ਦਾ ਇੱਕ ਘਪਲਾ ਹੈ, ਇੰਨਾ ਵੱਡਾ ਮਾਫੀਆ ਅਤੇ ਇੰਨਾ ਵੱਡਾ ਸਕੈਮ ਹੋਇਆ ਹੈ, ਉਸ ਦਾ ਕਰਜ਼ਾ ਜਿਹੜਾ ਹੈ, ਉਹ ਪੰਜਾਬ ਦੇ ਲੋਕਾਂ ਦੇ ਸਿਰ ਪੈ ਗਿਆ ਹੈ । ਇਨ੍ਹਾਂ ਵੀਹ ਸਾਲਾਂ ਵਿੱਚ 31000 ਕਰੋੜ ਰੁਪਏ ਦਾ ਜਿਹੜਾ ਘਪਲਾ ਹੈ, ਇਸ ਨੂੰ ਲੋਨ ਵਿੱਚ ਕਨਵਰਟ ਕੀਤਾ ਗਿਆ । 20 ਸਾਲਾਂ ਵਿੱਚ ਇਹ 65000 ਕਰੋੜ ਦੇ ਕਰੀਬ ਬਣ ਜਾਵੇਗਾ । ਪੰਜਾਬ ਕਿੱਥੋਂ ਪੇਅ ਕਰੇਗਾ ? ਮੇਰੀ ਸਰਕਾਰ ਨੂੰ ਇੰਨੀ ਬੇਨਤੀ ਹੈ ਕਿ ਇਸ ਵੱਡੇ ਘਪਲੇ ਦੀ ਹਾਊਸ ਦੀ ਇੱਕ ਕਮੇਟੀ ਬਣਨੀ ਚਾਹੀਦੀ ਹੈ । ਅਸੀਂ ਵੀ ਕਹਿੰਦੇ ਰਹੇ ਹਾਂ, ਇਹ ਵੀ ਕਹਿੰਦੇ ਰਹੇ ਹਨ, ਜਾਖੜ ਸਾਹਿਬ ਨੇ ਵੀ ਇਲੈਕਸ਼ਨਾਂ ਤੋਂ ਪਹਿਲਾਂ ਗੱਲ ਕੀਤੀ ਹੈ । ਜ਼ੀਰਾ ਸਾਹਿਬ ਹੋਰਾਂ ਨੇ ਵਿਧਾਨ ਸਭਾ ਦੇ ਬਾਹਰ ਸਕੂਟਰ, ਮੋਟਰ ਸਾਈਕਲ ਲਿਆਂਦੇ ਸਨ ਤੇ ਉਹ ਕਹਿੰਦੇ ਸਨ ਕਿ ਇਹ ਸਾਡੇ ਟਰੱਕ ਹਨ......

**ਮਾਨਯੋਗ ਸਪੀਕਰ :** ਤੁਸੀਂ ਹੁਣ ਬੈਠੋ ।

**ਸ਼੍ਰੀ ਅਮਨ ਅਰੋੜਾ :** ਹਾਊਸ ਦੀ ਕਮੇਟੀ ਬਣਨੀ ਚਾਹੀਦੀ ਹੈ, ਇਸਦੀ ਜਾਂਚ ਹੋਣੀ ਚਾਹੀਦੀ ਹੈ ਕਿ 31000 ਕਰੋੜ ਰੁਪਿਆ ਪਿਛਲੇ ਦਸ ਸਾਲਾਂ ਵਿੱਚ ਕੌਣ ਖਾ ਗਿਆ ਤੇ ਪੰਜਾਬ ਦੇ ਸਿਰ ਤੇ ਕਿਉਂ ਬੋਝ ਪਿਆ ਹੈ । ਬਹੁਤ ਬਹੁਤ ਧੰਨਵਾਦ ।

**ਵਿੱਤ ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਮਾਰਫਤ ਕਾਬਲ-ਏ-ਕਦਰ ਮੈਂਬਰ ਸਾਹਿਬ ਨੂੰ ਇਹ ਦੱਸਣਾ ਚਾਹੁੰਦਾ ਹਾਂ ਅਤੇ ਇਸ ਹਾਊਸ ਨੂੰ ਵੀ ਤੁਹਾਡੇ ਜ਼ਰੀਏ ....

**ਸ਼੍ਰੀ ਸੋਮ ਪ੍ਰਕਾਸ਼** : ਸਪੀਕਰ ਸਾਹਿਬ....

**ਮਾਨਯੋਗ ਸਪੀਕਰ** : ਤੁਸੀਂ ਬੋਲੋਗੇ ਜੀ, ਬੋਲੋਗੇ, ਪਲੀਜ਼।

**ਸ਼੍ਰੀ ਸੋਮ ਪ੍ਰਕਾਸ਼** : ਜਿਹੜੀ ਚੀਜ਼ ਪਾਸ ਹੋ ਗਈ ਹੈ, ਤੁਸੀਂ ਉਸ ਤੇ ਡਿਸਕਸ਼ਨ ਕਰ ਰਹੇ ਹੋ।

**ਮਾਨਯੋਗ ਸਪੀਕਰ** : ਨਹੀਂ, ਨਹੀਂ।

**ਵਿੱਤ ਮੰਤਰੀ** : ਜਵਾਬ ਲੈਣਾ ਤਾਂ ਠੀਕ ਹੈ, ਨਹੀਂ ਲੈਣਾ ਤਾਂ ਮੈਨੂੰ ਤਾਂ ਇੰਨਾ ਕੋਈ ਸ਼ੌਕ ਵੀ ਨਹੀਂ ਹੈ।

(**ਕੁਝ ਆਵਾਜ਼ਾਂ** : ਦਿਓ ਜੀ ਜਵਾਬ ।)

**ਵਿੱਤ ਮੰਤਰੀ** : ਸਪੀਕਰ ਸਾਹਿਬ, ਜੋ ਬਜਟ ਅਨੁਮਾਨ ਹੁੰਦੇ ਹਨ ਜੀ......

**ਮਾਨਯੋਗ ਸਪੀਕਰ** : ਬਰੀਫ ਵਿੱਚ ਕਹਿ ਦਿਓ।

**ਵਿੱਤ ਮੰਤਰੀ** : ਕਹਿ ਨਹੀਂ ਸਕਦਾ ਕਿ ਕਿੰਨੇ ਹੋਣਗੇ। ਪਿਛਲੇ ਸਾਲ ਜਿਹੜੀਆਂ ਸਪਲੀਮੈਂਟਰੀ ਡਿਮਾਂਡਜ਼ ਸੀ, ਉਹ ਤਕਰੀਬਨ 25,000 ਕਰੋੜ ਰੁਪਏ ਦੀਆਂ ਸਨ। ਸਪੀਕਰ ਸਾਹਿਬ, 2012-13 ਵਿੱਚ ਇਨ੍ਹਾਂ ਨੇ 9000 ਕਰੋੜ ਰੁਪਏ ਦੀਆਂ ਸਪਲੀਮੈਂਟਰੀ ਗਰਾਂਟਸ ਲਈਆਂ, ਉਸ ਤੋਂ ਅਗਲੇ ਸਾਲ 5000 ਕਰੋੜ ਰੁਪਏ ਦੀਆਂ, ਫਿਰ 8000 ਕਰੋੜ ਰੁਪਏ ਦੀਆਂ, ਫਿਰ 5000 ਕਰੋੜ ਰੁਪਏ ਦੀਆਂ। ਸਪੀਕਰ ਸਾਹਿਬ, ਪਹਿਲੀ ਮਰਤਬਾ ਹੋਇਆ ਹੈ ਕਿ ਸਿਰਫ 1600 ਕਰੋੜ ਰੁਪਏ ਦੀਆਂ ਇਹ ਸਪਲੀਮੈਂਟਰੀ ਡਿਮਾਂਡਜ਼ ਹਨ। ਜੋ ਅਨੁਮਾਨ ਕੀਤਾ ਸੀ, ਉਨਾ ਹੀ ਆ ਗਿਆ। (ਥੰਪਿੰਗ) ਜਿਥੋਂ ਤੱਕ ਇਨ੍ਹਾਂ ਦਾ ਸਵਾਲ ਹੈ, 25000 ਕਰੋੜ ਵਿੱਚ ਇਨ੍ਹਾਂ ਨੂੰ ਖਦਸ਼ਾ ਹੈ ਕਿ ਇਸ ਵਿੱਚ ਜਿਹੜੀ 31000 ਕਰੋੜ ਰੁਪਏ ਦੀ ਸੀ.ਸੀ.ਐਲ. ਲਿਮਿਟ ਨੂੰ ਟਰਮ ਲੋਨ ਵਿੱਚ ਕਨਵਰਟ ਕੀਤਾ ਗਿਆ ਹੈ। ਮੈਂ ਮੈਂਬਰ ਸਾਹਿਬ ਨੂੰ ਇਸ ਗੱਲ ਦਾ ਵਿਸ੍ਵਾਸ ਦਿਵਾਉਣਾ ਚਾਹੁੰਦਾ ਹਾਂ ਔਰ ਮੈਂ ਬੜੀ ਜ਼ਿੰਮੇਵਾਰੀ ਨਾਲ ਇਹ ਵਿਸ਼ਵਾਸ ਦਿਵਾਉਂਦਾ ਹਾਂ ਕਿ ਉਹ 31000 ਕਰੋੜ ਰੁਪਏ ਦਾ ਜਿਹੜਾ ਕੇਸ ਹੈ, ਅਸੀਂ ਗੌਰਮਿੰਟ ਆਫ ਇੰਡੀਆ ਕੋਲ ਜਾ ਕੇ ਉਹ ਕੇਸ ਵਾਪਸ ਖੁਲਵਾ ਲਿਆ ਹੈ। ਉਸ ਤੇ ਗੌਰਮਿੰਟ ਆਫ ਇੰਡੀਆ ਨੇ ਕੋਈ ਫੈਸਲਾ ਲੈਣਾ ਹੈ ਔਰ ਅਗਲੇ 30-40 ਦਿਨਾਂ ਦੇ ਵਿੱਚ, ਸਪੀਕਰ ਸਾਹਿਬ, ਇਸ ਦਾ ਕੋਈ ਨਾ ਕੋਈ ਹਤਮੀ ਫੈਸਲਾ ਹੋ ਜਾਵੇਗਾ।

**ਮਾਨਯੋਗ ਸਪੀਕਰ** : ਧੰਨਵਾਦ ਜੀ, ਸੋਮ ਪ੍ਰਕਾਸ਼ ਜੀ।

**ਵਿੱਤ ਮੰਤਰੀ** : ਜਿਨ੍ਹਾਂ ਨੇ ਪੰਜਾਬ ਨੂੰ, ਇਸ ਗਰੀਬ ਮੁਲਕ ਨੂੰ ਲੁੱਟਿਆ ਹੈ, ਵੱਡੇ ਹਨ, ਛੋਟੇ ਹਨ, ਅਮੀਰ ਹਨ, ਗਰੀਬ ਹਨ, ਉਨ੍ਹਾਂ ਨੂੰ ਕਾਨੂੰਨ ਦੇ ਸ਼ਿਕੰਜੇ ਵਿੱਚ ਲਵਾਂਗੇ। (ਥੰਪਿੰਗ)

**ਸ਼੍ਰੀ ਸੋਮ ਪ੍ਰਕਾਸ਼** : ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਗੈਰ-ਸਰਕਾਰੀ ਮਤਾ ਪੇਸ਼ ਹੋ ਗਿਆ। ਆਪਾਂ ਡਿਸਕਸ਼ਨ ਸ਼ੁਰੂ ਕਰ ਦਿੱਤੀ। ਫਿਰ ਵਿੱਚ ਇੰਨਾ ਕੀ ਜ਼ਰੂਰੀ ਹੈ ਕਿ ਜਿਹੜੀਆਂ ਗੱਲਾਂ ਆਪਾਂ ਕੀਤੀਆਂ ਹਨ। ਇੱਕ ਪ੍ਰੋਸੀਜਰ ਹੈ, ਸਰ। ...(ਵਿਘਨ) ... ਇੱਕ ਮਿੰਟ ਸੁਣ ਲਵੋ ਮੇਰੀ ਗੱਲ। ਮੇਰੀ ਬੇਨਤੀ ਸੁਣੋ ....(ਸਰਦਾਰ ਕੁਲਜੀਤ ਸਿੰਘ ਨਾਗਰਾ ਵੱਲੋਂ ਵਿਘਨ) ... ਉਹ ਯਾਰ ਸੁਣ ਤਾਂ ਲਵੋ। ਸਰ, ਇਨ੍ਹਾਂ ਨੂੰ ਬਿਠਾਓ ਪਹਿਲਾਂ ...(ਵਿਘਨ)...

**ਮਾਨਯੋਗ ਸਪੀਕਰ** : ਬੈਠੋ ਬੈਠੋ।

**ਸ਼੍ਰੀ ਸੋਮ ਪ੍ਰਕਾਸ਼** : ਇੱਕ ਮਿੰਟ ਬੈਠ ਜਾਓ।

**ਮਾਨਯੋਗ ਸਪੀਕਰ** : ਸੋਮ ਪ੍ਰਕਾਸ਼ ਜੀ, ਸੋਮ ਪ੍ਰਕਾਸ਼ ਜੀ। ਜੋ ਕੁਝ ਤੁਸੀਂ ਕਹਿ ਰਹੇ ਹੋ, ਬਿਲਕੁੱਲ ਠੀਕ ਕਹਿ ਰਹੇ ਹੋ।

**ਸ਼੍ਰੀ ਸੋਮ ਪ੍ਰਕਾਸ਼** : ਇਨ੍ਹਾਂ ਨੂੰ ਸਮਝਾਓ ਜੀ।

**ਮਾਨਯੋਗ ਸਪੀਕਰ** : ਪਹਿਲਾਂ ਇੱਕ ਮਿੰਟ ਬੈਠੋ ਜੀ। ਤੁਸੀਂ ਬਿਲਕੁੱਲ ਠੀਕ ਕਿਹਾ ਲੇਕਿਨ ਇਹ ਹਾਊਸ ਦਾ ਕਨਸੈਂਸਿਸ ਸੀ, ਇਸ ਕਰਕੇ ਜੀ.ਐਸ.ਟੀ. ਵਾਲੀ ਗੱਲ ਚਲੀ ਸੀ ...(ਵਿਘਨ)....

**ਸ਼੍ਰੀ ਸੋਮ ਪ੍ਰਕਾਸ਼** : ਸਰ, ਇੱਕ ਗੱਲ ਮੈਂ ਕਰਨੀ ਹੈ।

**ਮਾਨਯੋਗ ਸਪੀਕਰ** : ਅਦਰਵਾਈਜ਼ ਜਿਹੜੀ ਗੱਲ ਤੁਸੀਂ ਕਹੀ ਹੈ, ਉਹ ਠੀਕ ਹੈ।

**ਸ਼੍ਰੀ ਸੋਮ ਪ੍ਰਕਾਸ਼** : ਜਿਹੜੀ ਚੀਜ਼ ਪਾਸ ਹੋ ਗਈ, ਉਸ ਤੇ ਆਪਾਂ ਡਿਸਕਸ਼ਨ ਕਰਨ ਲੱਗ ਗਏ। ਦੂਜੀ ਗੱਲ ...(ਵਿਘਨ)... ਸੁਣ ਤਾਂ ਲਵੋ, ਸੁਣ ਤਾਂ ਲਵੋ ਯਾਰ। ਜਿਹੜੀ ਗੱਲ ਇਨ੍ਹਾਂ ਨੇ ਪ੍ਰੋਸੀਡਿੰਗਜ਼ ਦੀ ਕੀਤੀ ...(ਵਿਘਨ)....

**ਸਥਾਨਕ ਸਰਕਾਰ ਮੰਤਰੀ** : ਸ੍ਰੀ ਹਰਿਮੰਦਰ ਸਾਹਿਬ, ਦੁਰਗਿਆਨਾ ਮੰਦਰ ....(ਵਿਘਨ).....

**ਮਾਨਯੋਗ ਸਪੀਕਰ** : ਇੱਕ ਮਿੰਟ, ਸਾਰੇ ਹੀ ਸੁਣ ਲਵੋ ....(ਵਿਘਨ)... ਸਿੱਧੂ ਸਾਹਿਬ ਬੈਠੋ। ਇੱਕ ਮਿੰਟ ਸੋਮ ਪ੍ਰਕਾਸ਼ ਜੀ ...(ਵਿਘਨ)... ਇੱਕ ਮਿੰਟ ਸੁਣ ਲਵੋ ਜੀ। ਤੁਸੀਂ ਪੁਆਇੰਟ ਵੀ ਸੁਣ ਲਵੋ ਜ਼ਰਾ ..

**ਸ਼੍ਰੀ ਸੋਮ ਪ੍ਰਕਾਸ਼** : ਦੁਰਗਿਆਨਾ ਮੰਦਰ .....

**ਮਾਨਯੋਗ ਸਪੀਕਰ** : ਇੱਕ ਮਿੰਟ, ਇੱਕ ਮਿੰਟ। ਰੂਲ 57 –

> A Statement may be made by a Minister on a matter of public importance, with the permission of the Speaker, but no question shall be asked nor discussion take place thereon at the time the statement is made.

**ਸਰਦਾਰ ਸੁਖਜਿੰਦਰ ਸਿੰਘ ਰੰਧਾਵਾ** : ਸਪੀਕਰ ਸਾਹਿਬ ....

**ਮਾਨਯੋਗ ਸਪੀਕਰ** : ਪਹਿਲਾਂ ਉਨ੍ਹਾਂ ਦੀ ਗੱਲ ਪੂਰੀ ਹੋ ਲੈਣ ਦਿਓ।

**ਸ਼੍ਰੀ ਸੋਮ ਪ੍ਰਕਾਸ਼** : ਸਪੀਕਰ ਸਾਹਿਬ, ਲੰਗਰ ਦੇ ਮਾਮਲੇ ਵਿੱਚ ਜਿਹੜੀਆਂ ਮਾਨਯੋਗ ਫਾਈਨਾਂਸ ਮਨਿਸਟਰ ਸਾਹਿਬ ਨੇ ਆਪਣੀਆਂ ਪ੍ਰੋਸੀਡਿੰਗਜ਼ ਰੱਖੀਆਂ ਹਨ, ਬਹੁਤ ਅੱਛੀ ਗੱਲ ਹੈ ਕਿ ਦੁਰਗਿਆਨਾ ਮੰਦਰ ਦਾ ਵੀ ਤੁਸੀਂ ਐਗਜ਼ੰਪਟ ਕੀਤਾ ਹੈ, ਸ੍ਰੀ ਹਰਿਮੰਦਰ ਸਾਹਿਬ ਦਾ ਵੀ ਐਗਜ਼ੰਪਟ ਕੀਤਾ ਹੈ। ਅੱਛਾ ਹੁੰਦਾ, ਜਦੋਂ ਤੁਸੀਂ ਪਹਿਲਾਂ ਉਥੇ ਕਿਹਾ ਸੀ, ਰੇਜ਼ ਕੀਤਾ ਸੀ, ਉਦੋਂ ਐਗਜ਼ੰਪਟ ਕਰ ਦਿੰਦੇ। ਮੇਰੀ ਬੇਨਤੀ ਸੁਣ ਲਵੋ, within 24 ਆਵਰਜ਼, ਜਿਹੜੇ ਸੈਂਟਰ ਵਿੱਚ ਵਜ਼ੀਰ ਨੂੰ ਮਿਲੇ, ਉਨ੍ਹਾਂ ਨੇ ਕਿਹਾ ਸੀ ਕਿ ਅਲਾਓ ਕਰਾਂਗੇ। ਉਹ ਰਿਐਕਸ਼ਨ ਉਦੋਂ ਵੀ ਸੈਂਟਰ ਗੌਰਮਿੰਟ ਦਾ ਇਸ ਤਰ੍ਹਾਂ ਆ ਜਾਣਾ ਸੀ। ਅਸੀਂ ਇੱਕ ਸਾਲ ਪਿਛੜ ਕੇ ਕੰਮ ਕਰ ਰਹੇ ਹਾਂ। ਥੈਂਕ ਯੂ ਜੀ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਹਰਮਿੰਦਰ ਸਿੰਘ ਗਿੱਲ ਅਤੇ ਵਿਰੋਧੀ ਧਿਰ ਦੇ ਨੇਤਾ, ਸਰਦਾਰ ਸੁਖਪਾਲ ਸਿੰਘ ਖਹਿਰਾ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ ।)

**ਮਾਨਯੋਗ ਸਪੀਕਰ** : ਸਰਦਾਰ ਹਰਮਿੰਦਰ ਸਿੰਘ ਗਿੱਲ। ਖਹਿਰਾ ਸਾਹਿਬ, ਸਰਦਾਰ ਹਰਮਿੰਦਰ ਸਿੰਘ ਗਿੱਲ ਖੜ੍ਹੇ ਹਨ ...(ਵਿਘਨ)... ਸਰਦਾਰ ਹਰਮਿੰਦਰ ਸਿੰਘ ਗਿੱਲ ਬਹੁਤ ਦੇਰ ਦੇ ਖੜ੍ਹੇ ਹਨ।

**ਸਰਦਾਰ ਹਰਮਿੰਦਰ ਸਿੰਘ ਗਿੱਲ** : ਸਰ, ਮੇਰੀ ਬੇਨਤੀ ਹੈ। ਥੈਂਕ ਯੂ, ਸਰ ....(ਵਿਘਨ)... ਮੇਰੀ, ਸਰ, ਇੱਕ ਬੇਨਤੀ ਹੈ ....(ਵਿਘਨ)... ਸਰ, ਸਰ, ਇੱਕ ਮਿੰਟ ...(ਵਿਘਨ)....

**ਮਾਨਯੋਗ ਸਪੀਕਰ** : ਗਿੱਲ ਸਾਹਿਬ, ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ Minister can make a statement but there cannot be any discussion. ਪਰ ਕਿਉਂਕਿ ਇਸ਼ੂ ਸੰਜੀਦਾ ਹੈ, ਇਸ ਕਰਕੇ ਤੁਸੀਂ ਆਪਣੀ ਗੱਲ ਕਰ ਲਵੋ, ਪਰ ਲੰਬੀ ਗੱਲ ਨਾ ਕਰੋ।

**ਸਰਦਾਰ ਹਰਮਿੰਦਰ ਸਿੰਘ ਗਿੱਲ** : ਸਰ, ਮੈਂ ਇੱਕ ਸੈਕਿੰਡ ਲੈਣਾ ਹੈ। ਪੰਜਾਬ ਵਿੱਚ 29,919 ਕਰੋੜ ਰੁਪਏ ਦਾ ਫੂਡ ਸਕੈਮ ਹੋਇਆ। 11 ਤਰੀਕ ਨੂੰ ਵੋਟਾਂ ਦੀ ਗਿਣਤੀ ਹੋਣੀ ਸੀ, 10 ਤਰੀਕ ਨੂੰ ਉਸ ਨੂੰ ਲੋਨ ਵਿੱਚ ਕਨਵਰਟ ਕਰ ਦਿੱਤਾ। ਸਰ, ਮੇਰੀ ਬੇਨਤੀ ਹੈ ਕਿ ਸਾਲ ਦੀ 3240 ਕਰੋੜ ਰੁਪਏ ਦੀ ਕਿਸ਼ਤ ਪੰਜਾਬ ਨੇ ਦੇਣੀ ਹੈ ਅਤੇ 20 ਸਾਲਾਂ ਦੇ ਵਿੱਚ 64,500 ਕਰੋੜ ਰੁਪਿਆ ਅਸੀਂ ਵਾਪਸ ਕਰਨਾ ਹੈ। ਦੱਸੋ ਚੋਰ ਚੋਰੀ ਕਰਕੇ ਚਲਾ ਗਿਆ, ਸਾਰੇ ਪਿੰਡ ਨੂੰ ਜੁਰਮਾਨਾ ਕਿਸ ਗੱਲ ਦਾ ਹੈ ਜੀ। ਮੈਂ ਕਹਿਣਾ ਚਾਹੁੰਦਾ ਹਾਂ ਕਿ ਚੋਰ ਨੂੰ ਫੜ੍ਹਨ ਵਾਸਤੇ ਕੋਈ ਕਾਰਵਾਈ ਕਰੀਏ, ਕੋਈ ਵਿਜੀਲੈਂਸ ਇਨਕੁਆਰੀ, ਆਪਣੇ ਹਾਊਸ ਦੀ ਕੋਈ ਕਮੇਟੀ ਬਣਾਉ, ਘੱਟੋ-ਘੱਟ ਇਨਕੁਆਰੀ ਤਾਂ ਹੋਵੇ ਜਿਸ ਨੇ ਚੋਰੀ ਕੀਤੀ ਹੈ।

**ਮਾਨਯੋਗ ਸਪੀਕਰ:** ਚਲੋ, ਨਾਭਾ ਜੀ, ਨਾਭਾ ਜੀ। ਰੰਧਾਵਾ ਜੀ, ਤੁਸੀਂ ਕੁਝ ਕਹਿਣਾ ਹੈ?

**ਸਰਦਾਰ ਸੁਖਜਿੰਦਰ ਸਿੰਘ ਰੰਧਾਵਾ:** ਸਪੀਕਰ ਸਾਹਿਬ, ...

**ਮਾਨਯੋਗ ਸਪੀਕਰ:** ਖਹਿਰਾ ਸਾਹਿਬ ਖੜ੍ਹੇ ਹੋਏ ਹਨ। ਇੱਕ ਮਿੰਟ ਤੁਸੀਂ ਬੈਠੋ।

**ਸਰਦਾਰ ਸੁਖਜਿੰਦਰ ਸਿੰਘ ਰੰਧਾਵਾ:** ਖਹਿਰਾ ਸਾਹਿਬ, ਬੈਠ ਵੀ ਜਾਇਆ ਕਰੋ। ਹੁਣ ਨਾ ਕਰੋ।(ਹਾਸਾ)

**ਸਰਦਾਰ ਸੁਖਪਾਲ ਸਿੰਘ ਖਹਿਰਾ :** ਤੁਹਾਡੇ ਹੱਕ ਦੀ ਗੱਲ ਹੀ ਹੈ। ਸਪੀਕਰ ਸਾਹਿਬ, ਮੈਂ ਵਿੱਤ ਮੰਤਰੀ ਸਾਹਿਬ ਤੋਂ ਇੱਕ ਕਲੈਰੀਫਿਕੇਸ਼ਨ ਲੈਣੀ ਚਾਹੁੰਦਾ ਹਾਂ, ਉਹ ਮੇਰਾ ਖਿਆਲ ਹੈ ਕਿ ਰਹਿ ਗਈ ਹੈ। ਕੱਲ੍ਹ ਮਤੇ ਵਿੱਚ ਜਾਂ ਛੋਟ ਵਿੱਚ ਇਹ ਫੈਸਲਾ ਹੋਇਆ ਸੀ ਕਿ ਸ਼੍ਰੀ ਦਰਬਾਰ ਸਾਹਿਬ, ਸ਼੍ਰੀ ਦੁਰਗਿਆਨਾ ਮੰਦਿਰ, ਰਾਮ ਤੀਰਥ, ਮਲੇਰਕੋਟਲਾ ਅਤੇ ਇੱਕ ਇਸਾਈ ਮੱਤ ਦਾ ਅਸਥਾਨ ਜਿਥੇ ਸਿੰਬੋਲਿਕ ਤੌਰ ਤੇ ਜੀ.ਐਸ.ਟੀ.ਮਾਫ ਕੀਤੀ ਗਈ ਸੀ please clarify this.

**ਵਿੱਤ ਮੰਤਰੀ :** ਸਪੀਕਰ ਸਾਹਿਬ, ਕੱਲ੍ਹ ਸੀ.ਐਮ. ਸਾਹਿਬ ਨੇ ਕਿਹਾ ਸੀ ਕਿ ਸਟੇਟ ਦੀ ਕੰਸੈਂਸਿਜ਼ ਬਣੇਗੀ and he will respect every religion and every denomination . So, as and when somebody approaches the Government ਇਹ ਮਲੇਰਕੋਟਲੇ ਕਿਹੜੀ ਸੰਸਥਾ ਹੈ, ਕਿਹੜੀ ਤਨਜੀਮ ਔਰ ਕ੍ਰਿਸਚੀਅਨ ਭਾਈਚਾਰੇ ਦੀ ਕਿਹੜੀ ਤਨਜੀਮ ਹੈ। ਸੋ, ਸੀ.ਐਮ.ਸਾਹਿਬ ਨੇ ਹਾਊਸ ਵਿੱਚ ਇਹ ਕਲੈਰੀਫਿਕੇਸ਼ਨ ਦਿੱਤੀ ਸੀ ਕਿ as and when these proposals come to us, we will consider them.

**ਸਰਦਾਰ ਸੁਖਪਾਲ ਸਿੰਘ ਖਹਿਰਾ :** ਬਾਕੀ ਰਾਮ ਤੀਰਥ ਦਾ ਇਸ ਵਿੱਚ ਮੈਨਸ਼ਨਡ ਹੈ।

**ਸਥਾਨਕ ਸਰਕਾਰ ਮੰਤਰੀ :** ਸਪੀਕਰ ਸਾਹਿਬ, ਖਹਿਰਾ ਸਾਹਿਬ ਨੂੰ ਕੱਲ੍ਹ ਚੀਫ ਮਨਿਸਟਰ ਸਾਹਿਬ ਨੇ ਇਹ ਐਸੋਰੈਂਸ਼ ਦਿੱਤੀ ਸੀ ਕਿ ਤੁਸੀਂ ਪਰਪੋਜ਼ਲ ਭੇਜੋ ਔਰ ਸੀ.ਐਮ.ਸਾਹਿਬ ਨੇ ਇਹ ਕਿਹਾ ਸੀ ਕਿ ਪੰਜਾਬੀਅਤ ਯੂਨੀਵਰਸਰਲ ਬ੍ਰਦਰਹੁੱਡ ਉਤੇ ਖੜ੍ਹੀ ਹੈ, ਸਰਬੱਤ ਦੇ ਭਲੇ ਉਤੇ ਖੜ੍ਹੀ ਹੈ। ਇਹ ਰੌਲਾ ਪਾਉਂਦੇ ਰਹੇ ਲੇਕਿਨ ਸਾਡੇ ਐਫ.ਐਮ.ਸਾਹਿਬ ਔਰ ਸੀ.ਐਮ.ਸਾਹਿਬ ਨੇ ਜੀ.ਐਸ.ਟੀ. ਮਾਫ ਕੀਤਾ। ਅਸੀਂ ਸਰਬੱਤ ਦੇ ਭਲੇ ਨੂੰ ਮੱਦੇਨਜ਼ਰ ਰੱਖਦੇ ਹੋਏ ਦੁਰਗਿਆਨਾ ਮੰਦਰ ਔਰ ਬਾਕੀ ਵੀ ਸਾਰੇ ਧਰਮਾਂ ਨੂੰ ਨਾਲ ਲਿਆ ਹੈ । ਇਹੀ ਅਵਾਜ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਉਥੇ ਗੂੰਜਦੀ ਹੈ ਅੱਜ ਸਦਨ ਵਿੱਚ ਵੀ ਉਹੀ ਸਪਿਰਿਟ ਗੂੰਜੀ ਹੈ : ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥ (ਵਿਘਨ)

**ਸਰਦਾਰ ਸੁਖਪਾਲ ਸਿੰਘ ਖਹਿਰਾ :** ਮਨਿਸਟਰ ਸਾਹਿਬ, ਐਫ.ਐਮ.ਸਾਹਿਬ ਨੇ ਕੁਝ ਹੋਰ ਕਿਹਾ ਹੈ, ਤੁਸੀਂ ਕੁਝ ਹੋਰ ਕਿਹਾ ਹੈ, ਤੁਸੀਂ ਕਿਹਾ ਹੈ ਕਿ ਸਾਰੇ ਆ ਗਏ।

**ਸਥਾਨਕ ਸਰਕਾਰ ਮੰਤਰੀ :** ਮੈਂ ਕਹਿੰਦਾ ਹਾਂ ਕਿ ਜੋ ਐਫ.ਐਮ.ਸਾਹਿਬ ਨੇ ਕਿਹਾ, ਚੀਫ ਮਨਿਸਟਰ ਸਾਹਿਬ ਨੇ ਉਸ ਦਾ ਇਸਤਕਬਾਲ ਕੀਤਾ ਔਰ ਤੁਹਾਨੂੰ ਕਿਹਾ ਕਿ ਪਰਪੋਜ਼ਲ ਦਿਉ..

**ਸਰਦਾਰ ਸੁਖਪਾਲ ਸਿੰਘ ਖਹਿਰਾ:** ਕੀ ਪਰਪੋਜ਼ਲ ਮੈਂ ਦੇਵਾਂ?

**ਸਥਾਨਕ ਸਰਕਾਰ ਮੰਤਰੀ :** ਨਹੀਂ। ਜਦੋਂ ਪਰਪੋਜ਼ਲ ਆਵੇਗੀ, ਸਾਡੇ ਵਲੋਂ ਹੀ ਜਾਵੇਗੀ । ਕੈਬਨਿਟ, ਇਕੱਲੇ ਤਾਂ ਨਹੀਂ ਕਰਨਗੇ...

**ਸਰਦਾਰ ਸੁਖਪਾਲ ਸਿੰਘ ਖਹਿਰਾ:** ਨਹੀਂ, ਫਿਰ ਮੈਂ ਪਰਪੋਜ਼ਲ ਦੇਵਾਂ? ਉਹੀ ਪੁੱਛ ਰਿਹਾ ਹਾਂ।

**ਸਥਾਨਕ ਸਰਕਾਰ ਮੰਤਰੀ :** ਪਰਪੋਜ਼ਲ ਅਸੀਂ ਦੇ ਚੁੱਕੇ ਹਾਂ । ਪਰਪੋਜ਼ਲ ਅਸੀਂ ਦੇ ਚੁੱਕੇ ਹਾਂ ਕਿ ਅਸੀਂ ਸਾਰੇ ਧਰਮਾਂ ਦਾ ਖਿਆਲ ਰੱਖਾਂਗੇ...

**Sardar Sukhpal Singh Khaira :** Does that includes Ram Tirath?

**ਸਥਾਨਕ ਸਰਕਾਰ ਮੰਤਰੀ :** ਮੇਰੀ ਗੱਲ ਸੁਣੋ। ਮੈਂ ਕਿਹਾ it will include everybody.

**ਸਰਦਾਰ ਸੁਖਪਾਲ ਸਿੰਘ ਖਹਿਰਾ :** ਅਸੀਂ ਰੌਲਾ ਨਹੀਂ ਪਾਉਂਦੇ। ਉਨ੍ਹਾਂ ਨੇ ਇਸ ਦੀ ਕਲੈਰਿਟੀ ਨਹੀਂ ਦਿੱਤੀ। ਉਹ ਕਹਿੰਦੇ ਨਹੀਂ ਹਾਲੇ। ਉਨ੍ਹਾਂ ਨੂੰ ਹੁਣ ਚੰਗੀ ਤਰ੍ਹਾਂ ਪੁੱਛ ਲਵੋ, ਉਨ੍ਹਾਂ ਨੇ ਦੋਹਾਂ ਦੀ ਹੀ ਗੱਲ ਕੀਤੀ ਹੈ। ਮੈਨੂੰ ਤਾਂ ਕੋਈ ਇਤਰਾਜ਼ ਨਹੀਂ ਹੈ, ਮੈਂ ਤਾਂ ਆਪਣੀ ਗੱਲ ਕਹਿ ਦਿੱਤੀ ਹੈ।

**ਮਾਨਯੋਗ ਸਪੀਕਰ:** ਖਹਿਰਾ ਸਾਹਿਬ, ਤੁਸੀਂ ਬੈਠੋ। ਖਹਿਰਾ ਸਾਹਿਬ, ਹੁਣ ਬੈਠੋ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਹੁਣ ਭਾਵੇਂ ਕਰੈਡਿਟ ਜਿਹੜਾ ਮਰਜ਼ੀ ਲਈ ਜਾਵੇ। ਮਾਫ ਕਰਨਾ, ਸਾਲ ਤੁਸੀਂ ਵੀ ਨਹੀਂ ਕੀਤਾ। ਇਹ ਗੱਲ ਕੱਲ੍ਹ ਮੈਂ ਉਠਾਈ ਤਾਂ ਹੋਇਆ ਹੈ। (ਵਿਘਨ)

**ਮਾਨਯੋਗ ਸਪੀਕਰ:** ਰੰਧਾਵਾ ਜੀ ਨੂੰ ਬੋਲਣ ਦਿਉ। ਸਿੱਧੂ ਸਾਹਿਬ, ਤੁਹਾਡੇ ਪਿੱਛੇ ਰੰਧਾਵਾ ਜੀ ਖੜ੍ਹੇ ਹਨ, ਉਨ੍ਹਾਂ ਨੂੰ ਬੋਲਣ ਦਿਉ।

**ਸਥਾਨਕ ਸਰਕਾਰ ਮੰਤਰੀ :** ਸਪੀਕਰ ਸਾਹਿਬ, ਜੇ ਕੋਈ ਬੰਦਾ ਪਾਜ਼ੇਟਿਵ ਗੱਲ ਕਰੇ ਤਾਂ........... ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਤੁਸੀਂ ਪਹਿਲਾਂ ਕਰ ਦਿੰਦੇ । ਇਹ ਤਾਂ ਕੱਲ੍ਹ ਦੀ ਗੱਲ ਸਵੀਕਾਰ ਕਰਨ ਨੂੰ ਤਿਆਰ ਨਹੀਂ । (ਵਿਘਨ)

**ਸਥਾਨਕ ਸਰਕਾਰ ਮੰਤਰੀ :** ਖਹਿਰਾ ਸਾਹਿਬ, ਤੁਹਾਨੂੰ ਇੰਨਾ ਟਾਈਮ ਮਿਲ ਗਿਆ ਜਿੰਨਾ ਸਾਰਿਆਂ ਨੂੰ ਨਹੀਂ ਮਿਲਿਆ। (ਵਿਘਨ)

**ਮਾਨਯੋਗ ਸਪੀਕਰ :** ਸੁਖਜਿੰਦਰ ਰੰਧਾਵਾ, ਸੁਖਜਿੰਦਰ ਸਿੰਘ ਰੰਧਾਵਾ ਜੀ। ਸਿੱਧੂ ਸਾਹਿਬ, ਤੁਸੀਂ ਹੁਣ ਬੈਠੋ। ਸੁਖਜਿੰਦਰ ਸਿੰਘ ਰੰਧਾਵਾ ਜੀ ਖੜ੍ਹੇ ਹਨ ਉਨ੍ਹਾਂ ਨੂੰ ਬੋਲ ਲੈਣ ਦਿਉ।

**ਸਰਦਾਰ ਸੁਖਜਿੰਦਰ ਸਿੰਘ ਰੰਧਾਵਾ :** ਸਪੀਕਰ ਸਾਹਿਬ, ਜਿਹੜਾ ਐਫ.ਐਮ.ਸਾਹਿਬ ਨੇ ਅੱਜ ਇਹ ਕਿਹਾ ਹੈ, ਪੜ੍ਹ ਕੇ ਸੁਣਾਇਆ ਹੈ । ਇਸ ਤੋਂ ਇੱਕ ਗੱਲ ਜਿਹੜੀ ਹੈ ਉਹ ਬਿਲਕੁਲ ਸਪੱਸ਼ਟ ਹੋ ਗਈ ਹੈ ਕਿ ਉਥੇ ਜਿਹੜੀਆਂ ਚੀਜ਼ਾਂ ਦਾ ਇਨ੍ਹਾਂ ਕਿਹਾ ਹੈ ਕਿ ਇਹ ਚੀਜ਼ਾਂ ਪ੍ਰਸ਼ਾਦ ਲਈ ਜਾਂ ਲੰਗਰ ਲਈ ਐਗਜੰਪਟ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਪਰ ਕੇਂਦਰ ਸਰਕਾਰ ਦੇ ਚੇਅਰਪਰਸਨ, ਜਿਹੜੇ ਫਾਈਨਾਂਸ ਮਨਿਸਟਰ ਹਨ, ਉਨ੍ਹਾਂ ਨੇ ਕਿਹਾ ਹੈ ਕਿ ਕੱਲ੍ਹ ਨੂੰ ਕੋਈ ਬਿਲਡਿੰਗ ਮੈਟੀਰੀਅਲ ਲਈ ਆ ਜਾਵੇਗਾ ਤਾਂ ਕੀ ਅਸੀਂ ਉਸ ਦਾ ਵੀ ਜੀ.ਐਸ.ਟੀ. ਮਾਫ ਕਰਾਂਗੇ। ਇਹ ਬੜੀ ਨਿੰਦਣਯੋਗ ਗੱਲ ਹੈ, ਮਜ਼ਾਕ ਉਡਾਇਆ ਗਿਆ ਹੈ । ਇਹ ਗੁਰੂ ਕੇ ਲੰਗਰ ਦਾ ਮਜ਼ਾਕ ਉਡਾਇਆ ਗਿਆ ਹੈ, ਉਨ੍ਹਾਂ ਨੇ ਕਿਹਾ ਕਿ ਕੀ ਅਸੀਂ ਇੱਟਾਂ ਪੱਥਰ ਤੇ ਵੀ ਜੀ.ਐਸ.ਟੀ. ਖਤਮ ਕਰਾਂਗੇ? ਇਸ ਦੀ ਸਾਨੂੰ ਕੰਡੈਮਨੇਸ਼ਨ ਕਰਨੀ ਚਾਹੀਦੀ ਹੈ। ਦੂਸਰੀ ਚੀਜ਼, ਕੱਲ੍ਹ ਮੈਂ ਜਿਸ ਵੇਲੇ ਬੋਲ ਰਿਹਾ ਸੀ । ਮੈਂ ਜੀ.ਐਸ.ਟੀ. ਤੇ ਬੋਲਿਆ ਕਿ ਉਸ ਵੇਲੇ ਦੇ ਪ੍ਰਧਾਨ ਨੇ ਜਦੋਂ ਆਪਣਾ ਕਿਹਾ ਕਿ ਅਸੀਂ ਮੰਗ ਕਰਦੇ ਹਾਂ ਤੇ ਅਸੀਂ ਕੇਂਦਰ ਸਰਕਾਰ ਨੂੰ ਕੰਡੈਮ ਕਰਦੇ ਹਾਂ ਕਿ ਉਨ੍ਹਾਂ ਨੇ ਜੀ.ਐਸ.ਟੀ. ਸ਼੍ਰੀ ਹਰਿਮੰਦਰ ਸਾਹਿਬ ਤੇ ਲਗਾਈ ਹੈ, ਉਸ ਨੂੰ ਮਾਫ ਕੀਤਾ ਜਾਵੇ। ਉਸ ਤੋਂ ਬਾਅਦ ਸਾਰੇ ਉਠੇ, ਉਨ੍ਹਾਂ ਨੇ ਕਿਹਾ ਕਿ ਜੀ.ਐਸ.ਟੀ. ਦਾ ਪੰਜਾਬ ਸਰਕਾਰ ਆਪਣਾ ਹਿੱਸਾ ਬੰਦ ਕਰੇ । ਮੈਂ ਇਹ ਇਸ ਸਦਨ ਵਿੱਚ, ਸਾਡੇ ਮਾਨਯੋਗ ਪਾਰਲੀਮੈਂਟਰੀ ਅਫੇਅਰਜ਼ ਮਨਿਸਟਰ ਸਾਹਿਬ ਬੈਠੇ ਹਨ, ਮੈਂ ਤੁਹਾਡੇ ਰਾਹੀਂ ਉਨ੍ਹਾਂ ਨੂੰ ਇੱਕ ਅਪੀਲ ਕਰਨੀ ਚਾਹੁੰਦਾ ਹਾਂ ।

## MOTION OF THANKS TO THE CHIEF MINISTER AND GOVT. FOR WAIVING OFF GST ON EDIBLE ITEMS USED IN LANGAR SERVED IN SRI HARMANDIR SAHIB & DURGIANA MANDIR

**ਸਰਦਾਰ ਸੁਖਜਿੰਦਰ ਸਿੰਘ ਰੰਧਾਵਾ :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

> "ਕਿ ਇਹ ਸਦਨ ਮਾਨਯੋਗ ਮੁੱਖ ਮੰਤਰੀ ਜੀ ਅਤੇ ਸਰਕਾਰ ਦਾ ਸ੍ਰੀ ਹਰਿਮੰਦਰ ਸਾਹਿਬ ਅਤੇ ਦੁਰਗਿਆਨਾ ਮੰਦਰ ਵਿੱਚ ਲੰਗਰ ਦੀ ਰਸਦ ਤੇ ਜੀ.ਐਸ.ਟੀ. ਮਾਫ ਕਰਨ ਦਾ ਧੰਨਵਾਦ ਕਰਦਾ ਹੈ।"

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

> "ਕਿ ਇਹ ਸਦਨ ਮਾਨਯੋਗ ਮੁੱਖ ਮੰਤਰੀ ਜੀ ਅਤੇ ਸਰਕਾਰ ਦਾ ਸ੍ਰੀ ਹਰਿਮੰਦਰ ਸਾਹਿਬ ਅਤੇ ਦੁਰਗਿਆਨਾ ਮੰਦਰ ਵਿੱਚ ਲੰਗਰ ਦੀ ਰਸਦ ਤੇ ਜੀ.ਐਸ.ਟੀ. ਮਾਫ ਕਰਨ ਦਾ ਧੰਨਵਾਦ ਕਰਦਾ ਹੈ।"

ਬਹਿਸ, ਜੇਕਰ ਕੋਈ ਹੋਵੇ ।

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

> "ਕਿ ਇਹ ਸਦਨ ਮਾਨਯੋਗ ਮੁੱਖ ਮੰਤਰੀ ਜੀ ਅਤੇ ਸਰਕਾਰ ਦਾ ਸ੍ਰੀ ਹਰਿਮੰਦਰ ਸਾਹਿਬ ਅਤੇ ਦੁਰਗਿਆਨਾ ਮੰਦਰ ਵਿੱਚ ਲੰਗਰ ਦੀ ਰਸਦ ਤੇ ਜੀ.ਐਸ.ਟੀ. ਮਾਫ ਕਰਨ ਦਾ ਧੰਨਵਾਦ ਕਰਦਾ ਹੈ।"

**ਮਾਨਯੋਗ ਸਪੀਕਰ** : ਨਾਭਾ ਜੀ, ਤੁਸੀਂ ਬੋਲੋ। (ਵਿਘਨ...) ਹੁਣ ਨਾਭਾ ਜੀ ਨੂੰ ਬੋਲਣ ਦਿਓ ਅਤੇ ਇਨਟ੍ਰਪਟ ਨਾ ਕਰੋ। ਨਾਭਾ ਜੀ, ਤੁਸੀਂ ਬੋਲੋ।

**ਸਰਦਾਰ ਬਲਵਿੰਦਰ ਸਿੰਘ ਬੈਂਸ** : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

**ਮਾਨਯੋਗ ਸਪੀਕਰ :** ਨਾਭਾ ਜੀ ਨੂੰ ਬੋਲ ਲੈਣ ਦਿਓ।(ਵਿਘਨ, ਸ਼ੋਰ)

**ਸੰਸਦੀ ਮਾਮਲੇ ਮੰਤਰੀ** : ਸਪੀਕਰ ਸਾਹਿਬ, ਜਿਹੜਾ ਰੰਧਾਵਾ ਜੀ ਨੇ ਮਤਾ ਲਿਆਂਦਾ ਹੈ, ਪਹਿਲਾਂ ਉਸ ਤੇ ਫੈਸਲਾ ਕਰ ਦਿਓ।

**ਮਾਨਯੋਗ ਸਪੀਕਰ** : ਜਿਹੜਾ ਮਤਾ ਰੰਧਾਵਾ ਜੀ ਨੇ ਮੂਵ ਕੀਤਾ ਹੈ, ਬ੍ਰਹਮ ਮਹਿੰਦਰਾ ਜੀ ਦਾ ਕਹਿਣਾ ਹੈ ਕਿ ਇਸ ਨੂੰ ਪਾਸ ਕੀਤਾ ਜਾਵੇ। ਜੇਕਰ ਸਦਨ ਸਹਿਮਤ ਹੈ ਤਾਂ ਇਸ ਨੂੰ ਪਾਸ ਸਮਝਿਆ ਜਾਵੇ।

(ਅਵਾਜ਼ਾਂ : ਹਾਂ ਜੀ, ਹਾਂ ਜੀ।)

*ਪ੍ਰਸਤਾਵ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ** : ਨਾਭਾ ਜੀ, ਹੁਣ ਆਪਣੀ ਗੱਲ ਸ਼ੁਰੂ ਕਰੋ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਮੇਰੀ ਰਿਕੁਐਸਟ ਹੈ ਕਿ ਸਦਨ ਵਿੱਚ ਸਾਰੇ ਮੀਡੀਆ ਦੇ ਸਾਹਮਣੇ, ਸਾਰੀ ਅਫਸਰ ਗੈਲਰੀ ਅਤੇ ਸਾਰੇ ਮੈਂਬਰਾਂ ਦੇ ਸਾਹਮਣੇ ਗੱਲ ਹੋਈ ਹੈ, ਉਸ ਤੋਂ ਵੀ ਮੁਨਕਰ ਹੋਈ ਜਾਂਦੇ ਹਾਂ। You bring on record. ਅਸੀਂ ਮਤੇ ਦੀ ਸਪੋਰਟ ਕਰਾਂਗੇ but bring on record ਕਿ ਆਮ ਆਦਮੀ ਪਾਰਟੀ ਨੇ ਇਸ ਇਸ਼ੂ ਨੂੰ ਉਠਾ ਕੇ....(ਵਿਘਨ, ਸ਼ੋਰ) ਸਪੀਕਰ ਸਾਹਿਬ, it is a matter of record, ਤੁਸੀਂ ਭਾਵੇਂ ਪ੍ਰੋਸੀਡਿੰਗ ਕਢਵਾ ਲਓ।(ਵਿਘਨ, ਸ਼ੋਰ)

**ਮਾਨਯੋਗ ਸਪੀਕਰ** : ਨਾਭਾ ਜੀ ਨੂੰ ਬੋਲ ਲੈਣ ਦਿਓ।(ਵਿਘਨ, ਸ਼ੋਰ) ਨਾਭਾ ਜੀ ਨੂੰ ਬੋਲ ਲੈਣ ਦਿਓ, ਇਵੇਂ ਨਾ ਕਰੋ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ ਸਰਦਾਰ ਸੁਖਪਾਲ ਸਿੰਘ ਖਹਿਰਾ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕੁਝ ਮੈਂਬਰ ਅਤੇ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਮੰਤਰੀ ਸਰਦਾਰ ਚਰਨਜੀਤ ਸਿੰਘ ਚੰਨੀ ਬਿਨਾਂ ਇਜਾਜ਼ਤ ਆਪਸ ਵਿੱਚ ਉੱਚੀ ਉੱਚੀ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ ।)

**ਮਾਨਯੋਗ ਸਪੀਕਰ** : ਜੋ ਵੀ ਚੇਅਰ ਦੀ ਇਜਾਜ਼ਤ ਤੋਂ ਬਿਨਾਂ ਕਿਹਾ ਜਾ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ।(ਵਿਘਨ, ਸ਼ੋਰ) ਨਾਭਾ ਜੀ, ਤੁਸੀਂ ਬੋਲੋਗੇ ਤਾਂ ਹੀ ਗੱਲ ਨਿਬੜੇਗੀ।

**ਸਰਦਾਰ ਰਣਦੀਪ ਸਿੰਘ** : ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਸ਼ੁਕਰੀਆ।(ਵਿਘਨ, ਸ਼ੋਰ)

**ਮਾਨਯੋਗ ਸਪੀਕਰ** : ਚੰਨੀ ਜੀ, ਤੁਸੀਂ ਬੈਠ ਜਾਓ।

---

## RESOLUTION REG. PROVISION OF STANDARD AND CHEAPER HEALTH SERVICES AND MEDICINES TO THE PEOPLE OF THE STATE (*Resumption*)

**ਸਰਦਾਰ ਰਣਦੀਪ ਸਿੰਘ** : ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਮੈਂ ਅੱਜ ਜੋ ਹਾਲਾਤ ਦੇਖ ਰਿਹਾ ਸੀ, ਮੈਂ ਇਸ ਮਤੇ ਦੇ ਸਬੰਧ ਵਿੱਚ ਬੇਨਤੀ ਨਹੀਂ ਕਰ ਰਿਹਾ, ਤੁਹਾਨੂੰ ਬੇਨਤੀ ਕਰ ਰਿਹਾ ਹਾਂ। ਜਿਹੜੇ ਸ਼ਬਦ ਇਸ ਸਦਨ ਵਿੱਚ ਆਏ ਅਤੇ ਟਰੇਜ਼ਰੀ ਜਾਂ ਆਪੋਜ਼ੀਸ਼ਨ ਪਾਰਟੀ ਵਲੋਂ ਵਰਤੇ ਗਏ ਹਨ, ਸਾਰੇ ਪੰਜਾਬ ਦੇ ਲੋਕਾਂ ਦੀ ਆਸ ਸਾਡੇ ਚੁਣੇ ਹੋਏ ਨੁਮਾਇੰਦਿਆਂ ਪ੍ਰਤੀ ਹੈ। ਹਰ ਨੁਮਾਇੰਦੇ ਦੀ ਜ਼ਿੰਮੇਵਾਰੀ ਉਸ ਦੇ ਹਲਕੇ ਦੇ ਮੁਤੱਲਕ ਹੁੰਦੀ ਹੈ ਅਤੇ ਮਨਿਸਟਰ ਸਾਹਿਬਾਨ ਦੀ ਪੰਜਾਬ ਸੂਬੇ ਪ੍ਰਤੀ ਹੈ। ਮੈਂ ਕਈ ਵਾਰ ਮਹਿਸੂਸ ਕਰਦਾ ਹਾਂ ਕਿ ਪ੍ਰੈਸ ਦੇ ਸਾਥੀ ਇੱਥੇ ਬੈਠੇ ਹਨ, ਕੋਈ ਅਜਿਹੇ ਅਲਫਾਜ਼ ਜਾਂ ਲਫਜ਼ ਕਹੇ ਜਾਣ ਜਿਸ ਨਾਲ ਲੋਕਾਂ ਦੇ ਮਨਾਂ ਨੂੰ ਠੇਸ ਪਹੁੰਚੇ, ਇਸ ਵਿਚੋਂ ਸਾਡਾ ਅਕਸ ਦਿਖਦਾ ਹੈ। ਅੱਜ ਸਾਰਾ ਦੇਸ਼ ਸਾਡੀ ਪੁਲੀਟੀਕਲ ਕਲਾਸ ਦਾ ਮਜ਼ਾਕ ਬਣਾ ਰਿਹਾ ਹੈ ਅਤੇ ਜੋ ਹਾਲਾਤ ਅਸੀਂ ਬਣਾ ਰਹੇ ਹਾਂ, ਉਸ ਦੇ ਗੁਨਾਹਗਾਰ ਅਤੇ ਜ਼ਿੰਮੇਵਾਰ ਅਸੀਂ ਆਪ ਹਾਂ। ਮੈਂ ਤੁਹਾਨੂੰ ਬੇਨਤੀ

ਕਰਾਂਗਾ ਕਿ ਪਹਿਲਾਂ ਤਾਂ ਉਹ ਜਿਹੜੇ ਅਲਫਾਜ਼ ਜਾਂ ਲਫਜ਼ ਵਰਤੇ ਗਏ ਸਨ, ਉਨ੍ਹਾਂ ਨੂੰ ਜ਼ਰੂਰ ਐਕਸਪੰਜ ਕੀਤਾ ਜਾਵੇ ਅਤੇ ਜਿਹੜੇ ਮੈਂਬਰ ਸਾਹਿਬਾਨ ਇਸ ਸਦਨ ਦੇ ਮੈਂਬਰ ਨਹੀਂ ਹਨ, ਉਨ੍ਹਾਂ ਦਾ ਨਾਂ ਵੀ ਕੱਟਿਆ ਜਾਵੇ।

**ਮਾਨਯੋਗ ਸਪੀਕਰ** : ਸਾਰਾ ਕੁਝ ਕੀਤਾ ਗਿਆ ਹੈ ਜੀ।

**ਸਰਦਾਰ ਰਣਦੀਪ ਸਿੰਘ** : ਧੰਨਵਾਦ ਜੀ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਸੁਖਪਾਲ ਸਿੰਘ ਖਹਿਰਾ ਆਪਣੀ ਸੀਟ ਤੇ ਬੈਠੇ ਕੁਝ ਸ਼ਬਦ ਐਕਸਪੰਜ ਕਰਨ ਸਬੰਧੀ ਬੋਲ ਰਹੇ ਸਨ।)

**ਮਾਨਯੋਗ ਸਪੀਕਰ** : ਕੀਤਾ ਗਿਆ ਹੈ ਜੀ।

**ਸਰਦਾਰ ਰਣਦੀਪ ਸਿੰਘ** : ਖਹਿਰਾ ਜੀ, ਆਪਾਂ ਅਖਬਾਰ ਦੀਆਂ ਸੁਰਖੀਆਂ ਤੱਕ ਹੀ ਸੀਮਤ ਨਾ ਰਹੀਏ, ਆਪਣੀਆਂ ਜ਼ਿੰਮੇਵਾਰੀਆਂ ਵਧਣਗੀਆਂ। ਸਪੀਕਰ ਸਾਹਿਬ, ਤੁਸੀਂ ਮੈਨੂੰ ਹੈਲਥ ਸਰਵਿਸਿਜ਼ ਵਾਸਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਇਹ ਮਹਿਸੂਸ ਕਰਦਾ ਹਾਂ ਕਿ ਸਰਕਾਰ ਬੜਾ ਉਪਰਾਲਾ ਕਰ ਰਹੀ ਹੈ, ਮੁੱਖ ਮੰਤਰੀ ਸਾਹਿਬ ਦੀ ਅਗਵਾਈ ਹੇਠ ਮਾਨਯੋਗ ਵਜ਼ੀਰ ਸਾਹਿਬ ਇੱਥੇ ਬੈਠੇ ਹਨ। ਮੁੱਖ ਮੰਤਰੀ ਸਾਹਿਬ ਅਤੇ ਫਾਈਨਾਂਸ ਮਨਿਸਟਰ ਸਾਹਿਬ ਨੇ ਚੋਣ ਮੈਨੀਫੈਸਟੋ ਬਣਾਇਆ ਸੀ। ਉਸ ਵਿੱਚ ਬਕਾਇਦਾ ਦੋ ਚੀਜ਼ਾਂ ਨੂੰ ਅਹਿਮੀਅਤ/ਤਵੱਜੋ ਦਿੱਤੀ ਗਈ ਸੀ – ਐਜੂਕੇਸ਼ਨ ਅਤੇ ਹੈਲਥ ਨੂੰ। ਐਜੂਕੇਸ਼ਨ ਇਸ ਲਈ ਕਿਉਂਕਿ ਇਨਸਾਨ ਦੀ ਜ਼ਿੰਦਗੀ ਐਜੂਕੇਸ਼ਨ ਅਧੀਨ ਬਣਦੀ ਹੈ, ਉਸ ਦਾ ਭਵਿੱਖ ਉਸ ਨਾਲ ਬਣਦਾ ਹੈ। ਜਿਥੋਂ ਤੱਕ ਹੈਲਥ ਦਾ ਸਵਾਲ ਹੈ, ਰੋਜ਼ ਸਾਡੇ ਵਿਚੋਂ ਕਿਸੇ ਨਾ ਕਿਸੇ ਨਾਲ ਕੋਈ ਚੀਜ਼ ਵਾਪਰਦੀ ਹੈ । ਪ੍ਰਮਾਤਮਾ ਹੀ ਜਾਣਦਾ ਹੈ, ਕਦੋਂ ਕਿਸੇ ਨੂੰ ਸੰਕਟ ਆਉਣਾ ਹੈ ਅਤੇ ਹਸਪਤਾਲ ਵਿੱਚ ਜਾਣਾ ਪੈਂਦਾ ਹੈ। ਸਰਕਾਰ ਇਸ ਵਾਸਤੇ ਬਕਾਇਦਾ ਕੁਮਿਟਿਡ ਹੈ ਕਿ ਅਸੀਂ ਵਧੀਆ ਤੋਂ ਵਧੀਆ ਹੈਲਥ ਫੈਸਿਲਟੀਜ਼ ਗਰੀਬ ਲੋਕਾਂ ਨੂੰ, ਪੰਜਾਬ ਦੇ ਬਾਸ਼ਿੰਦਿਆਂ ਨੂੰ ਦੇ ਸਕੀਏ।

ਸਪੀਕਰ ਸਾਹਿਬ, ਜਿਥੋਂ ਤੱਕ ਡਰੱਗਜ਼ ਦਾ ਸਵਾਲ ਹੈ, ਮੈਂ ਕਈ ਵਾਰ ਮਹਿਸੂਸ ਕਰਦਾ ਹਾਂ ਕਿ ਅਨਪ੍ਰੈਸਕ੍ਰਾਈਬਡ ਡਰੱਗਜ਼ ਵੀ ਦਿੱਤੀਆਂ ਜਾਂਦੀਆਂ ਹਨ। ਇਸ ਵਾਸਤੇ ਸਰਕਾਰ ਬਕਾਇਦਾ ਉਪਰਾਲਾ ਕਰ ਰਹੀ ਹੈ ਕਿ ਜਿਹੜੇ ਅਨਪ੍ਰੈਸਕ੍ਰਾਈਬਡ ਡਰੱਗਜ਼ ਹਨ, ਇਨ੍ਹਾਂ ਤੇ ਨੱਥ ਪਾਈ ਜਾਵੇ। ਜੋ ਵੀ ਸਰਕਾਰ ਅੱਜ ਕਰ ਰਹੀ ਹੈ, ਪਹਿਲਾਂ ਮੈਂ ਉਸ ਬਾਰੇ ਜ਼ਿਕਰ ਕਰਨਾ ਚਾਹਾਂਗਾ ਜਿਹੜਾ ਸਾਡੀਆਂ ਰੋਜ਼ ਦੀਆਂ ਜ਼ਿੰਦਗੀਆਂ ਨਾਲ ਸੰਬੰਧਿਤ ਹੈ, ਮੁਤੱਲਕ ਹੈ, ਉਸ ਬਾਰੇ ਗਵਰਨਰ ਦੇ ਭਾਸ਼ਣ ਵਿੱਚ ਪੰਨਾ ਨੰ: 13 ਤੇ 37 ਨੰਬਰ ਪੁਆਇੰਟ ਤੇ ਬਕਾਇਦਾ ਲਿਖਿਆ ਗਿਆ ਹੈ। ਨੈਸ਼ਨਲ ਅਰਬਨ ਮਿਸ਼ਨ ਅਧੀਨ ਪੰਜਾਬ ਦੇ ਤਕਰੀਬਨ 40 ਸ਼ਹਿਰਾਂ ਵਿੱਚ ਜਿਨ੍ਹਾਂ ਦੀ ਅਬਾਦੀ 50,000 ਤੋਂ ਵੱਧ ਹੈ, ਉਨ੍ਹਾਂ ਲਈ ਇਹ ਲਗਭਗ 93 ਪ੍ਰਾਇਮਰੀ ਹੈਲਥ ਸੈਂਟਰ ਸਰਕਾਰ ਬਣਾਉਣ ਜਾ ਰਹੀ ਹੈ । ਇਹ ਅੱਛਾ ਉਪਰਾਲਾ ਹੈ ਅਤੇ ਇਸ ਵਾਸਤੇ ਮਾਨਯੋਗ ਮੁੱਖ ਮੰਤਰੀ ਸਾਹਿਬ ਅਤੇ ਸਿਹਤ ਮੰਤਰੀ ਸ਼੍ਰੀ ਬ੍ਰਹਮ ਮਹਿੰਦਰਾ ਜੀ ਦੀ ਸ਼ਲਾਘਾ ਕਰਨੀ ਚਾਹੀਦੀ ਹੈ। ਉਸ ਵਿੱਚ ਇਹ ਵੀ ਜ਼ਿਕਰ ਕੀਤਾ ਗਿਆ ਹੈ ਕਿ ਅਸੀਂ ਲਗਭਗ 3,000 ਸਬਸਿਡਰੀ ਹੈਲਥ ਸੈਂਟਰ ਖੋਲ੍ਹਣ ਜਾ ਰਹੇ ਹਾਂ, ਟਰਾਂਸਫਾਰਮ ਕਰਨ ਜਾ ਰਹੇ ਹਾਂ । ਇਨ੍ਹਾਂ ਵਿੱਚ ਹੈਲਥ ਅਤੇ ਵੈਲਨੈੱਸ ਕਲੀਨਿਕ ਬਣਾਏ ਜਾ ਰਹੇ ਹਨ, ਇਹ ਚੰਗੀ ਗੱਲ ਹੈ। ਇਸ ਵਿਚ ਬਕਾਇਦਾ ਇਹ ਵੀ ਜ਼ਿਕਰ ਕੀਤਾ ਹੈ ਕਿ ....

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਜਿੰਦਰ ਸਿੰਘ ਰੰਧਾਵਾ ਆਪਣੀ ਸੀਟ ਤੇ ਬੈਠੇ-ਬੈਠੇ ਬਿਨਾਂ ਇਜਾਜ਼ਤ ਕੁਝ ਬੋਲ ਰਹੇ ਸਨ।)

**ਸਰਦਾਰ ਰਣਦੀਪ ਸਿੰਘ** : ਸੁੱਖੀ ਜੀ, ਬੋਲਣ ਦਿਉ। ਤੁਹਾਨੂੰ ਰੋਕਿਆ ਨਹੀਂ, ਹੁਣ ਸਾਨੂੰ ਅਰਾਮ ਨਾਲ ਗੱਲ ਕਰ ਲੈਣ ਦਿਉ। ਪੰਜਾਬ ਵਿੱਚ ਸਭ ਤੋਂ ਵੱਡੀ ਬਿਮਾਰੀ ਹਾਈਪਰਟੈਨਸ਼ਨ ਜ਼ਿਆਦਾ ਤੌਰ ਤੇ ਹੈ । ਅਨੀਮੀਆ, ਹਾਈਪਰਟੈਨਸ਼ਨ, ਡਾਇਬਟੀਜ ਅਤੇ ਕੈਂਸਰ ਦੀਆਂ ਬਿਮਾਰੀਆਂ ਸਭ ਤੋਂ ਵੱਧ ਖਤਰਨਾਕ ਹਨ। ਸਪੀਕਰ ਸਾਹਿਬ, ਇਤਫਾਕ ਦੀ ਗੱਲ ਹੈ, ਮੈਂ ਕਈ ਵਾਰ ਮਹਿਸੂਸ ਕਰਦਾ ਹਾਂ ਕਿ ਅਸੀਂ ਪੁਲੀਟੀਕਲ ਕਲਾਸ ਤੋਂ ਬਿਲੌਂਗ ਕਰਦੇ ਹੋਣ ਕਰਕੇ ਕਈ ਵਾਰ ਡਰਦੇ ਮਾਰੇ ਬੋਲਦੇ ਨਹੀਂ ਕਿਉਂਕਿ ਕਿਸਾਨਾਂ ਤੋਂ ਵੀ ਅਸੀਂ ਵੋਟਾਂ ਲੈਣੀਆਂ ਹੁੰਦੀਆਂ ਹਨ ਲੇਕਿਨ ਅਸੀਂ ਗਰੀਨ ਰੈਵੋਲਿਊਸ਼ਨ ਦੀ ਸ਼ਲਾਘਾ ਕਰਦੇ ਹਾਂ ਔਰ ਉਸ ਨੇ ਪੰਜਾਬ ਨੂੰ ਤਬਦੀਲ ਵੀ ਕੀਤਾ ਹੈ। ਹਿੰਦੁਸਤਾਨ ਭਾਵ ਪੂਰੇ ਦੇਸ਼ ਦੇ ਮੁਕਾਬਲੇ ਸਾਡੇ ਪੰਜਾਬ ਕੋਲ ਜ਼ਮੀਨ ਦੀ ਤਾਦਾਦ 2% ਹੈ ਲੇਕਿਨ 70% ਅੰਨ ਅਸੀਂ ਦੇਸ਼ ਦੇ ਨੈਸ਼ਨਲ ਫੂਡ ਗਰੇਨਜ਼ ਪੂਲ ਨੂੰ ਦਿੰਦੇ ਰਹੇ ਹਾਂ। ਸਭ ਤੋਂ ਵੱਧ ਦੇਸ਼ ਦੇ ਅੰਨ ਭੰਡਾਰ ਵਿੱਚ ਜੇ ਕਿਸੇ ਸੂਬੇ ਦਾ ਯੋਗਦਾਨ ਰਿਹਾ ਹੈ ਤਾਂ ਉਹ ਪੰਜਾਬ ਦਾ ਹੀ ਰਿਹਾ ਹੈ। ਕਿਉਂਕਿ ਜੇਕਰ ਆਰਥਿਕ ਤੌਰ ਤੇ ਮਜ਼ਬੂਤੀ ਦਿੱਤੀ ਹੈ, ਜਾਂ ਗਰੀਬਾਂ ਨੂੰ ਸਹਾਇਤਾ ਦਿੱਤੀ ਹੈ ਤਾਂ ਉਸ ਵਿੱਚ ਪੰਜਾਬ ਸੂਬੇ ਦਾ ਸਭ ਤੋਂ ਵੱਧ ਯੋਗਦਾਨ ਰਿਹਾ ਹੈ ਪ੍ਰੰਤੂ ਅੱਜ ਉਸ ਦਾ ਨਤੀਜਾ ਇਹ ਨਿਕਲਿਆ ਹੈ ਕਿ ਸਾਡਾ ਪਾਣੀ ਬਹੁਤ ਘੱਟ ਗਿਆ ਹੈ । ਕਿਤੇ ਨਾ ਕਿਤੇ ਸਰਕਾਰ ਦੀਆਂ ਨੀਤੀਆਂ ਵਿੱਚ ਘਾਟ ਰਹੀ ਹੈ ਜਿਸ ਕਾਰਨ ਸਾਡੇ ਕਿਸਾਨਾਂ ਦੀਆਂ ਵੀ ਮਜਬੂਰੀਆਂ ਇਹ ਰਹੀਆਂ ਹਨ ਕਿ ਉਹ ਖੇਤਾਂ ਵਿੱਚ ਪੈਸਟੀਸਾਈਡਜ਼ ਸਪਰੇਆਂ ਕਰਦੇ ਰਹੇ । ਸਾਡੇ ਪਾਣੀ ਦਾ ਲੈਵਲ ਹਰ ਸਾਲ ਤਕਰੀਬਨ ਦੋ ਫੁੱਟ ਨੀਚੇ ਜਾਂਦਾ ਰਿਹਾ। ਲੇਕਿਨ ਹੈਰਾਨਗੀ ਦੀ ਗੱਲ ਹੈ ਕਿ ਆਰਸੈਨਿਕ ਕੰਟੈਂਟ ਜਿਸ ਨੂੰ ਆਇਰਨ ਕੰਟੈਂਟ ਵੀ ਕਿਹਾ ਜਾਂਦਾ ਹੈ, ਉਹ ਕੰਟੈਟ ਸਾਡੇ ਪਾਣੀ ਵਿੱਚ ਇਸ ਕਾਰਨ ਆਉਣ ਲੱਗ ਪਿਆ ਕਿਉਂਕਿ ਅਸੀਂ ਇੰਨੇ ਪੈਸਟੀਸਾਈਡਜ਼ ਸਪਰੇਅ ਕਰਨ ਲੱਗ ਪਏ। ਅੱਜ ਸਭ ਤੋਂ ਵੱਧ ਕੈਂਸਰ ਦੀ ਬਿਮਾਰੀ ਮਾਲਵੇ ਬੈਲਟ ਵਿੱਚ ਹੈ, ਮਾਲਵੇ ਨਾਲ ਸੰਬੰਧਿਤ ਕਾਫ਼ੀ ਮੈਂਬਰ ਸਾਹਿਬਾਨ ਵੀ ਇੱਥੇ ਬੈਠੇ ਹਨ। ਇਸ ਦੇ ਅਧੀਨ ਸਭ ਤੋਂ ਵੱਧ ਨੁਕਸਾਨ ਸਾਡੇ ਸੂਬੇ ਦਾ ਹੋ ਰਿਹਾ ਹੈ, ਜਿਸ ਕਾਰਨ ਸਾਡੇ ਪੰਜਾਬ ਦੀ ਪਛਾਣ ਹੋਈ ਸੀ, ਅੱਜ ਸਾਨੂੰ ਹੈਲਥ ਪ੍ਰਾਬਲਮ ਦੇ ਤੌਰ ਤੇ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੈਂ ਸਮਝਦਾ ਹਾਂ ਕਿ ਸਾਡੀ ਸਰਕਾਰ ਬਕਾਇਦਾ ਹਰ ਤਰ੍ਹਾਂ ਨਾਲ ਵਚਨਬੱਧ ਖੜ੍ਹੀ ਹੈ ਕਿ ਜਿਹੜੀਆਂ ਬਿਮਾਰੀਆਂ ਹਨ, ਇਨ੍ਹਾਂ ਦੇ ਹੱਲ ਕੀਤੇ ਜਾਣਗੇ। ਸਪੀਕਰ ਸਾਹਿਬ, ਦੂਜੀ ਗੱਲ ਜਾਣ ਕੇ ਤੁਹਾਨੂੰ ਹੈਰਾਨੀ ਹੋਵੇਗੀ ਕਿ ਪਿਛਲੇ ਸਮੇਂ ਦੌਰਾਨ ਸਾਲ 2005 ਤੋਂ ਜੋ ਰੇਟ ਪਰ ਥਾਊਜ਼ੈਂਡ ਡੈੱਥ ਰੇਟ 44 ਸੀ, ਅੱਜ ਸਾਲ 2016 ਵਿੱਚ ਮੋਰਟੈਲਿਟੀ ਰੇਟ 21 ਰਹਿ ਗਿਆ ਹੈ। ਮੈਂ ਇਸ ਸਰਕਾਰ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੀ ਦੀ ਸ਼ਲਾਘਾ ਕਰਦਾ ਹਾਂ ਔਰ ਬਕਾਇਦਾ ਸ਼੍ਰੀ ਬ੍ਰਹਮ ਮਹਿੰਦਰਾ ਜੀ ਦੀ ਸ਼ਲਾਘਾ ਕਰਦਾ ਹਾਂ ਜਿਨ੍ਹਾਂ ਦੀਆਂ ਕੋਸ਼ਿਸ਼ਾਂ ਅਧੀਨ ਸਾਡਾ ਮੋਰਟੈਲਿਟੀ ਰੇਟ ਵੀ ਹੁਣ ਘਟਣ ਲੱਗ ਪਿਆ ਹੈ।

ਦੂਜੀ ਗੱਲ, ਮੈਂ ਆਪਣਾ ਇਕ ਸੁਝਾਅ ਤੁਹਾਨੂੰ ਜ਼ਰੂਰ ਦੇਣਾ ਚਾਹਾਂਗਾ ਕਿਉਂਕਿ ਹਾਲੇ ਵੀ ਕਾਫ਼ੀ ਕੁਝ ਕੀਤਾ ਜਾ ਸਕਦਾ ਹੈ। ਆਪਾਂ ਨੇ ਅੱਜ ਤੱਕ ਇਹ ਅੰਡਰਸਟੈਂਡ ਨਹੀਂ ਕੀਤਾ, ਇਹ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ । ਤਾਮਿਲਨਾਡੂ ਅਤੇ ਕਰਨਾਟਕਾ ਸਟੇਟਾਂ ਨੇ ਦੋ ਮਾਡਲ ਅਡਾਪਟ ਕੀਤੇ ਹਨ। ਅਸੀਂ ਬਕਾਇਦਾ ਸਾਰੇ ਜਾਣਦੇ ਹਾਂ ਕਿ ਜਿਹੜੇ ਗੌਰਮਿੰਟ ਹਸਪਤਾਲ ਹਨ, ਉਨ੍ਹਾਂ ਦੀ ਹਾਲਤ ਖਸਤਾ ਹੈ। ਇਹ ਹਾਲਤ ਨਿੰਦਣਯੋਗ ਹੈ। ਡਾਕਟਰ ਉਥੇ ਨਹੀਂ ਹਨ, ਉਸ ਦੇ ਵੀ ਕੁਝ ਕਾਰਨ ਹਨ ਜੋ ਮੈਂ ਦੱਸਣੇ ਚਾਹੁੰਦਾ ਹਾਂ। ਸਪੀਕਰ ਸਾਹਿਬ, ਮੈਨੂੰ ਤੁਹਾਡੇ ਮਾਧਿਅਮ ਜ਼ਰੀਏ ਬੋਲਣ ਦਾ ਮੌਕਾ ਮਿਲਿਆ ਹੈ। ਅਸੀਂ ਸਾਰੇ ਮੈਂਬਰ ਸਾਹਿਬਾਨ ਨੇ ਰਲ ਕੇ ਸਮਝਣ ਦੀ ਕੋਸ਼ਿਸ਼ ਕੀਤੀ ਕਿ ਇਸ ਦਾ ਹੱਲ ਕੀ ਹੋ ਸਕਦਾ ਹੈ ਅਤੇ ਕਿਵੇਂ ਕੀਤਾ ਜਾ ਸਕਦਾ ਹੈ। ਇਸ ਦਾ ਅਹਿਸਾਸ ਹੋਇਆ, ਕਿਉਂਕਿ ਜਿੰਨੀ ਕੁ ਮੇਰੀ ਆਪਣੀ ਅੰਡਰਸਟੈਂਡਿੰਗ ਤੇ ਸਮਝ ਹੈ, ਜਦੋਂ ਡਾਕਟਰ ਭਰਤੀ ਕੀਤਾ ਜਾਂਦਾ ਹੈ, ਤਾਂ ਉਸ ਦੇ ਨਾਲ 15 ਸਾਲਾਂ ਲਈ ਕੁਮਿਟਮੈਂਟ ਕੀਤੀ ਜਾਂਦੀ ਹੈ ਲੇਕਿਨ ਸਾਡੀ ਬਦਨਸੀਬੀ ਅਜਿਹੀ ਹੈ ਕਿ ਅਸੀਂ ਉਸ ਡਾਕਟਰ ਤੋਂ ਆਊਟਪੁੱਟ ਇਸ ਕਾਰਨ ਨਹੀਂ ਲੈ ਸਕਦੇ ਕਿ ਉਸ ਦੀ ਤਨਖਾਹ ਅਤੇ ਪ੍ਰਾਈਵੇਟ ਹਸਪਤਾਲਾਂ ਦੇ ਡਾਕਟਰਾਂ ਦੀ ਤਨਖਾਹ ਵਿਚ ਡਿਸਪੈਰਿਟੀ ਹੈ, ਇਸ ਤਨਖਾਹ ਵਿੱਚ ਕਾਫ਼ੀ

ਅੰਤਰ ਹੈ। ਪ੍ਰਾਈਵੇਟ ਹਸਪਤਾਲ ਜਿਹੜੇ ਬਹੁਤ ਵਧੀਆ ਚੱਲ ਰਹੇ ਹਨ ਅਤੇ ਦਿਨ-ਪ੍ਰਤੀ-ਦਿਨ ਇਨ੍ਹਾਂ ਦੀ ਗਿਣਤੀ ਵਧਦੀ ਜਾ ਰਹੀ ਹੈ, ਨਵੇਂ ਹਸਪਤਾਲ ਰੋਜ਼ ਖੁੱਲ੍ਹਦੇ ਜਾ ਰਹੇ ਹਨ। ਸਰਕਾਰੀ ਡਾਕਟਰਾਂ ਦੀ ਤਨਖਾਹ ਬੇਹੱਦ ਘੱਟ ਹੋਣ ਕਾਰਨ ਉਹ ਆਪਣੀ ਪਰਫਾਰਮੈਂਸ ਇਨਹਾਂਸ ਨਹੀਂ ਕਰ ਸਕਦੇ। ਉਹ ਆਪਣੀ ਪੂਰੀ ਪਰਫਾਰਮੈਂਸ ਆਪਣੇ ਪੇਸ਼ੈਂਟਸ ਅਤੇ ਗਰੀਬਾਂ ਨੂੰ ਨਹੀਂ ਦੇ ਸਕਦੇ। ਸਪੀਕਰ ਸਾਹਿਬ, ਮੇਰਾ ਸੁਝਾਅ ਹੈ ਕਿ ਜਿਵੇਂ ਤਾਮਿਲਨਾਡੂ ਅਤੇ ਕਰਨਾਟਕਾ ਸਟੇਟਾਂ ਨੇ ਬਕਾਇਦਾ ਮਾਡਲ ਅਡਾਪਟ ਕੀਤੇ ਹਨ, ਮੈਂ ਸਲਾਹ ਦੇਵਾਂਗਾ ਕਿ ਘੱਟ ਤੋਂ ਘੱਟ ਆਪਾਂ ਵੀ ਇਹ ਇੰਪਰੂਵਮੈਂਟ ਇਥੇ ਕਰ ਲਈਏ। ਸਰਕਾਰ ਭਾਵੇਂ ਉਪਰਾਲੇ ਕਰ ਰਹੀ ਹੈ, ਇਥੇ ਵੀ ਪੀ.ਪੀ. ਮੋਡ ਇਨਵਾਲਵ ਕੀਤਾ ਜਾ ਸਕਦਾ ਹੈ। ਉਸ ਵਿੱਚ ਬਕਾਇਦਾ ਐਨ.ਜੀ.ਓਜ਼ ਅਤੇ ਕਾਰਪੋਰੇਟ ਇੰਡਸਟਰੀ ਹਾਊਸਿਜ਼ ਨੂੰ ਸ਼ਾਮਲ ਕੀਤਾ ਜਾਵੇ । ਇਸ ਤੋਂ ਇਲਾਵਾ ਜਿਹੜੇ ਸਾਡੇ ਵਿਦੇਸ਼ਾਂ ਵਿਚ ਸਾਥੀ ਬੈਠੇ ਹਨ, ਉਨ੍ਹਾਂ ਨੂੰ ਇਨਵਾਲਵ ਕੀਤਾ ਜਾਵੇ ਕਿਉਂਕਿ ਹਰ ਇਨਸਾਨ ਚਾਹੁੰਦਾ ਹੈ ਕਿ ਮੈਂ ਆਪਣੇ ਬਜ਼ੁਰਗਾਂ ਦੀ ਯਾਦਗਾਰ ਵਿਚ ਕੁੱਝ ਨਾ ਕੁੱਝ ਪਿੰਡਾਂ ਵਿਚ ਜਾਂ ਹਸਪਤਾਲਾਂ ਵਿੱਚ ਕਰਾਂ। ਸਾਡੇ 117 ਹਲਕਿਆਂ ਵਿੱਚ ਸਰਕਾਰੀ ਹਸਪਤਾਲਾਂ ਦੀ ਗਿਣਤੀ ਇੱਕ ਤੋਂ ਲੈ ਕੇ ਚਾਰ ਤੱਕ ਹੀ ਹੋਣੀ ਹੈ । ਜਿਹੜੇ ਸਰਕਾਰੀ ਹਸਪਤਾਲ ਹਨ, ਉਨ੍ਹਾਂ ਵਿੱਚ ਵੀ ਕਾਫੀ ਸੁਧਾਰ ਦੀ ਲੋੜ ਹੈ। ਸਾਨੂੰ ਇਸ ਪਾਸੇ ਲੋਕਾਂ ਨੂੰ ਉਤਸ਼ਾਹਤ ਕਰਨ ਦੀ ਲੋੜ ਹੈ। ਇਸ ਲਈ ਸਾਨੂੰ ਕਾਰਪੋਰੇਟਰਾਂ ਦੀ ਲੋੜ ਹੈ। ਮੈਨੂੰ ਵੀ ਇਸ ਸਦਨ ਵਿਚ 20 ਸਾਲ ਹੋ ਗਏ ਹਨ। ਪ੍ਰਮਾਤਮਾ ਦੀ ਕ੍ਰਿਪਾ ਅਤੇ ਪੰਜਾਬ ਦੇ ਲੋਕਾਂ ਦੇ ਆਸ਼ੀਰਵਾਦ ਨਾਲ ਮੈਂ 4 ਵਾਰ ਚੁਣ ਕੇ ਇਥੇ ਆਇਆ ਹਾਂ ਪਰ ਮੈਂ ਮਹਿਸੂਸ ਕਰਦਾ ਹਾਂ ਕਿ ਆਪਣੀ ਅਬਾਦੀ ਵੱਧਦੀ ਜਾ ਰਹੀ ਹੈ ਅਤੇ ਹਸਪਤਾਲਾਂ ਦੀ ਹਾਲਤ ਨਿਘਰਦੀ ਜਾ ਰਹੀ ਹੈ। ਜੇਕਰ ਇਨ੍ਹਾਂ ਵਿੱਚ ਸੁਧਾਰ ਕਰਨਾ ਹੈ ਤਾਂ ਸਾਨੂੰ ਲੋਕਾਂ ਨੂੰ ਇਸ ਪਾਸੇ ਉਤਸ਼ਾਹਿਤ ਕਰਨਾ ਪਵੇਗਾ। ਇਸ ਲਈ ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਸ ਤੇ ਵਿਚਾਰ ਕੀਤਾ ਜਾਵੇ ਤਾਂ ਕਿ ਅਸੀਂ ਉਨ੍ਹਾਂ ਕਾਰਪੋਰੇਟਰਾਂ ਅਤੇ ਐਨ.ਜੀ.ਓਜ਼ ਨੂੰ ਨਾਲ ਲੈ ਕੇ ਹਸਪਤਾਲਾਂ ਵਿਚ ਸੁਧਾਰ ਲਿਆ ਸਕੀਏ। ਜਿਥੋਂ ਤੱਕ ਡਾਕਟਰਾਂ ਦਾ ਸਵਾਲ ਹੈ ਤਾਂ ਮੈਂ ਸਮਝਦਾ ਹਾਂ ਕਿ ਥੋੜ੍ਹੀ ਸਖਤੀ ਕਰਨ ਦੀ ਲੋੜ ਹੈ। ਇਸ ਨਾਲ ਦੋ ਫਾਇਦੇ ਹੋਣਗੇ। ਇਕ ਤਾਂ ਸਰਕਾਰ ਦੀ ਆਮਦਨ ਵਿਚ ਬਚਤ ਹੋਣੀ ਸ਼ੁਰੂ ਹੋਵੇਗੀ ਅਤੇ ਦੂਜੀ ਉਨ੍ਹਾਂ ਦੀ ਆਊਟਪੁੱਟ ਵਧਣੀ ਸ਼ੁਰੂ ਹੋ ਜਾਵੇਗੀ। ਡਾਕਟਰਾਂ ਲਈ ਬਾਇਓਮੈਟਰਿਕ ਐਂਟਰੀ ਸ਼ੁਰੂ ਕੀਤੀ ਜਾਵੇ। ਇਸ ਨਾਲ ਇਤਰਾਜ਼ ਜ਼ਰੂਰ ਹੋਵੇਗਾ, ਧਰਨੇ ਲਗਣਗੇ ਪਰੰਤੂ ਇਸ ਨਾਲ ਤੁਹਾਨੂੰ ਪਤਾ ਲਗੇਗਾ ਕਿ ਕਿੰਨੇ ਦਿਨਾਂ ਦੀ ਤਨਖਾਹ ਦੇਣੀ ਹੈ। ਇਸ ਨਾਲ ਡਾਕਟਰ ਆਪਣੇ ਆਪ ਆਊਟਪੁੱਟ ਦੇਣੀ ਸ਼ੁਰੂ ਕਰਨਗੇ। ਅੱਜ ਸਾਨੂੰ ਵੀ ਆਪਣੇ ਰੁਝੇਵਿਆਂ ਵਿੱਚ ਕੋਈ ਨਾ ਕੋਈ ਸਮੱਸਿਆ ਆ ਜਾਂਦੀ ਹੈ ਜਿਹੜੀ ਆਪਣੇ ਮੁਤੱਲਕ ਨਹੀਂ ਹੁੰਦੀ। ਜਿਵੇਂ ਸੁਖਪਾਲ ਜੀ ਵਾਰ ਵਾਰ ਖੜ੍ਹ ਜਾਂਦੇ ਹਨ, ਉਨ੍ਹਾਂ ਦੀ ਪਾਰਟੀ ਨੇ ਉਨ੍ਹਾਂ ਨੂੰ ਜ਼ਿੰਮੇਵਾਰੀ ਦਿੱਤੀ ਹੈ। ਮੈਂ ਗੁਸਤਾਖੀ ਚਾਹੁੰਦਾ ਹਾਂ ਕਿ ਖਹਿਰਾ ਸਾਹਿਬ ਤੁਹਾਡਾ ਨਾਮ ਲਿਆ ਹੈ। ਅੱਜ ਅਜਿਹੀਆਂ ਅਨਨਸੈਸਰਲੀ ਚੀਜ਼ਾਂ ਸਾਹਮਣੇ ਆ ਰਹੀਆਂ ਹਨ ਅਤੇ ਸ਼ਾਇਦ ਡਾਕਟਰਾਂ ਅਤੇ ਸਟਾਫ ਨਾਲ ਵੀ ਅਜਿਹਾ ਹੀ ਹੁੰਦਾ ਹੋਵੇਗਾ। ਜੇਕਰ ਉਨ੍ਹਾਂ ਨੂੰ ਬਦਲਣਾ ਹੈ ਤਾਂ ਉਨ੍ਹਾਂ ਦੇ ਕਰੀਕੁਲਮ ਨੂੰ ਚੇਂਜ ਕਰਨਾ ਪਵੇਗਾ। ਮੈਂ ਗਰੀਬ ਲੋਕਾਂ ਲਈ ਇਕ ਬੇਨਤੀ ਕਰਾਂਗਾ, ਬਾਦਲ ਸਾਹਿਬ ਇਥੇ ਬੈਠੇ ਨਹੀਂ ਹਨ, ਮੈਨੂੰ ਯਾਦ ਹੈ ਪ੍ਰਮਾਤਮਾ ਨਾ ਕਰੇ ਕਿ ਅਜਿਹਾ ਕਿਸੇ ਨਾਲ ਵਾਪਰੇ। ਲੇਕਿਨ ਜਦ ਬਾਦਲ ਸਾਹਿਬ ਦੀ ਧਰਮ ਪਤਨੀ ਬੀਬੀ ਸੁਰਿੰਦਰ ਕੌਰ ਜੀ ਬਿਮਾਰ ਹੋਏ ਸਨ, ਤੁਹਾਨੂੰ ਯਾਦ ਹੋਵੇਗਾ ਕਿ ਵਿਦੇਸ਼ ਵਿਚ ਇਲਾਜ ਹੋਇਆ ਸੀ ਪਰੰਤੂ ਜਿਹੜਾ ਗਰੀਬ ਹੈ, ਉਹ ਕੇਵਲ ਲੋਕਲ ਹਸਪਤਾਲ ਤੱਕ ਸੀਮਤ ਰਹਿੰਦਾ ਹੈ। ਸੋ, ਉਸ ਗਰੀਬ ਨੂੰ ਰਾਹਤ ਪਹੁੰਚਾਉਣ ਲਈ ਕੋਈ ਉਪਰਾਲਾ ਕਰਨਾ ਚਾਹੀਦਾ ਹੈ। ਮੈਂ ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਕੋਈ ਨਾ ਕੋਈ ਇਨਸ਼ੋਰੈਂਸ ਪੈਟਰਨ ਬਣਾਇਆ ਜਾਵੇ ਜਿਸ ਦੀ ਆਊਟਲੈਟ ਹਸਪਤਾਲਾਂ ਦੀ ਰਿਸੈਪਸ਼ਨ ਤੇ ਹੋਵੇ।

[ਸਰਦਾਰ ਰਣਦੀਪ ਸਿੰਘ]
ਸਰਕਾਰ ਵਲੋਂ ਪਹਿਲਾਂ ਹੀ ਭਗਤ ਪੂਰਨ ਸਿੰਘ ਬੀਮਾ ਯੋਜਨਾ ਜਾਰੀ ਕੀਤੀ ਹੋਈ ਹੈ, ਜਿਸ ਵਿਚ ਲਗਭਗ 50,000/- ਰੁਪਏ ਪ੍ਰਤੀ ਪਰਿਵਾਰ ਨੂੰ ਦੇਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ ਅਤੇ ਇਸ ਦਾ ਲਾਭ 29 ਲੱਖ ਪਰਿਵਾਰਾਂ ਨੂੰ ਦੇਣ ਦਾ ਸਰਕਾਰ ਦਾ ਇਰਾਦਾ ਹੈ। ਅੱਜ ਜਿਹੜੀ ਹਾਲਤ ਸਰਕਾਰੀ ਹਸਪਤਾਲਾਂ ਦੀ ਹੈ, ਉਹ ਸਾਡੇ ਸਾਹਮਣੇ ਹੈ। ਸਰਕਾਰੀ ਹਸਪਤਾਲਾਂ ਵਿਚ ਡਾਇਲਸਿਸ ਨਹੀਂ ਹੁੰਦਾ। ਕਈ ਵਾਰ ਸਰਕਾਰ ਮਸ਼ੀਨਾਂ ਦੇ ਦਿੰਦੀ ਹੈ ਪਰ ਓਪਰੇਟਰ ਨਹੀਂ ਮਿਲਦੇ। ਜੇਕਰ ਓਪਰੇਟਰ ਮਿਲਦੇ ਹਨ ਤਾਂ ਮਸ਼ੀਨਾਂ ਖਰਾਬ ਹੋ ਜਾਂਦੀਆਂ ਹਨ। ਸੋ, ਤੁਹਾਡੇ ਸਭ ਤੋਂ ਛੋਟੇ ਇਲਾਜ ਲਈ ਐਕਸਰੇ ਮਸ਼ੀਨਾਂ ਲਈ ਰੇਡਿਓਆਲੋਜਿਸਟ ਨਹੀਂ ਮਿਲਦਾ। ਅੱਜ ਕੱਲ੍ਹ ਤਾਂ ਐਕਸਰੇ ਲਈ ਐਡਵਾਂਸ ਤਕਨਾਲੋਜੀ ਆ ਰਹੀ ਹੈ। ਮੈਂ ਤੁਹਾਡੇ ਮਾਧਿਅਮ ਦੇ ਜ਼ਰੀਏ ਇੱਕ ਸੁਝਾਅ ਦਿਆਂਗਾ, ਜੇਕਰ ਅਸੀਂ ਗਰੀਬਾਂ ਨੂੰ ਫੈਸੀਲੀਟੇਟ ਕਰਨਾ ਚਾਹੁੰਦੇ ਹਾਂ ਤਾਂ ਕੋਈ ਨਾ ਕੋਈ ਉਪਰਾਲਾ ਜਾਂ ਕੋਈ ਐਸੀ ਸਕੀਮ ਹੋਵੇ ਜਿਸ ਰਾਹੀਂ ਜਦੋਂ ਓ.ਪੀ.ਡੀ. ਵਿੱਚ ਗਰੀਬ ਰਜਿਸਟਰ ਹੁੰਦਾ ਤਾਂ ਬਕਾਇਦਾ ਉਥੇ ਉਸ ਲਈ ਬੀਮਾ ਯੋਜਨਾ ਜਾਰੀ ਹੋ ਸਕੇ। ਆਪਾਂ ਲੋਕਾਂ ਵਿੱਚ ਅਵੇਰਨੈਸ ਲਿਆਉਣ ਲਈ ਫਰੀ ਕੈਂਪ ਵੀ ਲਗਾਉਂਦੇ ਹਾਂ ਪਰ ਇਸ ਦਾ ਫਾਇਦਾ ਲੋਕਾਂ ਨੂੰ ਨਹੀਂ ਪਹੁੰਚ ਰਿਹਾ ਹੈ। ਦੂਜੇ ਪਾਸੇ, ਜੇਕਰ ਅਸੀਂ ਹਸਪਤਾਲ ਵਿੱਚ ਵੀ ਬੀਮਾ ਯੋਜਨਾ ਦੇ ਦਿਆਂਗੇ ਤਾਂ ਉਸ ਨਾਲ ਫਾਇਦਾ ਹੋਵੇਗਾ। ਮੈਂ ਇੱਕ ਹੋਰ ਸੁਝਾਅ ਦੇਣ ਲੱਗਾ ਹਾਂ ਜੋ ਕਿ ਬਹੁਤ ਹੀ ਅਹਿਮ ਹੈ। ਇਸ ਸੁਝਾਅ ਨੂੰ American Nation ਨੇ ਸਭ ਤੋਂ ਪਹਿਲਾਂ ਅਡਾਪਟ ਕੀਤਾ ਸੀ, ਇਹ ਹੈ Electronic Health Record. ਇਸ ਦਾ ਇਹ ਮਕਸਦ ਹੈ ਕਿ ਜਦੋਂ ਮਰੀਜ਼ ਰਜਿਸਟਰ ਹੋਵੇਗਾ, ਉਦੋਂ ਮਰੀਜ਼ ਦਾ ਉਥੇ ਨਾਮ ਲਿਖਿਆ ਜਾਵੇਗਾ, ਉਸ ਨੂੰ ਕੰਪਿਊਟਰ ਤੇ ਚੜ੍ਹਾਇਆ ਜਾਏਗਾ ਤੇ ਬਕਾਇਦਾ ਉਸ ਦੀ ਬਿਮਾਰੀ ਦਾ ਪਤਾ ਲੱਗ ਜਾਏਗਾ। ਇਸ ਦਾ ਫਾਇਦਾ ਇੰਨਾ ਹੋਣਾ ਕਿ ਹੈਲਥ ਕੇਅਰ ਦਾ ਸਾਰਾ ਡਾਟਾ ਮਿਲਣਾ ਸ਼ੁਰੂ ਹੋ ਜਾਏਗਾ। ਇਸ ਨਾਲ ਟਰਾਂਸਪੇਰੈਂਸੀ ਵੀ ਆਉਣੀ ਸ਼ੁਰੂ ਹੋ ਜਾਏਗੀ। ਜਿਸ ਦਾ ਨਾਂ ਪਹਿਲਾਂ ਹਸਪਤਾਲ ਵਿੱਚ ਦਰਜ ਹੋ ਗਿਆ ਉਸ ਦਾ ਸਾਰਾ ਰਿਕਾਰਡ ਸਾਹਮਣੇ ਆ ਜਾਏਗਾ, ਟਰਾਂਸਪੇਰੈਂਸੀ ਵੀ ਹੋ ਜਾਏਗੀ। ਤੀਜੀ ਗੱਲ, ਇਸ ਨਾਲ ਕੁਆਲਿਟੀ ਮੈਨੇਜਮੈਂਟ ਵੀ ਸ਼ੁਰੂ ਹੋ ਜਾਏਗੀ। ਇਸ ਸਕੀਮ ਦਾ ਫਾਇਦਾ ਅਮਰੀਕਾ ਨੂੰ ਬਹੁਤ ਹੋਇਆ ਹੈ। ਉਥੇ ਨਾਲ ਨਾਲ ਸੋਸ਼ਲ ਸਿਕਿਓਰਿਟੀ ਸਕੀਮਾਂ ਵੀ ਚਲਦੀਆਂ ਹਨ। ਇਸ ਨਾਲ ਗਰੀਬ ਮਰੀਜ਼ ਜੋ ਹਸਪਤਾਲ ਜਾਂਦਾ ਹੈ, ਉਸ ਦੀ ਬਕਾਇਦਾ ਸਹੀ ਮਾਅਨਿਆਂ ਵਿੱਚ ਸੇਫਟੀ ਵੀ ਸ਼ੁਰੂ ਹੋ ਜਾਵੇਗੀ, ਜਿਸ ਗਰੀਬ ਦੀ ਅੱਜ ਆਪਾਂ ਰਖਵਾਲੀ ਨਹੀਂ ਕਰ ਪਾ ਰਹੇ ਹਾਂ। ਡਾਕਟਰਾਂ ਦੀ ਜ਼ਿੰਮੇਵਾਰੀ ਅਤੇ ਅਕਾਉਂਟੇਬਿਲਟੀ ਵੱਧ ਜਾਵੇਗੀ। ਮੈਂ ਤੁਹਾਡੇ ਮਾਧਿਅਮ ਰਾਹੀਂ ਇਹ ਜ਼ਰੂਰ ਕਹਾਂਗਾ ਕਿ ਇਸ Electronic Health Record ਨੂੰ ਬਨਾਉਣਾ ਸ਼ੁਰੂ ਕਰ ਦਿਓ ਤਾਂ ਕਿ ਹਸਪਤਾਲ ਦੀ ਕਾਰਗੁਜ਼ਾਰੀ ਵਿੱਚ ਸੁਧਾਰ ਹੋਣਾ ਸ਼ੁਰੂ ਹੋ ਜਾਵੇ। Biometric Entry ਨਾਲ ਆਪਣੇ ਡਾਕਟਰ ਵੀ ਵਧੀਆ ਆਉਟਪੁੱਟ ਦੇਣੀ ਸ਼ੁਰੂ ਕਰ ਦੇਣਗੇ ਤਾਂ ਕਿ ਅੱਗੇ ਤੋਂ ਸਰਕਾਰ ਨੂੰ ਵੀ ਰੈਵੈਨਿਊ ਦੇ ਤੌਰ ਤੇ ਬੱਚਤ ਹੋ ਜਾਏ।

ਸਪੀਕਰ ਸਾਹਿਬ, ਸਭ ਤੋਂ ਵੱਡਾ ਸੰਕਟ ਐਕਸੀਡੈਂਟ ਕੇਸਿਜ਼ ਦਾ ਹੈ ਜਿਸ ਦਾ ਕਿ ਲੀਡਰ ਆਫ ਦਿ ਆਪੋਜ਼ੀਸ਼ਨ ਅਤੇ ਸਾਡੇ ਆਪਣੇ ਨੁਮਾਇੰਦਿਆਂ ਨੇ ਵੀ ਜ਼ਿਕਰ ਕੀਤਾ ਹੈ । ਉਪਰਾਲੇ ਤਾਂ ਬਹੁਤ ਹੋ ਰਹੇ ਹੋਣਗੇ ਲੇਕਿਨ ਅੱਜ ਤੱਕ ਮੇਰਾ ਖਿਆਲ ਹੈ ਮੈਂ ਸ਼ਾਇਦ ਹੀ ਕੋਈ Critical Trauma Centre, Highway ਤੇ ਬਣਿਆ ਹੋਇਆ ਦੇਖਿਆ ਹੈ, ਜਿਹੜਾ ਘੱਟੋ ਘੱਟ ਮਰੀਜ਼ ਨੂੰ immediate relief ਦੇ ਸਕੇ। ਮਰੀਜ਼ ਨੂੰ ਹਸਪਤਾਲ ਪਹੁੰਚਾਉਣ ਲਈ ਐਂਬੂਲੈਂਸਿਜ਼ ਤਾਂ ਹੋਣਗੀਆਂ ਪਰ ਜਿਹੜਾ ਵੀ ਕੋਈ Accident Prone Area ਹੈ ਉਥੇ ਘੱਟ ਤੋਂ ਘੱਟ Trauma Centre ਜ਼ਰੂਰ ਬਣਾ ਕੇ ਦਿੱਤੇ ਜਾਣ। ਸਪੀਕਰ ਸਾਹਿਬ, ਕੁਝ ਗੱਲਾਂ ਐਸੀਆਂ ਹੋਣਗੀਆਂ, ਜਿਸ ਦੇ ਅਧੀਨ ਅਸੀਂ ਸੁਧਾਰ ਕਰਨ ਜਾ ਰਹੇ ਹਾਂ ਜਿਸ ਦੀਆਂ WHO ਨੇ ਨਾਰਮਜ਼ ਅਤੇ ਗਾਈਡਲਾਈਨਜ਼ ਦਿੱਤੀਆਂ ਹਨ।

ਲੇਕਿਨ ਇਸ ਵਿੱਚ ਕਈ ਵਾਰ ਸਾਡੀਆਂ ਮਜਬੂਰੀਆਂ ਹੋ ਜਾਂਦੀਆਂ ਹਨ। ਪਿੰਡਾਂ ਵਿੱਚ ਆਰ.ਐਮ.ਪੀ. ਡਾਕਟਰ ਹੁੰਦੇ ਹਨ। ਉਨ੍ਹਾਂ ਨੂੰ ਰੋਕ ਤਾਂ ਸਕਦੇ ਨਹੀਂ ਹਨ। ਆਯੁਰਵੈਦਿਕ ਡਾਕਟਰਾਂ ਨੇ ਵੀ ਤਿੰਨ-ਤਿੰਨ, ਚਾਰ-ਚਾਰ ਸਾਲਾਂ ਦਾ ਡਿਪਲੋਮਾ ਕੀਤਾ ਹੁੰਦਾ ਹੈ, ਉਨ੍ਹਾਂ ਨੂੰ 6 ਮਹੀਨੀਆਂ ਵਿੱਚ ਡਿਗਰੀਆਂ ਦੇਣ ਜਾ ਰਹੇ ਹਾਂ। ਹਸਪਤਾਲ ਅਤੇ ਟਰੇਨਿੰਗ ਸੈਂਟਰਜ਼ ਤਾਂ ਵੱਧ ਖੁੱਲ੍ਹਦੇ ਜਾ ਰਹੇ ਹਨ ਲੇਕਿਨ ਹਸਪਤਾਲ ਬਹੁਤ ਹੀ ਖਸਤਾ ਹਾਲਤ ਵਿੱਚ ਹਨ । ਇਹ ਇੱਕ ਉਪਰਾਲਾ ਕਰਨ ਦੀ ਲੋੜ ਹੈ। ਮੈਂ ਆਪਣੇ ਪੁਰਾਣੇ ਹਲਕੇ ਨਾਲ ਸੰਬੰਧਿਤ ਗੱਲ ਕਰਦਾ ਹਾਂ। ਸਰਦਾਰ ਸਾਧੂ ਸਿੰਘ ਜੀ ਇਥੇ ਬੈਠੇ ਹਨ, ਉਨ੍ਹਾਂ ਦੇ ਨਾਲ ਹੀ ਇਹ ਗੱਲ ਸੰਬੰਧਿਤ ਹੈ। ਸਾਡੇ ਬਜ਼ੁਰਗਾਂ ਨੇ ਸਿਵਲ ਹਸਪਤਾਲ, ਨਾਭਾ ਨੂੰ ਜ਼ਮੀਨ ਦਾਨ ਦਿੱਤੀ ਸੀ। ਉਸੇ ਤਰ੍ਹਾਂ ਗੋਬਿੰਦਗੜ੍ਹ ਨੂੰ ਵੀ ਦਿੱਤੀ ਸੀ ਕਿਉਂਕਿ ਉਹ ਵੀ ਨਾਭਾ ਰਿਆਸਤ ਦਾ ਕਿਸੇ ਸਮੇਂ ਭਾਗ ਸੀ। ਇਥੇ ਵੀ ਹਸਪਤਾਲ ਸਾਡੇ ਬਜ਼ੁਰਗਾਂ ਨੇ ਖੋਲ੍ਹਿਆ ਤੇ ਜ਼ਮੀਨ ਲੈ ਕੇ ਦਿੱਤੀ ਸੀ। ਇਥੇ ਰੈਜ਼ੀਡੈਂਸ਼ੀਅਲ ਕੁਆਟਰਜ਼ ਬਹੁਤ ਹੀ ਸ਼ਾਨਦਾਰ ਬਣਾਏ ਗਏ ਸਨ। ਅੱਜ ਉਨ੍ਹਾਂ ਦੀ ਬਹੁਤ ਹੀ ਖਸਤਾ ਹਾਲਤ ਹੈ। ਉਹ ਰਹਿਣਯੋਗ ਨਹੀਂ ਹਨ। ਉਥੇ ਕੋਈ ਡਾਕਟਰ ਨਹੀਂ ਰਹਿੰਦਾ ਹੈ। ਆਮ ਤੌਰ ਤੇ ਮਹਿਸੂਸ ਕੀਤਾ ਜਾਂਦਾ ਹੈ ਕਿ ਡਾਕਟਰ ਪ੍ਰਾਈਵੇਟ ਹਸਪਤਾਲਾਂ ਵਿੱਚ ਚਲੇ ਜਾਂਦੇ ਹਨ ਕਿਉਂਕਿ ਉੱਥੇ ਤਨਖਾਹਾਂ ਵੱਧ ਮਿਲਦੀਆਂ ਹਨ ਅਤੇ ਸਰਕਾਰਾਂ ਘੱਟ ਤਨਖਾਹਾਂ ਦਿੰਦੀਆਂ ਹਨ। ਇਸੇ ਲਈ ਮੈਂ ਗੁਜ਼ਾਰਿਸ ਕੀਤੀ ਹੈ ਕਿ ਇਨ੍ਹਾਂ ਨੂੰ ਪੀ.ਪੀ.ਪੀ. ਮੋਡ ਵਿੱਚ ਇਨਵਾਲਵ ਕੀਤਾ ਜਾਵੇ। ਉਨ੍ਹਾਂ ਰਿਹਾਇਸ਼ੀ ਸਥਾਨਾਂ ਨੂੰ ਸੁਧਾਰ ਕੇ ਅਸੀਂ ਉੱਥੇ ਡਾਕਟਰਾਂ ਨੂੰ ਠਹਿਰਾ ਸਕੀਏ ਤਾਂ ਹੀ ਉਹ ਫੈਸਿਲਟੀ ਅਸੀਂ ਗਰੀਬਾਂ ਤੱਕ ਪਹੁੰਚਾਉਣ ਵਿੱਚ ਕਾਮਯਾਬ ਹੋਵਾਂਗੇ। ਅੱਜ ਜਿਹੜੀ ਪੰਜਾਬ ਦੀ ਸਥਿਤੀ ਹੈ, ਹਸਪਤਾਲਾਂ ਵਿੱਚ ਬਹੁਤ ਮਾੜੀ ਹਾਲਤ ਹੈ। ਸੈਨੀਟੇਸ਼ਨ ਇੰਨੀ ਮਾੜੀ ਹੈ ਕਿ ਸਾਨੂੰ ਵੀ ਜਾ ਕੇ ਸ਼ਰਮ ਆਉਂਦੀ ਹੈ। ਜਿੱਥੇ ਤੱਕ ਫੈਸੀਲਿਟੇਸ਼ਨ ਦਾ ਸਵਾਲ ਹੈ, ਉਹ ਮੁਮਕਿਨ ਨਹੀਂ ਹੁੰਦੀ । ਕਈ ਅਨਪੜ੍ਹ ਲੋਕ ਐਸੇ ਹੁੰਦੇ ਹਨ ਜਿਵੇਂ ਵਪਾਰੀ ਵਪਾਰ ਕਰਦੇ ਹਨ, ਰੁਜ਼ਗਾਰ ਪਾਉਂਦੇ ਹਨ, ਉਨ੍ਹਾਂ ਨੂੰ ਹਸਪਤਾਲ ਤੱਕ ਪਹੁੰਚਣ ਵਿੱਚ ਸੰਕਟ ਆਉਂਦਾ ਹੈ ਅਤੇ ਅੱਗੇ ਉਨ੍ਹਾਂ ਕੋਈ ਜਾਣਕਾਰੀ ਦੇਣ ਵਾਲਾ ਬੰਦਾ ਨਹੀਂ ਹੁੰਦਾ ਕਿ ਕਿੱਥੇ ਜਾ ਕੇ ਦਵਾਈ ਲੈਣੀ ਹੈ, ਕਿੱਥੇ ਜਾ ਕੇ ਐਕਸਰੇ ਕਰਵਾਉਣਾ ਹੈ। ਇਸ ਕਰਕੇ ਇਹ ਕੀਤਾ ਜਾਣਾ ਚਾਹੀਦਾ ਹੈ ਕਿ ਜਿਹੜੀ ਫਾਰਮਾਸਿਸਟ ਦੀ ਦੁਕਾਨ ਹੈ ਘੱਟੋ-ਘੱਟ ਉਸ ਦੀ ਮਾਰਕਿੰਗ ਕਰਕੇ, ਲੋਕਾਂ ਦਾ ਪੀਲਾ ਕਾਰਡ ਬਣਾਇਆ ਜਾਵੇ ਅਤੇ ਹਰ ਹਸਪਤਾਲ ਵਿੱਚ ਪੀਲੀ ਲਾਈਨ ਲਗਾਈ ਜਾਵੇ ਜਿੱਥੇ ਲੋਕਾਂ ਨੂੰ ਪਤਾ ਹੋਵੇ ਕਿ ਇਸ ਪੀਲੀ ਲਾਈਨ ਵਿੱਚ ਲੱਗ ਕੇ ਮੈਂ ਦਵਾਈ ਲੈ ਸਕਦਾ ਹਾਂ। ਇਸੇ ਤਰ੍ਹਾਂ ਹੀ ਜੇਕਰ ਕੋਈ ਕ੍ਰਿਟੀਕਲ ਕੇਅਰ ਦਾ ਮਰੀਜ਼ ਆਉਂਦਾ ਹੈ ਉੱਥੇ ਲਾਲ ਲਕੀਰ ਲਗਾਈ ਜਾਵੇ ਤਾਂ ਕਿ ਉਸ ਨੂੰ ਪਤਾ ਹੋਵੇ ਕਿ ਉਸ ਨੇ ਕਿੱਥੇ ਜਾਣਾ ਹੈ ਅਤੇ ਉਹ ਲਾਲ ਲਕੀਰ ਤੇ ਪਹੁੰਚ ਕੇ ਉਹ ਅਨਪੜ੍ਹ ਇਨਸਾਨ ਇਲਾਜ ਕਰਵਾ ਸਕੇ। ਜਿੱਥੇ ਤੱਕ ਅਪਰੇਸ਼ਨ ਦਾ ਸਵਾਲ ਹੈ, ਇਸੇ ਤਰ੍ਹਾਂ ਹੀ ਅਪਰੇਸ਼ਨ ਥੀਏਟਰ ਦਾ ਵੀ ਕੋਈ ਤਰੀਕਾ ਕੀਤਾ ਜਾਵੇ।

ਇਸ ਤਰ੍ਹਾਂ ਸਾਨੂੰ ਸਰਵਿਸਿਜ਼ ਦਾ ਫਾਇਦਾ ਮਿਲਣਾ ਸ਼ੁਰੂ ਹੋ ਜਾਵੇਗਾ ਅਤੇ ਗਰੀਬ ਸਾਨੂੰ ਅਸੀਸਾਂ ਦੇਣਗੇ। ਮੇਰਾ ਖਿਆਲ ਮਨੁੱਖ ਆਪਣੇ ਜੀਵਨ ਵਿੱਚ ਕੋਸ਼ਿਸ਼ ਕਰਦਾ ਹੈ ਕਿ ਲੋਕਾਂ ਦੀਆਂ ਅਸੀਸਾਂ ਖੱਟੀਆਂ ਜਾ ਸਕਣ। ਇਹੀ ਇੱਕ ਮਨੁੱਖਤਾ ਦੀ ਭਾਵਨਾ ਹੁੰਦੀ ਹੈ। ਅਸੀਂ ਇਹ ਤਦ ਹੀ ਖੱਟ ਪਾਵਾਂਗੇ ਜੇ ਆਪਾਂ ਅੱਗੇ ਲਈ ਇਹ ਕੰਮ ਕਰਕੇ ਕਾਮਯਾਬ ਹੋਈਏ। ਕ੍ਰਿਟੀਸੀਜ਼ਮ ਜਾਂ ਕਾਊਂਟਰ ਕ੍ਰਿਟੀਸੀਜ਼ਮ ਦਾ ਸਾਨੂੰ ਕੋਈ ਫਾਇਦਾ ਨਹੀਂ ਮਿਲਣਾ। ਸਾਡੇ ਸਮਾਜ ਦਾ ਨੁਕਸਾਨ ਹੋ ਜਾਣਾ ਹੈ ਕਿਉਂਕਿ ਹਰ ਵਿਅਕਤੀ ਬੈਠਾ ਹੈ ਤੇ ਉਹ ਆਪਣੇ ਬੱਚਿਆਂ ਦੇ ਭਵਿੱਖ ਦੀ ਲੜਾਈ ਲੜ ਰਿਹਾ ਹੈ ਅਤੇ ਆਪਣੇ ਪਰਿਵਾਰ ਦੇ ਭਵਿੱਖ ਦੀ ਲੜਾਈ ਲੜ ਰਿਹਾ ਹੈ। ਇਹ ਹੀ ਸਾਡੀ ਸੰਸਕ੍ਰਿਤੀ ਸਾਨੂੰ ਇਜਾਜ਼ਤ ਦਿੰਦੀ ਹੈ। ਸਾਡਾ ਫਰਜ਼ ਹੈ ਕਿ ਅੱਛਾ ਮਾਹੌਲ ਛੱਡ ਕੇ ਜਾਈਏ ਤਾਂ ਕਿ ਪੰਜਾਬ ਨੂੰ ਇੱਕ ਅੱਛਾ ਮਾਹੌਲ ਮਿਲ ਸਕੇ ਅਤੇ ਅੱਛਾ ਵਾਤਾਵਰਣ ਦੇ ਸਕੀਏ। ਹੁਣ ਕਈ ਬਿਮਾਰੀਆਂ ਐਸੀਆਂ ਨਵੀਆਂ ਨਵੀਆਂ ਸ਼ੁਰੂ ਹੋ ਗਈਆਂ ਹਨ ਜਿਸ ਦੀ ਸਾਨੂੰ ਜਾਣਕਾਰੀ ਵੀ ਨਹੀਂ ਹੈ। ਉਨ੍ਹਾਂ ਬਿਮਾਰੀਆਂ

[ਸਰਦਾਰ ਰਣਦੀਪ ਸਿੰਘ]
ਨੇ ਸਾਨੂੰ ਕਾਫੀ ਹੱਦ ਤੱਕ ਦੱਬ ਲਿਆ ਹੈ । ਮੈਂ ਸਪੀਕਰ ਸਾਹਿਬ ਤੁਹਾਨੂੰ ਆਪਣੀ ਗੱਲ ਦੱਸਦਾ ਹਾਂ। 22 ਜਨਵਰੀ ਨੂੰ ਮੈਨੂੰ ਫਲੂ ਹੋਇਆ ਸੀ। ਮੈਨੂੰ ਇਹੀ ਨਹੀਂ ਪਤਾ ਲੱਗਾ ਕਿ ਇਸ ਦਾ ਇਲਾਜ ਕਿਵੇਂ ਕਰਵਾਉਣਾ ਹੈ। ਫੋਰਟਿਸ ਵਿੱਚ ਡਾਕਟਰ ਕੋਲ ਚਲਾ ਗਿਆ। ਮੈਂ ਉੱਥੇ ਟੈਸਟ ਕਰਵਾਏ। ਉਹ ਕਹਿੰਦੇ ਕਿ ਤੁਹਾਨੂੰ ਵਾਇਰਲ ਹੋ ਗਿਆ ਹੈ।

**ਮਾਨਯੋਗ ਸਪੀਕਰ** : ਧੰਨਵਾਦ ਨਾਭਾ ਜੀ। ਵਾਈਂਡ ਅੱਪ ਕਰੋ।

**ਸਰਦਾਰ ਰਣਦੀਪ ਸਿੰਘ** : ਸਪੀਕਰ ਸਾਹਿਬ, ਵਾਈਂਡ ਅੱਪ ਕਰਨ ਲਈ ਦੋ ਮਿੰਟ ਦੇ ਦਿਉ।

ਮੈਂ ਆਪਣੀ ਗੱਲ ਦੱਸ ਰਿਹਾ ਹਾਂ। ਮੈਂ ਇਲਾਜ ਕਰਵਾਇਆ। ਜਦੋਂ ਟੈਸਟ ਕਰਵਾਏ ਅਤੇ ਫਲੂ ਨਿਕਲਿਆ ਤਾਂ ਉਹ ਕਹਿੰਦੇ ਕਿ ਵਾਇਰਲ ਨਹੀਂ ਹੈ, ਹੁਣ ਫਲੂ ਹੋ ਗਿਆ। ਫਿਰ 15 ਕੁ ਦਿਨ ਲਈ ਮੈਨੂੰ ਐਂਟੀਬਾਇਟਿਕ ਦੇ ਦਿੱਤੀ। ਮੇਰਾ ਇਮਿਊਨਿਟੀ ਲੈਵਲ ਇੰਨਾ ਡਿੱਗ ਗਿਆ ਅਤੇ ਅਖੀਰ ਵਿੱਚ ਜਾ ਕੇ ਪਤਾ ਲੱਗਾ ਕਿ ਚੈਸਟ ਕੰਜੈਸ਼ਨ ਹੈ ਕਿਉਂਕਿ ਪਹਿਲਾਂ ਵਾਇਰਲ ਹੋ ਗਿਆ ਸੀ, ਇਸ ਕਰਕੇ ਤੁਹਾਨੂੰ ਹੁਣ ਚੈਸਟ ਕੰਜੈਸ਼ਨ ਹੋ ਗਈ ਹੈ। ਦਵਾਈ ਹੁਣ ਤੀਜੀ ਪਾ ਦਿੱਤੀ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਬੈਠੇ ਬੈਠੇ)** : ਫੋਰਟਿਸ ਦਾ ਇਹੀ ਹਾਲ ਹੈ।

**ਸਰਦਾਰ ਰਣਦੀਪ ਸਿੰਘ** : ਤਾਂ ਹੀ ਮੈਂ ਕਿਹਾ ਹੈ ਅਸੀਂ ਕੋਸ਼ਿਸ਼ ਕਰ ਸਕੀਏ ਕਿ ਘੱਟੋ ਘੱਟ ਗਰੀਬ ਲੋਕਾਂ ਤੱਕ ਰਾਹਤ ਪਹੁੰਚੇ। ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਜ਼ਰੀਏ ਆਪਣੇ ਹਲਕੇ ਬਾਰੇ....

**Mr. Speaker** : One has to close within 15 minutes. There is a time limit.

**ਸਰਦਾਰ ਰਣਦੀਪ ਸਿੰਘ :** ਮੈਨੂੰ ਦੋ-ਤਿੰਨ ਮਿੰਟ ਦੇ ਦਿਉ ਜੀ।

**ਮਾਨਯੋਗ ਸਪੀਕਰ** : ਬੱਸ ਤੁਹਾਡਾ ਰੈਜ਼ੋਲਿਊਸ਼ਨ ਹੈ, ਇਸ ਕਰਕੇ ਤੁਸੀਂ ਇੱਕ ਅੱਧਾ ਮਿੰਟ ਬੋਲ ਲਓ। There is a time limit.

**ਸਰਦਾਰ ਰਣਦੀਪ ਸਿੰਘ** : ਦੋ ਮਿੰਟ ਦੇ ਦਿਉ ਜੀ। ਸਪੀਕਰ ਸਾਹਿਬ, ਮੇਰੇ ਏਰੀਏ ਬਾਰੇ ਮੈਂ ਬੇਨਤੀ ਕਰਾਂਗਾ ਕਿ ਸਟਾਫ ਦੀ ਬਹੁਤ ਘਾਟ ਹੈ। ਮੈਂ ਵਜ਼ੀਰ ਸਾਹਿਬ ਨੂੰ ਵੀ ਲਿਖ ਕੇ ਬੇਨਤੀ ਕੀਤੀ ਹੋਈ ਹੈ। ਉਹ ਜ਼ਰੂਰ ਮੁਕੰਮਲ ਕਰਵਾ ਦੇਣ ਅਤੇ ਬਕਾਇਦਾ ਮਹਿਕਮੇ ਵੱਲੋਂ ਵਾਅਦਾ ਕੀਤਾ ਗਿਆ ਸੀ, ਐਸ਼ੋਰੈਂਸ ਦਿੱਤੀ ਗਈ ਸੀ ਕਿ ਡਿਜ਼ੀਟਲ ਅਤੇ ਕਾਰਡੀਐਕ ਮਾਨੀਟਰ, ਜਿਹੜੀਆਂ ਬੇਸਿਕ ਫੈਸੀਲਿਟੀਜ਼ ਹਨ, ਅਮੈਨਟੀਜ਼ ਹਨ, ਉਨ੍ਹਾਂ ਨੂੰ ਦੇਣ ਦੇ ਵਾਅਦਾ ਕੀਤਾ ਗਿਆ ਸੀ, ਉਹ ਮੁਕੰਮਲ ਕਰਵਾ ਦਿਉ। ਮੈਂ ਕਨਕਲੂਡ ਕਰਨ ਤੋਂ ਪਹਿਲਾਂ ਗੌਤਮ ਬੁੱਧ ਜੀ ਦੀ ਇੱਕ ਲਾਈਨ ਜ਼ਰੂਰ ਬੋਲਣਾ ਚਾਹੁੰਦਾ ਹਾਂ। ਉਨ੍ਹਾਂ ਨੇ ਜ਼ਿਕਰ ਕੀਤਾ ਸੀ: -

> Health is the greatest gift and contentment is the greatest wealth. So let's start to make Punjab healthy, wealthy and wise rather than

getting into criticism and counter criticism. Let's this of progressive Punjab. Thank you Speaker Sahib.

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ,ਸਰਦਾਰ ਬਲਬੀਰ ਸਿੰਘ ਸਿੱਧੂ ਆਪਣੀ ਸੀਟ ਤੇ ਖੜ੍ਹੇ ਬੋਲਣ ਲਈ ਆਗਿਆ ਮੰਗ ਰਹੇ ਸਨ।)

**ਮਾਨਯੋਗ ਸਪੀਕਰ** : ਨਹੀਂ ਜੀ, ਲਾਈਨ ਦੇ ਮੁਤਾਬਕ। ਮੇਰੇ ਕੋਲ ਬਹੁਤ ਸਾਰੇ ਨਾਮ ਆਏ ਹੋਏ ਹਨ, ਮੈਂ ਇਸ ਨੂੰ ਡਿਸਟਰਬ ਨਹੀਂ ਕਰਨਾ। ਤੁਸੀਂ ਇੱਕ ਮਿੰਟ ਬੈਠੋ।(ਵਿਘਨ) ਮੈਂ ਤੁਹਾਡੀ ਗੱਲ ਸੁਣ ਲਵਾਂਗਾ ਲੇਕਿਨ ਮੇਰੇ ਕੋਲ ਜਿੰਨੀਆਂ ਚਿੱਟਾਂ ਆਈਆਂ ਹਨ, ਮੈਂ ਵਾਰੀ ਵਾਰੀ ਲਗਾ ਸਕਦਾ ਹਾਂ। ਇਸ ਤਰ੍ਹਾਂ ਨਹੀਂ ਕਰ ਸਕਦਾ। ਤੁਸੀਂ ਜ਼ਰਾ ਕੁ ਬੈਠੋ। ਹਾਂ ਜੀ, ਕੰਵਰ ਸੰਧੂ ਜੀ।

**ਸ਼੍ਰੀ ਕੰਵਰ ਸੰਧੂ (ਖਰੜ)** : ਸਪੀਕਰ ਸਾਹਿਬ, ਇਹ ਜਿਹੜਾ ਨਾਨ ਆਫੀਸ਼ੀਅਲ ਰੈਜ਼ੋਲਿਊਸ਼ਨ ਸਰਦਾਰ ਰਣਦੀਪ ਸਿੰਘ ਨਾਭਾ ਨੇ ਲਿਆਂਦਾ ਹੈ ਕਿ ਸਸਤੀਆਂ ਦਵਾਈਆਂ ਤੇ ਚੰਗੀ ਹੈਲਥ ਕੇਅਰ ਪ੍ਰੋਵਾਈਡ ਕੀਤੀ ਜਾ ਸਕੇ, ਜੇ ਇਹ ਹੋ ਸਕੇ ਤਾਂ ਇਹ ਬਹੁਤ ਚੰਗਾ ਕਦਮ ਹੋਵੇਗਾ। ਇਸ ਨਾਲ ਨਾ ਸਿਰਫ ਚੰਗਾ ਹੈਲਥ ਕੇਅਰ ਤੇ ਸਸਤੀਆਂ ਦਵਾਈਆਂ ਹੀ ਮਿਲ ਸਕਣਗੀਆਂ ਬਲਕਿ ਇਸ ਨਾਲ ਜੇ ਇਹ ਸਕੀਮ ਕਾਮਯਾਬ ਹੋ ਗਈ ਤਾਂ ਫਾਰਮਾ ਇੰਡਸਟਰੀ ਨੂੰ ਵੀ ਬਹੁਤ ਵੱਡੇ ਪੱਧਰ ਤੇ ਫਾਇਦਾ ਹੋ ਸਕਦਾ ਹੈ ਤੇ ਹੋਰ ਵੀ ਫਾਰਮਾ ਇੰਡਸਟਰੀ ਪੰਜਾਬ ਵਿੱਚ ਆ ਸਕਦੀ ਹੈ ਪਰ ਮੈਂ ਪਿਛਲੇ ਸਾਲ ਦੇ ਔਰ ਉਸ ਤੋਂ ਪਹਿਲੇ ਦੇ ਬਜਟ ਵਿੱਚ ਵੇਖ ਰਿਹਾ ਸੀ ਕਿ ਜਿਹੜੀ ਹੁਣ ਤੱਕ ਦੀ ਬਜਟ ਦੀ ਐਲੋਕੇਸ਼ਨ ਆਉਂਦੀ ਰਹੀ ਹੈ, ਉਹ ਬਹੁਤ ਘੱਟ ਹੈ। ਸੋ, ਅਸੀਂ ਸਟੈਂਡਰਡ ਐਂਡ ਚੀਪਰ ਹੈਲਥ ਸਰਵਿਸਿਜ਼ ਤੇ ਦਵਾਈਆਂ ਦੇਣ ਵਾਸਤੇ ਸਰਕਾਰੀ ਦੁਕਾਨਾਂ ਖੋਲਣ ਜਾ ਰਹੇ ਹਾਂ, ਇਹ ਅਸੀਂ ਕਿੱਥੋਂ ਕਰਨ ਜਾ ਰਹੇ ਹਾਂ? ਕਿਉਂਕਿ ਹੁਣ ਤੱਕ ਜੋ ਫਿਗਰਜ਼ ਮੇਰੀ ਜਾਣਕਾਰੀ ਵਿੱਚ ਆਈਆਂ ਹਨ, ਉਨ੍ਹਾਂ ਮੁਤਾਬਿਕ Gross State Domestic Product (GSDP) ਦਾ ਅਸੀਂ ਇੱਕ ਫੀਸਦੀ ਵੀ ਹੈਲਥ ਦੇ ਉੱਪਰ ਨਹੀਂ ਖਰਚਦੇ। ਇਸ ਵੇਲੇ ਹੈਲਥ ਦੇ ਉੱਪਰ ਜਿਹੜੀ GSDP ਖਰਚ ਹੋ ਰਹੀ ਹੈ ਉਹ .72% ਹੋ ਰਹੀ ਹੈ ਮਤਲਬ ਕਿ 1% ਵੀ ਖਰਚ ਨਹੀਂ ਹੋ ਰਹੀ। ਜਿਹੜੀ ਨੈਸ਼ਨਲ ਐਵਰੇਜ ਹੈ, ਉਹ 1.1% ਹੈ। ਸੋ, ਜੋ ਅਸੀਂ ਕਰਨ ਜਾ ਰਹੇ ਹਾਂ, ਉਹ ਕਿੱਥੋਂ ਹੋਵੇਗਾ ? ਕੁਝ ਸਟੇਟਾਂ ਜਿਵੇਂ ਪੁਡੂਚੈਰੀ ਹੈ, ਭਾਵੇਂ ਉਹ ਇੱਕ ਛੋਟਾ ਜਿਹਾ ਰਾਜ ਹੈ ਪਰ ਇੱਥੇ ਚਾਰ ਫੀਸਦੀ GSDP ਹੈਲਥ ਦੇ ਉੱਪਰ ਖਰਚਿਆ ਜਾਂਦਾ ਹੈ। ਮੈਂ ਪਿਛਲੇ ਸਾਲ ਦਾ ਕੈਲਕੁਲੇਟ ਕਰ ਰਿਹਾ ਸੀ, ਹੋ ਸਕਦਾ ਹੈ ਕਿ ਮੈਂ ਗਲਤ ਵੀ ਕੈਲਕੁਲੇਟ ਕੀਤਾ ਹੋਵੇ ਪਰ ਮੈਨੂੰ ਇਹ ਮਹਿਸੂਸ ਹੋਇਆ ਹੈ ਕਿ ਹੈਲਥ ਐਲੋਕੇਸ਼ਨ ਤੇ ਸਾਡੇ ਬਜਟ ਵਿੱਚੋਂ ਸਿਰਫ 4.4% ਹਿੱਸਾ ਹੀ ਦਿੱਤਾ ਗਿਆ ਹੈ ਔਰ ਅੱਜ ਤੋਂ ਕਰੀਬ 30 ਸਾਲ ਪਹਿਲਾਂ ਸਾਲ 1987 ਵਿੱਚ 10 ਫੀਸਦੀ ਬਜਟ ਦਾ ਹਿੱਸਾ ਹੈਲਥ ਤੇ ਖਰਚ ਹੁੰਦਾ ਸੀ। ਅਸੀਂ ਹੌਲੀ-ਹੌਲੀ ਕਰਦੇ ਹੋਏ 4 ਫੀਸਦੀ ਜਾਂ 4.5 ਫੀਸਦੀ ਤੇ ਆ ਗਏ ਹਾਂ। ਇੱਕ ਸਾਲ ਵਿੱਚ ਤਾਂ ਚਾਰ ਫੀਸਦੀ ਤੋਂ ਵੀ ਘੱਟ ਖਰਚ ਹੋਇਆ ਸੀ। ਸੋ, ਹੁਣ ਹਾਲੇ ਇਸ ਸਾਲ ਦਾ ਬਜਟ ਆਉਣਾ ਹੈ। ਉਸ ਵਿੱਚ ਵੀ ਘੱਟੋ-ਘੱਟ 7 ਜਾਂ 8 ਫੀਸਦੀ ਬਜਟ ਦਾ ਹਿੱਸਾ ਜੇ ਹੈਲਥ ਲਈ ਨਹੀਂ ਦਿਆਂਗੇ ਤਾਂ ਜੋ ਅਸੀਂ ਸ਼ੁਰੂਆਤ ਕਰਨ ਜਾ ਰਹੇ ਹਾਂ, ਇਹ ਹੋ ਹੀ ਨਹੀਂ ਸਕੇਗੀ। ਮਤਲਬ ਤੁਸੀਂ ਇੱਕ White Elephant ਸਾਰੇ ਪਾਸੇ ਖੋਲ੍ਹ ਦਿਓਗੇ, ਜਿਨ੍ਹਾਂ ਕੋਲ ਚੀਜ਼ਾਂ ਪਹੁੰਚਣਗੀਆਂ ਹੀ ਨਹੀਂ। ਮੈਂ ਇੱਥੇ ਦੱਸਣਾ ਚਾਹੁੰਦਾ ਹਾਂ ਕਿ ਦਿੱਲੀ ਵਿੱਚ ਹੈਲਥ ਔਰ ਐਜੂਕੇਸ਼ਨ ਉਤੇ ਇੱਕ ਸ਼ੁਰੂਆਤ ਕੀਤੀ ਗਈ ਹੈ ਤੇ ਉਹ ਇਨ੍ਹਾਂ ਦੋਹਾਂ ਤੇ ਕਰੀਬ 30 ਤੋਂ 32 ਫੀਸਦੀ ਖਰਚ ਕਰਦੇ ਹਨ। ਉੱਥੇ ਬਜਟ ਦਾ 12 ਫੀਸਦੀ ਹੈਲਥ ਤੇ ਖਰਚ ਹੋ ਰਿਹਾ ਹੈ। ਸੋ, ਮੇਰੀ ਗੁਜ਼ਾਰਿਸ਼ ਹੈ ਕਿ ਜਿਵੇਂ ਰਣਦੀਪ ਸਿੰਘ ਨੇ ਦੱਸਿਆ ਹੈ ਕਿ ਕੇਰਲਾ, ਤਾਮਿਲਨਾਡੂ, ਕਰਨਾਟਕਾ ਇਹੋ ਜਿਹੇ ਰਾਜਾਂ ਦਾ ਸਿਸਟਮ ਵੇਖ ਕੇ ਸਾਨੂੰ ਕੁਝ ਕਰਨਾ ਚਾਹੀਦਾ ਹੈ ਲੇਕਿਨ ਜਿਹੜਾ ਉਨ੍ਹਾਂ ਦਾ PPP ਮਾਡਲ ਹੈ, ਮੈਂ

[ਸ਼੍ਰੀ ਕੰਵਰ ਸੰਧੂ]

ਉਸ ਨਾਲ ਸਹਿਮਤ ਨਹੀਂ ਹਾਂ। ਮੈਂ ਉਸ ਬਾਰੇ ਵੀ ਦੱਸਾਂਗਾ ਕਿ ਮੈਂ ਉਸ ਨਾਲ ਕਿਉਂ ਸਹਿਮਤ ਨਹੀਂ ਹਾਂ। ਲੇਕਿਨ ਸਾਨੂੰ ਹੈਲਥ ਲਈ ਬਜਟ ਜ਼ਰੂਰ ਵਧਾਉਣਾ ਪਵੇਗਾ । ਉਸ ਤੋਂ ਬਿਨਾਂ ਅਸੀਂ ਜੋ ਵੀ ਅੱਜ ਸ਼ੁਰੂਆਤ ਕਰਨ ਜਾ ਰਹੇ ਹਾਂ, ਉਹ ਨਹੀਂ ਹੋ ਸਕਦੀ। I wish the Finance Minister was here ਤਾਂ ਉਹ ਇਸ ਚੀਜ਼ ਤੇ ਗੌਰ ਕਰਦੇ ਪਰ ਹੁਣ ਤਾਂ ਬਜਟ ਬਣ ਚੁੱਕਿਆ ਹੋਣਾ ਹੈ, ਥੋੜ੍ਹਾ ਬਹੁਤ ਤਾਂ sway ਹੋ ਜਾਂਦਾ ਹੈ। ਸਪੀਕਰ ਸਾਹਿਬ, ਜਿਹੜਾ ਇਸ ਵੇਲੇ ਆਪਣਾ ਹੈਲਥ ਸਿਸਟਮ ਬਣਿਆ ਹੈ, ਉਹ ਤਿੰਨ ਜਾਂ ਚਾਰ tier ਦਾ ਸਿਸਟਮ ਹੈ। ਮੇਰਾ ਖਿਆਲ ਹੈ ਕਿ ਉਸ ਵਿੱਚ ਬੜੀ ਰੈਵੋਲਿਊਸ਼ਨਰੀ ਚੇਂਜ ਲਿਆਉਣ ਦੀ ਲੋੜ ਹੈ। ਜਿਸ ਤਰ੍ਹਾਂ ਇਹ ਸਿਸਟਮ ਚੱਲ ਰਿਹਾ ਹੈ, ਮੇਰਾ ਖਿਆਲ ਹੈ ਕਿ ਉਸ ਨਾਲ ਕੋਈ ਬਿਹਤਰੀ ਨਹੀਂ ਆ ਸਕਦੀ। ਆਪਣੇ ਸਬਸਿਡਰੀ ਹੈਲਥ ਸੈਂਟਰ ਜਿਨ੍ਹਾਂ ਨੂੰ ਡਿਸਪੈਂਸਰੀ ਕਿਹਾ ਜਾਂਦਾ ਹੈ, ਉਸ ਤੋਂ ਉਤੇ ਪ੍ਰਾਇਮਰੀ ਹੈਲਥ ਸੈਂਟਰ ਬਣੇ ਹਨ ਤੇ ਫਿਰ ਕਮਿਊਨਿਟੀ ਹੈਲਥ ਸੈਂਟਰ (ਸੀ.ਐਚ.ਸੀਜ਼) ਬਣੇ ਹਨ। ਇਹ ਸਾਰਿਆਂ ਦੀ ਬਹੁਤ ਬੁਰੀ ਹਾਲਤ ਹੈ। ਮੇਰੇ ਆਪਣੇ ਹਲਕੇ ਵਿੱਚ ਕੁਰਾਲੀ ਵਾਸਤੇ ਅਸੀਂ ਮੰਤਰੀ ਸਾਹਿਬ ਨਾਲ ਗੱਲ ਕੀਤੀ ਹੈ ਕਿ ਕੁਰਾਲੀ ਵਿੱਚ ਸੀ.ਐਚ.ਸੀ. ਨੂੰ ਅਪਗ੍ਰੇਡ ਕਰਨ ਦੀ ਬਹੁਤ ਵੱਡੀ ਲੋੜ ਹੈ। ਇੱਥੋਂ ਤੱਕ ਕਿ ਉਸ ਨੂੰ ਬੇਸਿਕ ਫੈਸਿਲਟੀਜ਼ ਵੀ ਨਹੀਂ ਮਿਲ ਰਹੀਆਂ ਹਨ ਔਰ ਇਹੀ ਹਾਲਤ ਰਾਜ ਵਿੱਚ ਬਹੁਤ ਥਾਵਾਂ ਤੇ ਹੈ। ਮੈਨੂੰ ਸ਼੍ਰੀ ਬ੍ਰਹਮ ਮਹਿੰਦਰਾ ਜੀ ਨੇ ਦੋ-ਤਿੰਨ ਵਾਰੀ ਕਿਹਾ ਵੀ ਹੈ ਕਿ ਇਹ ਸਿਰਫ ਤੁਹਾਡੀ ਪ੍ਰਾਬਲਮ ਨਹੀਂ ਹੈ, ਇਹ ਸਾਰੇ ਰਾਜ ਦੀ ਪ੍ਰਾਬਲਮ ਹੈ। ਗਵਰਨਰ ਐਡਰੈਸ ਵਿੱਚ ਇਨ੍ਹਾਂ ਨੇ ਕਿਹਾ ਹੈ ਕਿ ਜਿਹੜੇ ਤਿੰਨ ਹਜ਼ਾਰ ਸਬਸਿਡਰੀ ਹੈਲਥ ਸੈਂਟਰ ਹਨ, ਜਿਨ੍ਹਾਂ ਨੂੰ ਡਿਸਪੈਂਸਰੀ ਕਿਹਾ ਜਾਂਦਾ ਹੈ, ਉਨ੍ਹਾਂ ਨੂੰ ਵੈੱਲਨੈਸ ਕਲੀਨਿਕ ਬਣਾਉਣ ਜਾ ਰਹੇ ਹਨ। ਅਸੀਂ ਅਸਲ ਵਿੱਚ ਜਾਣਨਾ ਚਾਹਾਂਗੇ ਕਿ ਇਸ ਵਿੱਚ ਕੀ ਫਰਕ ਹੋਵੇਗਾ? ਜੋ ਹੁਣ ਉੱਥੇ ਮਿਲ ਰਿਹਾ ਹੈ, ਉਸ ਵਿੱਚ ਕੀ ਕੁਝ ਐਡ ਕੀਤਾ ਜਾ ਰਿਹਾ ਹੈ? ਕਿਉਂਕਿ ਮੈਂ ਸੁਣਿਆ ਹੈ ਕਿ ਕੁਝ ਰੂਰਲ ਡਾਕਟਰਾਂ ਨੂੰ ਟ੍ਰਾਂਸਫਰ ਕੀਤਾ ਜਾ ਰਿਹਾ ਹੈ ਤੇ ਉਨ੍ਹਾਂ ਵਿੱਚ ਕਾਫੀ ਨਾਰਾਜ਼ਗੀ ਹੈ। ਜੇ ਅਸੀਂ ਉਨ੍ਹਾਂ ਦੀ ਰਜ਼ਾਮੰਦੀ ਤੋਂ ਬਿਨਾਂ ਟ੍ਰਾਂਸਫਰ ਕਰਾਂਗੇ ਤਾਂ ਉਨ੍ਹਾਂ ਨੇ ਕੀ ਕੰਮ ਕਰਨਾ ਹੈ । ਜੇ ਅਸੀਂ ਟ੍ਰਾਂਸਫਰ ਕਰ ਰਹੇ ਹਾਂ ਤਾਂ ਉਨ੍ਹਾਂ ਦੀ ਸਿਨਓਰਟੀ ਵੀ ਫਿਕਸ ਕੀਤੀ ਜਾਵੇ । ਸੋ, ਇਸ ਚੀਜ਼ ਨੂੰ ਵੀ ਕੰਸਿਡਰ ਕਰਨਾ ਚਾਹੀਦਾ ਹੈ । ਜੇ ਵਾਕਿਆ ਹੀ ਤੁਸੀਂ ਕਰਨ ਜਾ ਰਹੇ ਹੋ ਔਰ ਮੈਂ ਉਸੇ ਸਵਾਲ ਤੇ ਆਉਂਦਾ ਹਾਂ ਕਿ ਇਹ ਫਰਕ ਕਿਵੇਂ ਹੋਣਗੇ ਵੈਲਨੈਸ ਕਲੀਨਿਕ ਵਿੱਚ ਅਤੇ ਜੋ ਹੁਣ ਸਿਸਟਮ ਚੱਲ ਰਿਹਾ ਹੈ। ਸੀ.ਐੈਚ.ਸੀ. ਹੈ ਜਾਂ ਪੀ.ਐੈਚ.ਸੀ. ਹੈ। ਮੈਂ ਦਿੱਲੀ ਬਾਰੇ ਕਹਿਣਾ ਚਾਹੁੰਦਾ ਹਾਂ । ਮੈਂ ਇਹ ਇਸ ਕਰਕੇ ਨਹੀਂ ਕਹਿ ਰਿਹਾ ਸੀ ਕਿਉਂਕਿ ਉੱਥੇ ਸਾਡੀ ਪਾਰਟੀ ਸਰਕਾਰ ਵਿੱਚ ਹੈ ਪਰ ਉਨ੍ਹਾਂ ਨੇ ਕੋਸ਼ਿਸ਼ ਕੀਤੀ ਹੈ ਉੱਥੇ ਉਨ੍ਹਾਂ ਨੇ ਮੁਹੱਲਾ ਕਲੀਨਿਕ ਬਣਾਇਆ ਹੈ। ਤਕਰੀਬਨ ਹਜ਼ਾਰ ਮੁਹੱਲਾ ਕਲੀਨਿਕ ਬਣਨਾ ਸੀ, 160 ਬਣ ਗਏ ਹਨ ਅਤੇ ਉਸ ਦੀ ਤਾਰੀਫ ਸਾਰੇ ਪਾਸੇ ਹੋ ਰਹੀ ਹੈ। ਤਕਰੀਬਨ 2 ਮਿਲੀਅਨ ਲੋਕਾਂ ਦਾ ਇਲਾਜ ਉਹ ਕਰ ਚੁੱਕੇ ਹਨ। ਉੱਥੇ ਉਹ 110 ਦਵਾਈਆਂ ਫਰੀ ਦਿੰਦੇ ਹਨ ਅਤੇ 200 ਤੋਂ ਵੱਧ ਲੈਬ ਟੈਸਟ ਵੀ ਫਰੀ ਕਰਦੇ ਹਨ। ਜੇ ਕੋਈ ਇਹੋ ਜਿਹੀ ਚੀਜ਼ ਅਸੀਂ ਕਰਨ ਜਾ ਰਹੇ ਹਾਂ ਤਾਂ ਵਾਕਿਆ ਹੀ ਬਹੁਤ ਚੰਗੀ ਚੀਜ਼ ਹੈ। ਸ਼ਾਇਦ ਹੋਰ ਵੀ ਟੈਸਟ ਫਰੀ ਕਰਨੇ ਚਾਹੀਦੇ ਹਨ, ਹੋਰ ਵੀ ਦਵਾਈਆਂ ਫਰੀ ਕਰਨੀਆਂ ਚਾਹੀਦੀਆਂ ਹਨ। ਜਿਹੜੀਆਂ ਨੈਸ਼ਨਲ ਗਾਈਡਲਾਈਨਜ਼ ਹਨ, ਉਸ ਦੇ ਮੁਤਾਬਿਕ 150 ਦਵਾਈਆਂ ਫਰੀ ਹੋਣੀਆਂ ਚਾਹੀਦੀਆਂ ਹਨ ਪਰ ਆਪਣੇ ਇੱਥੇ ਜਿਹੜੀਆਂ ਦਵਾਈਆਂ ਫਰੀ ਹਨ, ਉਹ ਅਵੇਲੇਬਲ ਨਹੀਂ ਹੁੰਦੀਆਂ। ਉਸ ਦਾ ਰੀਜ਼ਨ ਇਹ ਹੈ ਕਿ ਅਸੀਂ ਸਿਰਫ 90 ਜਾਂ 100 ਕਰੋੜ ਰੁਪਿਆ ਆਪਣੇ ਬਜਟ ਵਿੱਚ ਦਵਾਈਆਂ ਵਾਸਤੇ ਰੱਖਿਆ ਹੈ। ਫਿਰ ਗੱਲ ਉੱਥੇ ਆ ਜਾਂਦੀ ਹੈ ਕਿ ਜੇ ਅਸੀਂ ਪੈਸਾ ਨਹੀਂ ਦੇਵਾਂਗੇ ਤਾਂ ਫਿਰ ਇਸ ਸਿਸਟਮ ਵਿੱਚ ਇੰਪਰੂਵਮੈਂਟ (ਬਿਹਤਰੀ) ਕਿਵੇਂ ਆਵੇਗੀ। ਘੱਟੋ-ਘੱਟ ਜੇ ਵਾਕਿਆ ਹੀ ਅਸੀਂ 100-150 ਦਵਾਈਆਂ ਫਰੀ ਦੇਣੀਆਂ ਹਨ, ਟੈਸਟ ਫਰੀ ਕਰਵਾਉਣੇ ਹਨ ਤੇ ਇਹ ਬਜਟ ਜਿਹੜਾ ਇਸ ਵੇਲੇ 90-100 ਕਰੋੜ ਰੁਪਏ ਹੈ, ਉਸ ਨੂੰ ਪੰਜ-ਛੇ ਗੁਣਾ ਜ਼ਿਆਦਾ ਕਰਨਾ ਪਵੇਗਾ। ਸੋ, ਜੇ

ਅਸੀਂ ਨਹੀਂ ਕਰਾਂਗੇ ਤਾਂ ਇਸ ਵੇਲੇ ਸਿਸਟਮ ਬਿਲਕੁਲ ਹੀ ਹੋਰ ਕੋਲੈਪਸ ਹੋ ਜਾਵੇਗਾ । ਕਈ ਥਾਵਾਂ ਤੇ ਡਾਕਟਰ ਨਹੀਂ ਹੁੰਦੇ ਔਰ ਮੇਰੇ ਹੋਰ ਕੁਲੀਗਜ਼ ਨੂੰ ਵੀ ਫੋਨ ਆਉਂਦੇ ਹੋਣਗੇ। ਜਿਹੜੇ ਮਰੀਜ਼ ਹਨ, ਉਹ ਸਾਨੂੰ ਹਸਪਤਾਲ ਤੋਂ ਹੀ ਫੋਨ ਕਰਦੇ ਹਨ ਕਿ ਸਾਡਾ ਇਲਾਜ ਇੱਥੇ ਨਹੀਂ ਹੋ ਰਿਹਾ। ਮੋਬਾਈਲ ਐਮਰਜੈਂਸੀ ਸਰਵਿਸਿਜ਼, ਟਰੋਮਾ ਸਰਵਿਸਿਜ਼ ਦੀ ਸਰਦਾਰ ਰਣਦੀਪ ਸਿੰਘ ਜੀ ਨੇ ਗੱਲ ਕੀਤੀ ਹੈ ਅਤੇ ਮਾਨਯੋਗ ਮੈਂਬਰਾਂ ਨੇ ਵੀ ਗੱਲ ਕੀਤੀ ਹੈ। ਕਰੀਬ ਕਰੀਬ ਜਿੰਨੇ ਡਿਵੈਲਪਡ ਮੁਲਕ ਹਨ, ਉੱਥੇ ਕੋਈ ਨਾ ਕੋਈ ਸਿਸਟਮ ਹੁੰਦਾ ਹੈ ਜਿਵੇਂ 911 ਨੰਬਰ ਹੈ, ਕਿੱਥੇ ਕੋਈ ਹੋਰ ਨੰਬਰ ਹੈ। ਆਪਾਂ 108 ਤਾਂ ਐਂਬੂਲੈਂਸ ਵੈਨ ਬਣਾ ਦਿੱਤੀ ਪਰ ਉਹ 108 ਵਿੱਚ ਹੁੰਦਾ ਕੀ ਹੈ ? Are they equipped enough ਕਿ ਜਿੱਥੇ ਐਮਰਜੈਂਸੀ ਹੋਵੇ ਉੱਥੇ ਉਨ੍ਹਾਂ ਦੇ ਕੋਲ ਡਾਕਟਰ, ਪ੍ਰਾਪਰ ਪੈਰਾਮੈਡਿਕ ਸਟਾਫ, ਇਕਵਿੱਪਮੈਂਟ ਕੀ ਉਨ੍ਹਾਂ ਦੇ ਕੋਲ ਸਾਰਾ ਕੁਝ ਹੁੰਦਾ ਹੈ ਤਾਂ ਕਿ ਉਹ ਬੰਦੇ ਨੂੰ ਉੱਥੇ ਹੀ ਰਿਵਾਈਵ ਕਰ ਦੇਣ ਜੇ ਕੋਈ ਕੋਲੈਪਸ ਕਰ ਜਾਵੇ। ਜਦੋਂ ਤੱਕ ਅਸੀਂ ਸ਼ਹਿਰ ਤੱਕ ਪਹੁੰਚਦੇ ਹਾਂ, ਬਹੁਤੇ ਲੋਕੀ ਰਸਤੇ ਵਿੱਚ ਹੀ ਦਮ ਤੋੜ ਜਾਂਦੇ ਹਨ। ਸੋ, ਸਭ ਤੋਂ ਵੱਡੀ ਪ੍ਰਾਇਰਟੀ ਅਸੀਂ ਅੱਜ ਜੋ ਕਰਨ ਲੱਗੇ ਹਾਂ, ਉਹ ਇਹ ਹੈ ਕਿ ਅਸੀਂ ਚੀਪਰ ਦਵਾਈਆਂ ਦੇਣੀਆਂ ਹਨ ਜਾਂ ਅਸੀਂ ਸਰਕਾਰੀ ਦੁਕਾਨਾਂ ਖੋਲ੍ਹਣੀਆਂ ਹਨ ਜਾਂ ਹੈਲਥ ਕੇਅਰ ਖੋਲ੍ਹਣੀਆਂ ਹਨ। ਸਭ ਤੋਂ ਪਹਿਲੀ ਜ਼ਰੂਰਤ ਜਿਹੜੀ ਹੈ, ਉਹ ਹੈ ਐਮਰਜੈਂਸੀ ਮੋਬਾਈਲ ਸਰਵਿਸ । ਇਹ ਹਰ ਸ਼ਹਿਰ ਵਿੱਚ ਇੱਕ ਨਹੀਂ, ਦੋ-ਦੋ, ਤਿੰਨ-ਤਿੰਨ ਹੋਣੀਆਂ ਚਾਹੀਦੀਆਂ ਹਨ। ਐਂਬੂਲੈਂਸਿਜ਼ ਬਹੁਤ ਤੁਰੀਆਂ ਫਿਰਦੀਆਂ ਹਨ ਪਰ ਕਿਸੇ ਕੋਲ ਕੋਈ ਇਕਵਿੱਪਮੈਂਟ ਨਹੀਂ । ਸਿਰਫ ਇਹ ਹੈ ਕਿ ਉਸ ਦੇ ਵਿੱਚ ਸਟਰੈਚਰ ਲੱਗਾ ਹੁੰਦਾ ਹੈ ਕਿ ਤੁਸੀਂ ਬੰਦੇ ਨੂੰ ਹਸਪਤਾਲ ਲੈ ਜਾਓ। ਜਿੰਨਾ ਚਿਰ ਤੱਕ ਪ੍ਰਾਪਰਲੀ ਟਰੇਨਡ ਪੈਰਾ ਮੈਡਿਕ ਸਟਾਫ ਇਨ੍ਹਾਂ ਵੈਨਾਂ ਵਿੱਚ ਨਹੀਂ ਹੋਵੇਗਾ, ਉਨਾ ਚਿਰ ਤੱਕ ਇਨ੍ਹਾਂ ਵੈਨਾਂ ਦਾ ਕੋਈ ਫਾਇਦਾ ਨਹੀਂ। ਸੋ, ਸਭ ਤੋਂ ਪਹਿਲੀ ਜ਼ਰੂਰਤ ਜਿਹੜੀ ਹੈ, ਉਹ ਮੋਬਾਈਲ ਐਮਰਜੈਂਸੀ ਸਰਵਿਸਿਜ਼ ਦੀ ਲੋੜ ਹੈ। ਜਿਹੜਾ ਸਾਡਾ ਦੂਜਾ ਲੈਵਲ ਹੈ, ਉਹ ਸੈਕੰਡਰੀ ਲੈਵਲ ਹੈ । ਇਹ ਪ੍ਰਾਇਮਰੀ ਲੈਵਲ ਵਿੱਚ ਸੀ.ਐਚ.ਸੀ., ਪੀ.ਐਚ.ਸੀ. ਜਿਸ ਦੀ ਮੈਂ ਗੱਲ ਕੀਤੀ ਹੈ, ਉਹ ਆ ਜਾਂਦੇ ਹਨ। ਸ਼ਹਿਰਾਂ ਵਿੱਚ ਜਿਹੜੇ ਸੈਕੰਡਰੀ ਹੈਲਥ ਕੇਅਰ ਹਸਪਤਾਲ ਬਣੇ ਹਨ, ਡਿਸਟ੍ਰਿਕਟਜ਼ ਵਿੱਚ ਉਨ੍ਹਾਂ ਦੀ ਵੀ ਕਾਫੀ ਬੁਰੀ ਹਾਲਤ ਹੈ। ਮੈਨੂੰ ਬਤੌਰ ਜਰਨਲਿਸਟ ਕਾਫੀ ਸਾਲ ਪੀ.ਜੀ.ਆਈ. ਨੂੰ ਕਵਰ ਕਰਨ ਦਾ ਮੌਕਾ ਮਿਲਿਆ ਔਰ ਹਮੇਸ਼ਾ ਉੱਥੇ ਦੇ ਡਾਕਟਰਜ਼ ਕਹਿੰਦੇ ਸੀ ਕਿ ਅਸੀਂ ਓਵਰਲੋਡਿਡ ਹਾਂ ਕਿਉਂਕਿ ਬਾਕੀ ਸਾਰਾ ਸਿਸਟਮ ਕੋਲੈਪਸ ਹੋ ਚੁੱਕਾ ਹੈ ਕਿਉਂਕਿ ਸਾਰੇ ਲੋਕੀ ਇੱਥੇ ਹੀ ਆਉਣਾ ਚਾਹੁੰਦੇ ਹਨ, ਮਾਮੂਲੀ ਚੀਜ਼ਾਂ ਵਾਸਤੇ ਵੀ ਇੱਥੇ ਹੀ ਆਉਣਾ ਚਾਹੁੰਦੇ ਹਨ। ਸੋ, ਸਾਨੂੰ ਉੱਥੇ ਸਿਸਟਮ ਸਟਰੈਂਥਨ ਕਰਨਾ ਪਵੇਗਾ ਪਰ ਫਿਰ ਉਹੀ ਗੱਲ ਆ ਜਾਂਦੀ ਹੈ ਕਿ ਫੰਡਜ਼ ਇਸ ਦੇ ਵਾਸਤੇ ਕਿੱਥੋਂ ਆਉਣਗੇ। ਇਸ ਵੇਲੇ ਬੜੀ ਵੱਡੀ ਦਿੱਕਤ ਹੈ । ਇਹ ਦਿੱਕਤ ਪਿਛਲੀ ਸਰਕਾਰ ਵੇਲੇ ਸ਼ੁਰੂ ਹੋਈ ਸੀ ਕਿ ਬੇਸਿਕ ਜਿਹੜੀ ਸੈਲਰੀ ਹੈ, ਉਸ ਤੇ ਲੋਕਾਂ ਨੂੰ ਭਰਤੀ ਕਰਨਾ। ਤੁਸੀਂ ਇੱਕ ਡਾਕਟਰ ਨੂੰ 15000/- ਰੁਪਏ ਤੇ ਭਰਤੀ ਕਰਦੇ ਹੋ। ਇਸੇ ਤਰ੍ਹਾਂ ਹੀ ਜਿਹੜੇ ਬਾਕੀ ਕਰਮਚਾਰੀ ਹਨ, ਉਨ੍ਹਾਂ ਨੂੰ ਵੀ 8000, 10000 ਜਾਂ 15000 ਤੇ ਭਰਤੀ ਕਰਦੇ ਹੋ। ਉਹ ਪਾਸੀਬਲ ਹੀ ਨਹੀਂ ਹੈ ਕਿ ਇੰਨੀ ਸੈਲਰੀ ਵਿੱਚ ਉਹ ਆਪਣਾ ਕੰਮ ਸਹੀ ਤਰੀਕੇ ਨਾਲ ਕਰ ਸਕਣ ਔਰ ਇਹ ਬੜਾ ਚੰਗਾ ਫੈਸਲਾ ਸਰਕਾਰ ਨੇ ਲਿਆ ਹੈ ਕਿ ਹੁਣ ਐਮ.ਬੀ.ਬੀ.ਐਸ. ਡਾਕਟਰਜ਼ ਨੂੰ ਪ੍ਰਾਪਰ ਤਨਖਾਹ ਦੇਣਗੇ ਪਰ ਸਿਰਫ ਇਹ ਐਮ.ਬੀ.ਬੀ.ਐਸ. ਨਾਲ ਗੱਲ ਨਹੀਂ ਬਣਨੀ ਕਿਉਂਕਿ ਡਾਕਟਰ ਇੱਕ ਟੀਮ ਵਿੱਚ ਕੰਮ ਕਰਦਾ ਹੈ । ਜਿੰਨਾ ਚਿਰ ਤੱਕ ਡਾਕਟਰਜ਼, ਨਰਸਿਜ਼ ਔਰ ਮਿੱਡ ਵਾਈਵਜ਼ ਨੂੰ ਪ੍ਰਾਪਰ ਗ੍ਰੇਡ ਨਾਲ ਭਰਤੀ ਨਹੀਂ ਕਰਾਂਗੇ, ਉਹ ਖੁਸ਼ ਹੋ ਕੇ ਕੰਮ ਨਹੀਂ ਕਰਨਗੇ ਔਰ ਤੁਸੀਂ ਅੰਦਾਜ਼ਾ ਲਗਾ ਲਓ ਕਿ ਇਸ ਵੇਲੇ ਵੈਕੰਸੀਆਂ ਕਿੰਨੀਆਂ ਹਨ। ਇਸ ਵੇਲੇ ਐੱਮ.ਓਜ਼. ਡਾਕਟਰ ਦੀਆਂ ਤਕਰੀਬਨ 2300 ਵਿੱਚੋਂ 400 ਵੇਕੈਂਟ ਹਨ ਇਸ ਦਾ ਮਤਲਬ ਕਿ 16-17% ਐੱਮ.ਓਜ਼. ਨਹੀਂ ਹਨ।

**ਮਾਨਯੋਗ ਸਪੀਕਰ:** ਵਾਈਂਡ ਅੱਪ ਕਰ ਲਓ।

**ਸ਼੍ਰੀ ਕੰਵਰ ਸੰਧੂ:** ਵਾਈਂਡ ਅੱਪ ਕਰ ਦਿੰਦਾ ਹਾਂ ਜੀ। ਮੈਂ ਸੋਚਿਆ ਕਿ ਮੈਂ ਕੁਝ ਕੰਟਰੀਬਿਊਟ ਕਰ ਰਿਹਾ ਹਾਂ।

**ਮਾਨਯੋਗ ਸਪੀਕਰ:** ਨਹੀਂ, ਕੰਟਰੀਬਿਊਟ ਤਾਂ ਕਰ ਰਹੇ ਹੋ, ਹੋਰ ਵੀ ਕਾਫੀ ਸਪੀਕਰ ਹਨ।

**ਸ਼੍ਰੀ ਕੰਵਰ ਸੰਧੂ:** ਸਪੈਸ਼ੇਲਿਸਟ 1700 ਦੇ ਵਿੱਚੋਂ 400 ਨਹੀਂ ਹਨ ਜੋ ਕਿ 23% ਹੈ। ਨਰਸਿਜ਼ ਚਾਰ ਹਜ਼ਾਰ ਵਿੱਚੋਂ ਹਜ਼ਾਰ ਹੈ ਨਹੀਂ ਔਰ ਮਿਡ ਵਾਈਵਜ਼ ਕਰੀਬ 38 ਪਰਸੈਂਟ ਨਹੀਂ ਹਨ ਭਾਵ ਕਿ ਚਾਰ ਹਜ਼ਾਰ ਵਿੱਚੋਂ ਕਰੀਬ 1500 ਹੈ ਹੀ ਨਹੀਂ ਔਰ ਇਸੇ ਕਰਕੇ ਡਾਕਟਰ ਜੁਆਇੰਨ ਨਹੀਂ ਕਰਦੇ। ਮੈਂ ਮਾੜੀ ਜਿਹੀ ਇੱਕ ਉਦਾਹਰਨ ਦੇਣੀ ਚਾਹੁੰਦਾ ਹਾਂ । ਆਪਾਂ ਹੈਲਥ ਕੇਅਰ ਨੂੰ ਇੰਪਰੂਵ ਕਰਨ ਦੀ ਗੱਲ ਕਰਦੇ ਹਾਂ । ਆਪਾਂ ਦੇਖਦੇ ਹਾਂ ਕਿ ਕਿਹੜੇ ਕਿਹੜੇ ਮੁਲਕਾਂ ਵਿੱਚ ਹੈਲਥ ਕੇਅਰ ਬਹੁਤ ਚੰਗਾ ਹੈ। ਸਭ ਤੋਂ ਵਧੀਆ ਹੈਲਥ ਕੇਅਰ ਡੈਨਮਾਰਕ ਦਾ ਹੈ, ਉਸ ਤੋਂ ਬਾਅਦ ਸਵੀਡਨ ਤੇ ਫਿਰ ਕੈਨੇਡਾ। ਇਨ੍ਹਾਂ ਤਿੰਨੋਂ ਵਿੱਚੋਂ ਮੈਨੂੰ ਦੋ ਦਾ ਹੈਲਥ ਕੇਅਰ ਬਹੁਤ ਨਜ਼ਦੀਕ ਤੋਂ ਵੇਖਣ ਦਾ ਮੌਕਾ ਮਿਲਿਆ। ਉਥੇ ਸਾਨੂੰ ਕੁਝ ਨਾ ਕੁਝ ਸਿੱਖਣ ਦੀ ਲੋੜ ਹੈ। ਡੈਨਮਾਰਕ ਵਿੱਚ ਦਸ ਫੀਸਦੀ ਜੀ.ਡੀ.ਪੀ. ਹੈਲਥ ਤੇ ਖਰਚ ਹੁੰਦਾ ਹੈ।ਅਸੀਂ ਹੈਲਥ ਕੇਅਰ ਇੰਪੂਰਵ ਕਰਨਾ ਚਾਹੁੰਦੇ ਹਾਂ ਪਰ ਪੈਸਾ ਨਹੀਂ ਖਰਚਣਾ ਚਾਹੁੰਦੇ। ਉਥੇ ਜਿਹੜੀਆਂ ਹੈਲਥ ਕੇਅਰ ਕਮਿਊਨਟੀਜ਼ ਹਨ, ਉਨ੍ਹਾਂ ਨੂੰ ਲੋਕਲ ਮਿਊਂਸਪੈਲਟੀਜ਼ ਲੁੱਕ ਆਫਟਰ ਕਰਦੀਆਂ ਹਨ । ਸੋ, ਸਾਨੂੰ ਇਹ ਢਾਂਚਾ ਬਦਲਣਾ ਪਵੇਗਾ। ਇਸੇ ਤਰ੍ਹਾਂ ਸਵੀਡਨ ਵਿੱਚ ਵੀ ਮਿਊਂਸਪੈਲਟੀਜ਼ ਹਨ, ਜਿੱਥੇ ਉਨ੍ਹਾਂ ਨੂੰ ਕਮਿਊਨਜ਼ ਕਹਿੰਦੇ ਹਨ। ਉਹ ਵੀ ਹੈਲਥ ਟੈਕਸ ਲੈਂਦੇ ਹਨ। ਕੈਨੇਡਾ ਵਿੱਚ ਸਟੇਟ ਪ੍ਰੋਵਿਨਸ ਕਰਦੇ ਹਨ, ਜਿਸ ਤਰ੍ਹਾਂ ਕਿ ਪੰਜਾਬ ਸਟੇਟ ਵਿੱਚ ਹੈ ਪਰ ਉਥੇ ਟੈਕਸ ਦਸ ਪਰਸੈਂਟ ਲੱਗਦਾ ਹੈ, ਜੋ ਕਿ ਬਹੁਤ ਜ਼ਿਆਦਾ ਹੈ। ਸੋ, ਮੇਰਾ ਸੁਝਾਅ ਇਹ ਹੈ ਕਿ ਆਪਾਂ ਦੋ ਟੀਅਰ ਸਿਸਟਮ ਕਰੀਏ । ਜਿਹੜਾ ਤਾਂ ਪ੍ਰਾਇਮਰੀ ਹੈਲਥ ਕੇਅਰ ਹੈ ਜਿਹੜੇ ਕਿ ਵੈਲਨੈਸ ਕਲੀਨਿਕ ਖੋਲ੍ਹੇ ਜਾ ਰਹੇ ਹਨ ਜਿਵੇਂ ਕਿ ਪੀ.ਐਚ.ਸੀ. ਅਤੇ ਸੀ.ਐਚ.ਸੀ., ਉਹ ਸਾਰੇ ਮਿਊਂਸਪੈਲਟੀਜ਼ ਦੇ ਥੱਲੇ ਕੰਮ ਕਰਨ so that ਉਹ ਲੋਕਾਂ ਨੂੰ accountable ਹੋਣ ਔਰ ਉਸ ਤੋਂ ਉੱਪਰ ਜਿਹੜਾ ਸੈਕੰਡਰੀ ਹੈਲਥ ਕੇਅਰ ਔਰ ਟਰਸ਼ਰੀ ਹੈਲਥ ਕੇਅਰ ਹੈ, ਉਹ ਅਸੀਂ ਸਟੇਟ ਗੌਰਮਿੰਟ ਦੇ ਹੇਠ ਕਰੀਏ। ਸਰਦਾਰ ਰਣਦੀਪ ਸਿੰਘ ਨੇ ਪੀ.ਪੀ.ਮਾਡਲ ਦੀ ਗੱਲ ਕੀਤੀ ਸੀ । ਮੈਡੀਕਲ ਸਹੂਲਤਾਂ ਵੀ ਇਸ ਪੀ.ਪੀ. ਸਿਸਟਮ ਵਿੱਚ ਲਾਗੂ ਕਰ ਦਿਓ।ਸਰਕਾਰੀ ਸਿਸਟਮ ਨੂੰ ਸਟਰੈਂਥਨ ਕਰਨ ਦੀ ਲੋੜ ਹੈ। ਇਹ ਤਾਂ ਹੀ ਹੋ ਸਕਦਾ ਹੈ, ਜੇਕਰ ਪ੍ਰਾਈਵੇਟ ਹਸਪਤਾਲਾਂ ਦੀ ਰੀਇੰਬਰਸਮੈਂਟ ਨੂੰ ਬੰਦ ਕਰ ਦੇਈਏ, ਭਾਵੇਂ ਇਹ ਜਿੰਨੀ ਵੀ ਹੋ ਰਹੀ ਹੈ। ਐਮ.ਐਲ.ਏਜ਼ ਅਤੇ ਮੰਤਰੀਆਂ ਦੀ ਵੀ ਹੋ ਰਹੀ ਹੈ ਪਰ ਇਹ ਸਾਰੀ ਬੰਦ ਕਰਕੇ ਸਰਕਾਰੀ ਹਸਪਤਾਲਾਂ ਦੀ ਇੰਬਰਸਮੈਂਟ ਹੋਣੀ ਚਾਹੀਦੀ ਹੈ। ਸਾਰੇ ਇਲਾਜ ਸਰਕਾਰੀ ਹਸਪਤਾਲਾਂ ਵਿੱਚ ਹੋਣੇ ਚਾਹੀਦੇ ਹਨ, ਅਸੀਂ ਬਾਹਰ ਕਿਉਂ ਜਾਈਏ। ਜੇਕਰ ਸਾਡਾ ਇਲਾਜ ਆਪਣੇ ਸਰਕਾਰੀ ਹਸਪਤਾਲਾਂ ਵਿੱਚ ਹੋਵੇਗਾ ਤਾਂ ਅਸੀਂ ਫੋਰਟਿਸ ਅਤੇ ਹੋਰ ਪ੍ਰਾਈਵੇਟ ਹਸਪਤਾਲਾਂ ਵਿੱਚ ਨਹੀਂ ਜਾਵਾਂਗੇ।ਧੰਨਵਾਦ ਜੀ।

**ਡਾਕਟਰ ਹਰਜੋਤ ਕਮਲ ਸਿੰਘ (ਮੋਗਾ) :** ਸਪੀਕਰ ਸਾਹਿਬ, ਪਹਿਲਾਂ ਤਾਂ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ । ਮੈਨੂੰ ਤਾਂ ਲੱਗਦਾ ਸੀ ਕਿ ਇਸ ਵਾਰੀ ਵੀ ਸੈਸ਼ਨ ਵਿੱਚੋਂ ਸੁੱਚੇ ਮੂੰਹ ਹੀ ਜਾਣਾ ਪਵੇਗਾ । ਮੈਂ ਬਿਲਕੁਲ ਤੁਹਾਡੇ ਸਾਹਮਣੇ ਬੈਠਾ ਹਾਂ । ਮੈਨੂੰ ਤਾਂ ਲੱਗਦਾ ਸੀ ਕਿ ਇਸ ਵਾਰ ਇਸ ਦਾ ਫਾਇਦਾ ਹੋਵੇਗਾ ਪਰ ਪਤਾ ਨਹੀਂ ਉਹ ਲਾਈਟ ਜ਼ਿਆਦਾ ਤੇਜ਼ ਹੈ, ਜੋ ਤੁਹਾਡੀ ਨਜ਼ਰ ਮੇਰੇ ਤੱਕ ਪਹੁੰਚਣ ਨਹੀਂ ਦਿੰਦੀ । ਸੋ, ਮੈਂ ਅੱਜ ਤੁਹਾਡਾ ਧੰਨਵਾਦੀ ਹਾਂ ਕਿ ਅੱਜ ਮੇਰਾ ਪ੍ਰਸ਼ਨ ਵੀ ਲਗਾ ਦਿੱਤਾ ਹੈ ਅਤੇ ਮੈਨੂੰ ਬੋਲਣ ਦਾ ਵੀ ਮੌਕਾ ਦਿੱਤਾ ਹੈ। ਇਹ ਮੇਰਾ ਪ੍ਰੋਫੈਸ਼ਨ ਹੈ, being a doctor. ਮੈਂ ਸਮਝਦਾ ਹਾਂ ਕਿ ਜਿੱਥੇ ਪੰਜਾਬ ਸਰਕਾਰ ਨੇ ਇਹ ਗੱਲ ਮੰਨੀ ਸੀ ਕਿ ਪੰਜਾਬ ਵਿੱਚ ਉਨ੍ਹਾਂ ਨੇ ਦੋ ਚੀਜ਼ਾਂ

ਨੂੰ priority ਤੇ ਲੈਣਾ ਹੈ ਅਤੇ ਜਿਸ ਤਰ੍ਹਾਂ ਮਤਾ ਪੇਸ਼ ਕਰਨ ਵਾਲੇ ਸਾਡੇ ਸਤਿਕਾਰਯੋਗ ਮੈਂਬਰ ਸਾਡੇ ਸਰਦਾਰ ਰਣਦੀਪ ਸਿੰਘ ਜੀ ਨਾਭਾ ਸਾਹਿਬ ਨੇ ਵੀ ਕਿਹਾ ਹੈ ਕਿ ਐਜੂਕੇਸ਼ਨ ਮਨਿਸਟਰ ਅਤੇ ਹੈਲਥ ਮਨਿਸਟਰ ਸਾਡੇ ਸਾਹਮਣੇ ਬੈਠੇ ਹਨ, ਉਹ ਰੋਜ਼ ਦੀ ਰੋਜ਼ ਕੋਈ ਨਾ ਕੋਈ ਨਵੇਂ ਤਜਰਬੇ ਕਰਦੇ ਰਹਿੰਦੇ ਹਨ । ਜਿਸ ਤਰ੍ਹਾਂ ਕਿ ਪਿਛਲੇ ਦਿਨੀਂ ਇੱਥੇ ਕਿਹਾ ਗਿਆ ਕਿ ਆਂਗਨਵਾੜੀ ਦੇ ਬੱਚਿਆਂ ਨੂੰ ਸਕੂਲਾਂ ਵਿੱਚ ਸ਼ਿਫਟ ਕਰਨ ਲਈ ਪੂਰੀਆਂ ਬਿਲਡਿੰਗਾਂ ਨਹੀਂ ਹਨ, ਪਰ ਮੈਂ ਸਮਝਦਾ ਹਾਂ ਕਿ ਜਦੋਂ ਢਾਈ ਸਾਲਾਂ ਦਾ ਬੱਚਾ ਪ੍ਰਾਈਵੇਟ ਸਕੂਲ ਵਿੱਚ ਚਲਾ ਜਾਂਦਾ ਹੈ ਤਾਂ ਉਹ ਛੇਆਂ ਸਾਲਾਂ ਦਾ ਹੋ ਕੇ ਸਰਕਾਰੀ ਸਕੂਲ ਵਿੱਚ ਮੁੜਦਾ ਨਹੀਂ । ਇਸ ਕਰਕੇ ਇਹ ਸਰਕਾਰੀ ਸਕੂਲਾਂ ਨੂੰ ਇਨ੍ਹਾਂ ਦੀ ਬਹੁਤ ਵੱਡੀ ਦੇਣ ਹੋਵੇਗੀ । ਸੋ, ਅੱਜ ਜਿਹੜਾ ਮਤਾ ਹੈਲਥ ਉੱਤੇ ਲਿਆਂਦਾ ਗਿਆ ਹੈ, ਸਭ ਤੋਂ ਪਹਿਲਾਂ ਤਾਂ ਮੈਂ, ਪੰਜਾਬ ਸਰਕਾਰ ਦਾ ਇਸ ਗੱਲੋਂ ਧੰਨਵਾਦ ਕਰਦਾ ਹਾਂ ਕਿ ਕੈਪਟਨ ਅਮਰਿੰਦਰ ਸਿੰਘ ਜੀ ਨੇ ਸਾਨੂੰ ਹੈਲਥ ਦੇ ਬਹੁਤ ਹੀ ਯੋਗ ਮਨਿਸਟਰ ਦਿੱਤੇ ਹਨ ਅਤੇ ਉਹ ਆਪਣੀ ਮਿਹਨਤ ਦੁਆਰਾ ਹੈਲਥ ਸਿਸਟਮ ਨੂੰ ਡੇਲੀ ਇੰਪਰੂਵ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਮੈਂ ਸਮਝਦਾ ਹਾਂ ਕਿ ਇਹ ਇੱਕ ਅਜਿਹਾ ਕੰਮ ਹੈ ਜਿਸ ਨੂੰ ਰੋਜ਼ਮਰ੍ਹਾ ਵਿੱਚ ਜਿੰਨਾ ਮਰਜ਼ੀ ਸੁਧਾਰ ਕਰੀ ਜਾਈਏ ਤਾਂ ਵੀ ਥੋੜ੍ਹਾ ਹੈ ਕਿਉਂਕਿ ਜਿਸ ਤਰ੍ਹਾਂ ਬਿਮਾਰੀਆਂ ਵੱਧ ਰਹੀਆਂ ਹਨ, ਉਸ ਤੇ ਰੋਜ਼ ਯਤਨ ਹੋਣੇ ਜ਼ਰੂਰੀ ਹਨ। ਜਦੋਂ ਕੈਪਟਨ ਸਾਹਿਬ ਪਹਿਲੇ ਸੈਸ਼ਨ ਦੌਰਾਨ ਬੋਲੇ ਸੀ, ਉਨ੍ਹਾਂ ਨੇ ਬੜੀ ਵਧੀਆ ਅੰਗਰੇਜ਼ੀ ਦੀ ਕਵਿਤਾ ਦੀਆਂ ਲਾਈਨਾਂ ਬੋਲੀਆਂ ਸਨ

" The woods are lovely, dark and deep
But I have promises to keep and
miles to go before I sleep."

ਸੋ, ਮੈਨੂੰ ਲੱਗਦਾ ਹੈ ਕਿ ਲਗਾਤਾਰ ਯਤਨ ਹੋਣੇ ਬਹੁਤ ਜ਼ਰੂਰੀ ਹਨ। ਸਪੀਕਰ ਸਾਹਿਬ, ਇਸ ਸਮੇਂ ਵੱਧ ਰਹੇ ਰੋਡ ਐਕਸੀਡੈਂਟਸ ਅਤੇ ਐਮਰਜੈਂਸੀਜ਼ ਨੂੰ ਟੈਕਲ ਕਰਨਾ ਬਹੁਤ ਔਖਾ ਹੋਇਆ ਪਿਆ ਸੀ। ਮੈਂ ਸਭ ਤੋਂ ਪਹਿਲਾਂ ਸਿਹਤ ਮੰਤਰੀ ਜੀ ਨੂੰ ਇਸ ਗੱਲ ਦੀ ਮੁਬਾਰਕਬਾਦ ਦਿੰਦਾ ਹਾਂ ਜਿਹੜੇ ਇੱਕ ਬਹੁਤ ਵੱਡਾ ਪ੍ਰਾਜੈਕਟ ਲੈ ਕੇ ਆਏ ਹਨ । ਪੰਜਾਬ ਵਿੱਚ ਇਹ ਜੀ.ਟੀ. ਰੋਡ ਉੱਤੇ ਟਰੋਮਾ ਸੈਂਟਰ ਖੋਲ੍ਹਣ ਜਾ ਰਹੇ ਹਨ । ਮੈਂ ਇਨ੍ਹਾਂ ਦਾ ਧੰਨਵਾਦੀ ਵੀ ਹਾਂ ਕਿਉਂਕਿ ਇਨ੍ਹਾਂ ਨੇ ਮੇਰੇ ਹਲਕੇ ਮੋਗੇ ਨੂੰ ਵੀ ਇੱਕ ਟਰੋਮਾ ਸੈਂਟਰ ਦਿੱਤਾ ਹੈ। ਬਹੁਤ ਸਾਰੀਆਂ ਮੌਤਾਂ, ਐਮਰਜੈਂਸੀਜ਼ ਸੇਵਾਵਾਂ ਦੀ ਅਣਹੋਂਦ ਕਰਕੇ ਹੋ ਜਾਂਦੀਆਂ ਹਨ ਅਤੇ ਪੁਰਾਣੇ ਹਸਪਤਾਲ ਸ਼ਹਿਰਾਂ ਦੇ ਅੰਦਰ ਜਾ ਕੇ ਬਣੇ ਹੋਣ ਕਰਕੇ, ਉੱਥੇ ਤੱਕ ਪਹੁੰਚਣ ਤੋਂ ਪਹਿਲਾਂ ਹੀ ਕਈ ਵਾਰੀ ਮੌਤ ਹੋ ਜਾਂਦੀ ਸੀ। ਸੋ, ਇਨ੍ਹਾਂ ਨੇ ਇਹ ਬਹੁਤ ਵੱਡਾ ਕਾਰਜ ਕੀਤਾ ਹੈ। ਜਿਹੜੀਆਂ ਐਮਰਜੈਂਸੀਜ਼ ਸੇਵਾਵਾਂ ਹਨ, ਉਹ ਮੈਂ ਦੇਖਿਆ ਹੈ ਕਿ 300 ਜਾਂ 300 ਬੈੱਡ ਦੇ ਉੱਪਰਲੇ ਹਸਪਤਾਲ ਜਿੱਥੇ ਜਿੱਥੇ ਸ਼ਹਿਰਾਂ ਵਿੱਚ ਹਨ ਉੱਥੇ ਇਨ੍ਹਾਂ ਨੇ ਬਹੁਤ ਵਧੀਆ ਐਮਰਜੈਂਸੀਜ਼ ਸੇਵਾਵਾਂ ਜਾਂ ਵੱਡੇ ਟਰੋਮਾ ਸੈਂਟਰਜ਼ ਦਿੱਤੇ ਹਨ ਜੋ ਉੱਥੇ ਸਾਰਾ ਕੁਝ ਹੀ fully equipped ਹੈ। ਬਾਕੀ ਜਿੱਥੇ ਮੇਰੇ ਮੋਗਾ ਵਰਗੇ ਸ਼ਹਿਰ ਵਿੱਚ 100 ਬੈੱਡ ਦਾ ਹਸਪਤਾਲ ਹੈ, ਉੱਥੇ ਵੀ ਇਨ੍ਹਾਂ ਨੇ ਕਾਫੀ ਅੱਛਾ ਟਰੋਮਾ ਸੈਂਟਰ ਦਿੱਤਾ ਹੈ। ਮੈਨੂੰ ਲੱਗਦਾ ਹੈ ਕਿ ਜੀ.ਟੀ.ਰੋਡ ਉੱਤੇ ਹੋਣ ਵਾਲੇ ਐਕਸੀਡੈਂਟਾਂ ਨਾਲ ਹੋਣ ਵਾਲੀਆਂ ਮੌਤਾਂ ਦਾ ਘਟਣਾ, ਇਨ੍ਹਾਂ ਸਹੂਲਤਾਂ ਨਾਲ ਕਾਫੀ ਫਰਕ ਪਵੇਗਾ। ਸੋ, ਦੂਜੀ ਗੱਲ ਇੱਥੇ ਮੇਰੇ ਤੋਂ ਪਹਿਲਾਂ ਇਹ ਵੀ ਆਈ ਹੈ ਕਿ ਡਾਕਟਰਜ਼ ਆਪਣੀ ਡਿਊਟੀ ਨਹੀਂ ਕਰਦੇ। ਮੈਂ ਸਮਝਦਾ ਹਾਂ ਕਿ ਜਿੰਨੀ ਵਧੀਆ ਡਿਊਟੀ ਇੱਕ ਡਾਕਟਰ ਕਰਦਾ ਹੈ ਜਾਂ ਇੱਕ ਟੀਚਰ ਕਰਦਾ ਹੈ, ਕੋਈ ਨਹੀਂ ਕਰ ਸਕਦਾ । ਉਹ ਆਪ ਹੀ ਸਮਝਦੇ ਹੁੰਦੇ ਹਨ ਕਿ ਜਿਹੜੀ ਉਨ੍ਹਾਂ ਦੀ ਡਿਊਟੀ ਹੈ, ਉਹ ਪ੍ਰਮਾਤਮਾ ਨੇ ਲਗਾ ਕੇ ਭੇਜੀ ਹੈ, ਮਰੀਜ਼ਾਂ ਦੀ ਦੇਖ-ਰੇਖ ਕਰਨੀ ਅਤੇ ਬੱਚਿਆਂ ਨੂੰ ਪੜ੍ਹਾਉਣਾ ਪਰ ਜਿੱਥੇ ਅਸੀਂ ਉਨ੍ਹਾਂ ਤੋਂ ਕੰਮ ਹੀ ਹੋਰ ਹੋਰ ਲੈ ਲੈਂਦੇ ਹਾਂ ਉੱਥੇ ਕਈ ਵਾਰੀ ਇਸ ਤਰ੍ਹਾਂ ਅਣਗਹਿਲੀ ਵੀ ਹੋ ਜਾਂਦੀ ਹੈ । ਹੈਲਥ ਮਨਿਸਟਰ ਸਾਹਿਬ ਨੇ ਇੱਕ ਬਹੁਤ ਵੱਡਾ ਫੈਸਲਾ ਕੀਤਾ ਹੈ ਕਿ ਜਿਹੜੇ ਡਾਕਟਰਜ਼ ਹਨ, ਉਨ੍ਹਾਂ ਨੂੰ ਪਹਿਲਾਂ ਕੋਰਟ ਵਿੱਚ ਗਵਾਹੀ ਦੇਣ ਲਈ ਵੀ ਕਈ ਵਾਰ ਜਾਣਾ ਪੈਂਦਾ ਸੀ। ਹੁਣ ਡਾਕਟਰਜ਼ ਦੀ ਗਵਾਹੀ ਆਨ-ਲਾਈਨ ਹੋਵੇਗੀ। ਜਦੋਂ ਡਾਕਟਰਾਂ ਨੂੰ ਕੋਰਟ ਵਿਚ ਜਾ ਕੇ ਗਵਾਹੀ ਦੇਣ ਜਾਣਾ ਪੈਂਦਾ ਸੀ

[ਡਾਕਟਰ ਹਰਜੋਤ ਕਮਲ ਸਿੰਘ]

ਤਾਂ ਰੋਜ਼ 100-100 OPD ਦੇ patients ਪਰੇਸ਼ਾਨ ਹੁੰਦੇ ਸਨ । ਮੈਂ ਇਸ ਗੱਲ ਲਈ ਵੀ ਉਨ੍ਹਾਂ ਦਾ ਸਵਾਗਤ ਕਰਦਾ ਹਾਂ ਕਿ ਇਹ ਉਨ੍ਹਾਂ ਨੇ ਬਹੁਤ ਅੱਛਾ ਫੈਸਲਾ ਲਿਆ ਹੈ। ਜਿੱਥੇ ਸਾਡੇ ਮੁੱਖ ਮੰਤਰੀ ਸਾਹਿਬ ਨੇ De-addiction ਦੀ ਗੱਲ ਕੀਤੀ ਹੈ ਅਤੇ ਅਸੀਂ ਸਭ ਨੇ ਇਸ ਗੱਲ ਦਾ ਤਹੱਈਆ ਕੀਤਾ ਸੀ ਕਿ ਅਸੀਂ ਪੰਜਾਬ ਵਿਚੋਂ ਡਰੱਗਜ਼ ਐਡਿਕਸ਼ਨ ਨੂੰ ਖਤਮ ਕਰਨਾ ਹੈ। ਕੱਲ੍ਹ 23 ਮਾਰਚ ਨੂੰ ਸ਼ਹੀਦ ਭਗਤ ਸਿੰਘ ਜੀ ਦੇ ਸ਼ਹੀਦੀ ਦਿਵਸ ਤੇ ਬਹੁਤ ਵੱਡੇ ਪੱਧਰ ਤੇ ਮਾਨਯੋਗ ਮੁੱਖ ਮੰਤਰੀ ਜੀ ਸਾਡੇ ਨੌਜਵਾਨਾਂ ਨੂੰ ਸਹੁੰ ਚੁਕਾਉਣ ਲਈ ਜਾ ਰਹੇ ਹਨ ਅਤੇ ਇਹ ਉਨ੍ਹਾਂ ਨੇ ਡਿਸਟ੍ਰਿਕਟ ਲੈਵਲ ਤੇ ਵੀ ਕੀਤਾ ਹੈ ਕਿ ਡਿਸਟ੍ਰਿਕਟ ਲੈਵਲ ਉੱਤੇ ਵੀ ਆਪਣੇ ਆਪਣੇ ਇਲਾਕੇ ਦੇ ਨੌਜਵਾਨਾਂ ਨੂੰ ਵੀ ਸਹੁੰ ਚੁਕਾਈ ਜਾਵੇ, ਅਫਸਰ ਸਾਹਿਬਾਨ ਨੂੰ ਵੀ ਸਹੁੰ ਚੁਕਾਈ ਜਾਵੇ ਤਾਂ ਕਿ ਉਹ ਆਪਣਾ ਦਾਇਤਵ ਸਮਝਣ ਕਿ ਪੰਜਾਬ ਵਿਚੋਂ ਕਿਸ ਤਰ੍ਹਾਂ ਅਸੀਂ ਡਰੱਗਜ਼ ਨੂੰ ਖਤਮ ਕਰਨਾ ਹੈ। ਸੋ, ਮੈਂ ਇਸ ਗੱਲ ਲਈ ਵੀ ਹੈਲਥ ਮਨਿਸਟਰ ਸਾਹਿਬ ਦਾ ਧੰਨਵਾਦੀ ਹਾਂ ਕਿ ਮੇਰੇ ਸ਼ਹਿਰ ਮੋਗੇ ਵਿੱਚ ਖਾਸ ਤੌਰ ਤੇ ਅਤੇ 2 ਹੋਰ ਸ਼ਹਿਰਾਂ ਅੰਮ੍ਰਿਤਸਰ ਅਤੇ ਤਰਨਤਾਰਨ ਵਿੱਚ ਉਨ੍ਹਾਂ ਨੇ OOAT (Out Patient Opioid Assisted Treatment) ਦੇ ਨਾਮ ਨਾਲ ਡਰੱਗਜ਼ ਡੀਐਡਿਕਸ਼ਨ ਸੈਂਟਰ ਸਥਾਪਿਤ ਕੀਤੇ ਹਨ । ਜਿੱਥੇ ਪਹਿਲਾਂ ਜਿਹੜੇ ਡਰੱਗ ਡੀਐਡਿਕਸ਼ਨ ਸੈਂਟਰ ਹੁੰਦੇ ਸੀ ਉੱਥੇ ਮਰੀਜ਼ ਨੂੰ ਦਾਖਲ ਕਰਵਾਉਣਾ ਪੈਂਦਾ ਸੀ। ਬਹੁਤ ਸਾਰੇ ਲੋਕ ਜਿਹੜੇ ਘਰੋਂ ਜਾਂ ਪੰਜਾਬ ਤੋਂ ਚੋਰੀ ਨਸ਼ਾ ਲੈਂਦੇ ਸਨ ਜਾਂ ਥੋੜ੍ਹੀ ਮਾਤਰਾ ਵਿਚ ਨਸ਼ਾ ਲੈਂਦੇ ਸਨ, ਉਹ ਡਰੱਗ ਡੀਐਡਿਕਸ਼ਨ ਸੈਂਟਰਾਂ ਵਿਚ ਜਾਣ ਤੋਂ ਗੁਰੇਜ਼ ਕਰਦੇ ਸਨ ਕਿ ਜੇ ਮੈਂ ਉੱਥੇ ਗਿਆ ਤਾਂ ਸਮਾਜ ਨੂੰ ਜਾਂ ਘਰਦਿਆਂ ਨੂੰ ਪਤਾ ਲੱਗ ਜਾਵੇਗਾ ਕਿ ਮੈਂ ਨਸ਼ਾ ਕਰਦਾ ਹਾਂ। ਸੋ, ਇਹ ਬਹੁਤ ਵੱਡਾ ਉਪਰਾਲਾ ਹੈ ਕਿ ਬੰਦਿਆਂ ਨੂੰ ਦਾਖਲ ਹੋਣ ਦੀ ਹੀ ਲੋੜ ਨਹੀਂ ਹੈ। ਜਿਹੜੇ ਥੋੜ੍ਹਾ ਨਸ਼ਾ ਲੈਂਦੇ ਸੀ ਜਾਂ ਚੋਰੀ ਨਸ਼ਾ ਲੈਂਦੇ ਸੀ, ਉਹ ਉੱਥੇ ਜਾਣ ਅਤੇ ਦਵਾਈ ਲੈ ਕੇ ਵਾਪਸ ਆ ਜਾਣ। ਸੋ, ਇਸ ਵਿੱਚ ਇੱਕ ਸੁਧਾਰ ਕਰਨ ਦੀ ਲੋੜ ਹੈ ਕਿ ਜਦੋਂ ਕੋਈ ਮਰੀਜ਼ ਆਪ ਤਹੱਈਆ ਕਰਕੇ ਉੱਥੇ ਪਹੁੰਚ ਰਿਹਾ ਹੈ ਤਾਂ ਉਸ ਨੂੰ ਰੋਜ਼ ਰੋਜ਼ ਜਾਣ ਦੀ ਬਜਾਏ ਜੇਕਰ ਉਸ ਨੂੰ 2 ਜਾਂ 3 ਦਿਨ ਦੀ ਦਵਾਈ ਇਕੱਠੀ ਹੀ ਦਿੱਤੀ ਜਾਵੇ ਤਾਂ ਉਸ ਦਾ ਰੋਜ਼ਮਰ੍ਹਾ ਦਾ ਜੋ ਟਾਈਮ ਖਰਾਬ ਹੁੰਦਾ ਹੈ, ਉਹ ਬਚ ਜਾਵੇਗਾ ਪਰ ਕੁਝ ਕੁ ਸਮੇਂ ਲਈ ਇਹ ਇਸ ਤਰ੍ਹਾਂ ਹੀ ਰੱਖਣਾ ਪੈਣਾ ਹੈ ਕਿਉਂਕਿ ਜੇਕਰ ਮਰੀਜ਼ ਪਹਿਲੇ ਦਿਨਾਂ ਵਿੱਚ ਹੀ 2 ਜਾਂ 3 ਦਿਨ ਦੀ ਇਕੱਠੀ ਦਵਾਈ ਲੈ ਜਾਂਦਾ ਹੈ ਤਾਂ ਉਹ ਵੱਧ ਨਸ਼ਾ ਵੀ ਕਰਨ ਲੱਗ ਜਾਂਦੇ ਹਨ। ਸੋ, ਪੰਜਾਬ ਵਿੱਚ ਅੱਜ ਜਿਹੜੀਆਂ ਹੈਲਥ ਸਰਵਿਸਿਜ਼ ਹਨ ਬੇਸ਼ਕ ਉਹ up to the mark ਨਹੀਂ ਹਨ ਪਰ ਜਿਵੇਂ ਇਹ ਮਹਿਕਮਾ ਯਤਨਸ਼ੀਲ ਹੈ ਤਾਂ ਮੈਨੂੰ ਲੱਗਦਾ ਹੈ ਕਿ ਆਉਣ ਵਾਲੇ ਸਮੇਂ ਵਿਚ ਜ਼ਰੂਰ ਕਿਸੇ ਨਾ ਕਿਸੇ ਮੁਕਾਮ ਤੱਕ ਪਹੁੰਚ ਜਾਵੇਗਾ। ਸੋ, ਮੈਂ ਸਮਝਦਾ ਹਾਂ ਕਿ ਪੰਜਾਬ ਵਿੱਚ NRHM ਸਕੀਮ ਅਧੀਨ ਟੈਸਟਾਂ ਵਿੱਚ 50% ਰਿਆਇਤ ਅਤੇ ਕੁਝ ਯੂਜ਼ਰ ਚਾਰਜ਼ਿਜ਼ ਭਾਵ ਪਰਚੀ ਫੀਸ ਵਿਚੋਂ ਲੈ ਕੇ ਲੋਕਾਂ ਨੂੰ ਬੜੀ ਰਾਹਤ ਦਿੱਤੀ ਹੈ । ਹੁਣ ਟੈਸਟ ਬਜ਼ਾਰ ਨਾਲੋਂ ਮਾਮੂਲੀ ਕੀਮਤ ਤੇ ਹੋ ਰਹੇ ਹਨ। ਇੱਥੇ ਮੈਂ ਇੱਕ ਹੋਰ ਸੁਝਾਅ ਦੇਣਾ ਚਾਹੁੰਦਾ ਹਾਂ ਕਿ ਯੂਜ਼ਰ ਚਾਰਜ਼ਿਜ਼ ਜਾਂ ਪਰਚੀ ਫੀਸ ਜੋ ਹੁੰਦੀ ਹੈ ਉਸ ਨੂੰ ਕਿਤੇ ਹੋਰ ਯੂਜ਼ ਕੀਤਾ ਜਾ ਸਕਦਾ ਹੈ। ਸਾਡੇ ਮਾਨਯੋਗ ਮੰਤਰੀ ਜੀ ਬੈਠੇ ਹਨ । ਮੈਨੂੰ ਲੱਗਦਾ ਹੈ ਕਿ NRHM ਵਿੱਚ ਕਾਫੀ ਫੰਡਜ਼ ਪਏ ਹਨ। ਜੇ ਇਹ ਮੁਨਾਸਿਬ ਸਮਝਣ ਤਾਂ ਟੈਸਟਾਂ ਲਈ ਉਧਰੋਂ ਸਾਰੇ ਪੈਸੇ ਲਗਾ ਦਿਆ ਕਰਨ । 50% ਮਰੀਜ਼ ਦੀ ਪਰਚੀ ਫੀਸ ਵਿੱਚ ਜਿਹੜੇ ਪਾਉਣੇ ਹਨ, ਉਹ ਫਰੀ ਕਰ ਦੇਣ ਤਾਂ ਜੋ ਇਹ ਪਰਚੀ ਫੀਸ ਨੂੰ ਕਿਤੇ ਹੋਰ ਵਰਤ ਲਈਏ । ਡਾਇਲਿਸਿਸ ਦਾ ਇਨ੍ਹਾਂ ਨੇ ਬਹੁਤ ਵੱਡਾ ਫੈਸਲਾ ਕੀਤਾ ਹੈ । ਡਾਇਲਿਸਿਸ ਡਿਸਟ੍ਰਿਕਟ ਲੈਵਲ ਤੇ ਅਤੇ ਕੁਝ ਜਗ੍ਹਾ ਤੇ ਸਬ ਡਵੀਜ਼ਨ ਲੈਵਲ ਤੇ ਵੀ ਮਸ਼ੀਨਾਂ ਲਗਾ ਕੇ ਫਰੀ ਡਾਇਲਿਸਿਸ ਦਾ ਪ੍ਰਬੰਧ ਕੀਤਾ ਹੈ। ਇਹ ਬਹੁਤ ਵੱਡੀ ਲੋੜ ਹੈ ਕਿਉਂਕਿ ਪੰਜਾਬ ਵਿੱਚ ਜ਼ਹਿਰਾਂ ਦਾ ਕਹਿਰ ਫੈਲ ਰਿਹਾ ਹੈ ਅਤੇ ਪੈਸਟੀਸਾਈਡ ਵਰਤ ਕੇ ਫਸਲਾਂ ਤੋਂ ਆਮਦਨ ਵਧਾਉਣ ਵਾਸਤੇ ਕਹਿਰ ਮਚਾਇਆ ਪਿਆ ਹੈ ਜੋ ਗੁਰਦਿਆਂ ਉਪਰ, ਗਲੈਂਡਸ ਉਪਰ ਅਤੇ ਸਿਹਤ ਉਪਰ ਮਾਰੂ ਅਸਰ ਪਾ ਰਹੇ ਹਨ । ਅੱਜ ਡਾਇਬਟੀਜ਼ ਤੇ ਗੁਰਦਿਆਂ ਦੀਆਂ

ਬਿਮਾਰੀਆਂ ਹੋ ਰਹੀਆਂ ਹਨ, ਅੱਖਾਂ ਦੇ ਰੈਟੀਨੇ ਤੇ ਅਸਰ ਹੋ ਰਿਹਾ ਹੈ । ਜਿੱਥੇ ਗੁਰਦਿਆਂ ਦੇ ਇਲਾਜ ਦਾ ਖਰਚਾ ਬਹੁਤ ਵੱਧ ਗਿਆ ਸੀ, ਡਾਇਲਿਸਿਸ ਦੇ ਇਲਾਜ ਦਾ ਖਰਚਾ ਬਹੁਤ ਵੱਧ ਗਿਆ ਸੀ, ਮੈਂ ਮੰਤਰੀ ਸਾਹਿਬ ਅਤੇ ਸਰਕਾਰ ਦੀ ਇਸ ਗੱਲੋਂ ਸ਼ਲਾਘਾ ਕਰਦਾ ਹਾਂ ਕਿ ਇਨ੍ਹਾਂ ਨੇ ਡਾਇਲਿਸਿਸ ਦੀਆਂ ਮਸ਼ੀਨਾਂ ਲਗਾ ਕੇ ਫਰੀ ਡਾਇਲਿਸਿਸ ਮੁਹੱਈਆ ਕਰਵਾਇਆ ਹੈ। ਇੱਕ ਡਾਇਲਿਸਿਸ ਕਰਵਾਉਣ ਤੇ ਇੱਕ ਵਾਰੀ ਵਿੱਚ ਹਜ਼ਾਰ ਰੁਪਏ ਦੇ ਕਰੀਬ ਖਰਚਾ ਆ ਜਾਂਦਾ ਹੈ। ਪਹਿਲਾਂ ਉਥੇ ਥੋੜ੍ਹੀ ਜਿਹੀ ਰਿਆਇਤ ਦਿੱਤੀ ਜਾਂਦੀ ਸੀ, 700/- ਰੁਪਿਆ ਲਿਆ ਜਾਂਦਾ ਸੀ। ਅੱਜ ਇਨ੍ਹਾਂ ਨੇ ਫਰੀ ਕਰ ਦਿੱਤਾ ਹੈ ਤੇ ਯੂਜ਼ਰ ਚਾਰਜ਼ਿਜ਼ ਵਿੱਚੋਂ ਲਿਆ ਜਾਂਦਾ ਹੈ । ਸੋ, ਮੈਂ ਇਨ੍ਹਾਂ ਨੂੰ ਇਸ ਗੱਲ ਦੀ ਵਧਾਈ ਵੀ ਦਿੰਦਾ ਹਾਂ ਅਤੇ ਅਰਦਾਸ ਵੀ ਕਰਦਾ ਹਾਂ ਕਿ ਪਰਮਾਤਮਾ ਇਹੋ ਜਿਹੀਆਂ ਮਰਜ਼ਾਂ ਨਾ ਹੀ ਲਗਾਵੇ ਅਤੇ ਆਪਣੇ ਲੋਕ ਵਾਪਸ ਉਥੇ ਆਉਣ ਜਿਹੜੀ ਅਸੀਂ ਕੁਦਰਤੀ ਖੇਤੀ ਦੀ ਗੱਲ ਕਰਦੇ ਹਾਂ, ਰਵਾਇਤੀ ਚੀਜ਼ਾਂ ਵੱਲ ਵਾਪਸ ਆ ਜਾਣ । ਮੈਂ ਇਸ ਦੇ ਨਾਲ ਨਾਲ ਇਨ੍ਹਾਂ ਦੀ ਜਿੱਥੇ ਸ਼ਲਾਘਾ ਕਰਨ ਤੋਂ ਨਹੀਂ ਰਹਿ ਸਕਦਾ ਉਥੇ ਬੜੀਆਂ ਸਾਰੀਆਂ ਇਹੋ ਜਿਹੀਆਂ ਦਵਾਈਆਂ ਹਨ ਜਿਨ੍ਹਾਂ ਵਾਸਤੇ ਇਨ੍ਹਾਂ ਨੇ ਸਸਤੇ ਡਰੱਗਜ਼ ਸਟੋਰ ਖੋਲ੍ਹੇ ਹਨ । ਮੈਂ ਮੰਤਰੀ ਜੀ ਨਾਲ ਗੱਲ ਕਰ ਰਿਹਾ ਸੀ ਅਤੇ ਇਨ੍ਹਾਂ ਨਾਲ ਜੈਨਰਿਕ ਦਵਾਈਆਂ ਦੀ ਗੱਲ ਚੱਲ ਰਹੀ ਸੀ। ਮਾਨਯੋਗ ਮੰਤਰੀ ਸਾਹਿਬ ਜੈਨਰਿਕ ਸਟੋਰ ਖੋਲ੍ਹਣ ਲਈ ਵਚਨਬੱਧ ਵੀ ਹਨ, ਕੋਸ਼ਿਸ਼ ਵੀ ਕਰ ਰਹੇ ਹਨ ਪਰ ਉਸ ਤੋਂ ਪਹਿਲਾਂ ਉਹ ਚਾਹੁੰਦੇ ਹਨ ਕਿ ਜੈਨਰਿਕ ਮੈਡੀਸਨ ਦੀ ਕੁਆਲਟੀ ਜ਼ਰੂਰ ਚੈਕ ਕਰ ਲਈ ਜਾਵੇ ਔਰ ਕੁਆਲਟੀ ਦੀ ਜਦੋਂ ਐਸ਼ਿਓਰੈਂਸ ਹੋ ਜਾਵੇ ਤਾਂ ਜੈਨਰਿਕ ਮੈਡੀਸਨ ਦੇ ਸਟੋਰ ਹਰੇਕ ਸਿਵਲ ਹਸਪਤਾਲ ਵਿੱਚ ਖੋਲ੍ਹੇ ਜਾਣਗੇ । ਐਚ.ਆਈ.ਵੀ. ਜਾਂ ਹੈਪੇਟਾਈਟਸ ਸੀ ਵਿੱਚ ਬੜੀ ਭਾਰੀ ਛੋਟ ਅਤੇ ਰਿਆਇਤੀ ਦਰਾਂ ਉਤੇ ਇਲਾਜ ਕੀਤਾ ਜਾ ਰਿਹਾ ਹੈ । ਮੈਂ ਸਮਝਦਾ ਹਾਂ ਕਿ ਹੋਰ ਜਿਹੜੀਆਂ ਚੀਜ਼ਾਂ ਹਨ, ਨਿੱਕੀਆਂ ਨਿੱਕੀਆਂ ਗੱਲਾਂ ਜਿਨ੍ਹਾਂ ਨੂੰ ਆਪਾਂ ਗੌਲਦੇ ਹੀ ਨਹੀਂ, ਡਾਇਬਟੀਜ਼ ਹੋ ਗਈ, ਹੈਪੇਟਾਈਟਸ ਹੋ ਗਿਆ, ਹਾਈਪਰਟੈਨਸ਼ਨ ਹੋ ਗਈ, ਉਨ੍ਹਾਂ ਵਾਸਤੇ ਵੀ ਇਨ੍ਹਾਂ ਨੇ ਪ੍ਰਬੰਧ ਕੀਤਾ ਹੈ ਕਿ ਇਸ ਨੂੰ ਰੁਟੀਨ ਵਿੱਚ ਮਾਨੀਟਰ ਕੀਤਾ ਜਾਵੇ, ਟੈਸਟ ਕੀਤੇ ਜਾਣ ਤੇ ਉਸ ਦਾ ਇਲਾਜ ਮੁਢਲੇ ਸਟੇਜ ਤੇ ਹੋ ਸਕੇ । ਕੈਂਸਰ ਵਰਗੀਆਂ ਬਿਮਾਰੀਆਂ ਦਾ ਇਲਾਜ ਵੀ ਮੁਢਲੀ ਸਟੇਜ ਤੇ ਹੋ ਸਕੇ ਤਾਂ ਜੋ ਉਸ ਦੇ ਵੱਡੀ ਪੱਧਰ ਤੇ ਹੋਣ ਤੋਂ ਪਹਿਲਾਂ ਪਹਿਲਾਂ ਹੀ ਰੋਕਿਆ ਜਾ ਸਕੇ । ਸੋ, ਮੈਂ ਸਮਝਦਾ ਹਾਂ ਕਿ ਜਿੱਥੇ ਇਨ੍ਹਾਂ ਦੀ ਇਹ ਜ਼ੁੰਮੇਵਾਰੀ ਬਣਦੀ ਹੈ ਤੇ ਉਹ ਇਸ ਜ਼ੁੰਮੇਵਾਰੀ ਨੂੰ ਬਹੁਤ ਵਧੀਆ ਤਰੀਕੇ ਨਾਲ ਨਿਭਾਅ ਰਹੇ ਹਨ ਤੇ ਬੜੇ ਵਧੀਆ ਤਰੀਕੇ ਨਾਲ ਮੈਡੀਸਨਜ਼ ਈ-ਔਸ਼ਧੀ ਰਾਹੀਂ ਆਨ ਲਾਈਨ ਕਰਕੇ ਜਾਂ ਡਰੱਗਜ਼ ਸਟੋਰ ਖੋਲ੍ਹ ਕੇ ਹੋਰ ਬੜੇ ਤਰੀਕੇ ਅਪਣਾ ਕੇ ਦੇ ਰਹੇ ਹਨ । ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਇੱਕ ਆਯੂਸ਼ ਨਾਂ ਦੀ ਸੰਸਥਾ ਸ਼ੁਰੂ ਕੀਤੀ ਹੈ । ਇਸ ਵਿੱਚ ਆਯੂਰਵੈਦਿਕ, ਯੋਗਾ, ਸਿੱਧਾ, ਨੈਚਰੋਪੈਥੀ, ਯੂਨਾਨੀ, ਹੋਮਿਓਪੈਥੀ, ਇਨ੍ਹਾਂ ਸਾਰਿਆਂ ਨੂੰ ਰਲਾ ਕੇ ਆਯੂਸ਼ ਨਾਂ ਦਾ ਡਿਪਾਰਟਮੈਂਟ ਬਣਾਇਆ ਗਿਆ ਹੈ । ਮੈਂ ਮੰਤਰੀ ਸਾਹਿਬ ਅਤੇ ਮੁੱਖ ਮੰਤਰੀ ਸਾਹਿਬ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦਾ ਹਾਂ ਕਿ ਆਯੂਸ਼ ਦੇ ਦੋ ਹਸਪਤਾਲ ਹਿੰਦੁਸਤਾਨ ਦੀ ਸਰਕਾਰ ਤੋਂ ਮਨਜ਼ੂਰ ਹੋਏ ਸਨ । ਇਨ੍ਹਾਂ ਨੇ ਬੜੀ ਜਦੋਜਹਿਦ ਕਰਕੇ ਪੰਜਾਬ ਵਿੱਚ ਖੋਲ੍ਹਣ ਦਾ ਬੀੜਾ ਚੁੱਕਿਆ ਸੀ । ਮੈਂ ਉਥੇ ਇਨ੍ਹਾਂ ਦਾ ਧੰਨਵਾਦ ਵੀ ਕਰਨਾ ਚਾਹੁੰਦਾ ਹਾਂ । (ਵਿਘਨ)

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ ।

**ਮਾਨਯੋਗ ਸਪੀਕਰ :** ਇੱਕ ਸੈਕਿੰਡ । (ਵਿਘਨ)

**ਡਾਕਟਰ ਹਰਜੋਤ ਕਮਲ ਸਿੰਘ :** ਸਪੀਕਰ ਸਾਹਿਬ, ਮੈਂ ਪਹਿਲਾਂ ਕਦੀ ਨਹੀਂ ਬੋਲਿਆ । ਕਿਰਪਾ ਕਰਕੇ ਇਹ ਬਾਅਦ ਵਿੱਚ ਬੋਲ ਲੈਣ । ਜ਼ਰੂਰੀ ਨਹੀਂ ਕਿ ਤੁਸੀਂ ਹਰ ਵਾਰ ਬੋਲੋ । (ਵਿਘਨ)

**ਮਾਨਯੋਗ ਸਪੀਕਰ :** ਇਹ ਪਹਿਲੀ ਵਾਰ ਬੋਲ ਰਹੇ ਹਨ । (ਵਿਘਨ)

**ਡਾਕਟਰ ਹਰਜੋਤ ਕਮਲ ਸਿੰਘ :** ਪਲੀਜ਼, ਮੈਨੂੰ ਬੋਲ ਲੈਣ ਦਿਓ ਜੀ । ਮੈਂ ਕਹਿਣਾ ਚਾਹੁੰਦਾ ਹਾਂ, ਧੰਨਵਾਦ ਵੀ ਕਰਨਾ ਚਾਹੁੰਦਾ ਹਾਂ, ਮੰਤਰੀ ਸਾਹਿਬ ਅਤੇ ਪੰਜਾਬ ਸਰਕਾਰ ਦਾ ਕਿ ਆਯੂਸ਼ ਦਾ 50 ਬੈਡਜ਼ ਦਾ ਹਸਪਤਾਲ ਮੇਰੇ ਹਲਕੇ ਮੋਗੇ ਨੂੰ ਮਨਜ਼ੂਰ ਕਰਕੇ ਦਿੱਤਾ ਹੈ । (ਵਿਘਨ)

**ਮਾਨਯੋਗ ਸਪੀਕਰ :** ਇਹ ਉਨ੍ਹਾਂ ਦਾ ਮਤਾ ਹੈ । ਇਹ ਵੀ ਦੇਖਣਾ ਹੈ । He is second signatory.

**ਡਾਕਟਰ ਹਰਜੋਤ ਕਮਲ ਸਿੰਘ :** ਮੈਂ ਆਪਣੇ ਵੱਲੋਂ ਅਤੇ ਮੋਗੇ ਦੇ ਲੋਕਾਂ ਵੱਲੋਂ ਵੀ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ।

**ਮਾਨਯੋਗ ਸਪੀਕਰ :** ਪਲੀਜ਼ ਬੈਠੋ ਜੀ ।

**ਡਾਕਟਰ ਹਰਜੋਤ ਕਮਲ ਸਿੰਘ :** ਮੈਂ ਇੱਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ । ਮਾਨਯੋਗ ਰਣਦੀਪ ਸਿੰਘ ਨਾਭਾ ਜੀ ਨੇ ਹੈਲਥ ਨਾਲ ਜੋੜਿਆ ਸੀ । ਮੈਂ ਵੀ ਇਹੀ ਗੱਲ ਕਹਿਣੀ ਚਾਹੁੰਦਾ ਹਾਂ, ਪੰਜਾਬ ਐਗਰੀਕਲਚਰ ਸਟੇਟ ਸੀ । ਇੱਥੇ ਜਿਹੜੀ ਮੈਂ ਪਹਿਲਾਂ ਗੱਲ ਕੀਤੀ, ਪੈਸਟੀਸਾਈਡ, ਯੂਰੀਆ ਤੇ ਹੋਰ ਦੂਸਰੀਆਂ ਚੀਜ਼ਾਂ ਤੋਂ ਹੱਟ ਕੇ ਜਿੱਥੇ ਫਸਲਾਂ ਵਿੱਚ ਵਿਭਿੰਨਤਾ ਲਿਆਉਣ ਦੀ ਜ਼ਰੂਰਤ ਹੈ,ਜੋ ਝੋਨੇ ਦੀ ਫਸਲ ਨੇ ਪਾਣੀ ਮੁਕਾ ਦਿੱਤਾ ਹੈ ਜਾਂ ਇਥੋਂ ਤੱਕ ਕਿ ਲੋਕਾਂ ਨੂੰ ਕੈਂਸਰ ਹੋਇਆ ਹੈ.......

**ਮਾਨਯੋਗ ਸਪੀਕਰ** : ਵਾਈਂਡ ਅੱਪ ਕਰ ਲਵੋ।

**ਡਾਕਟਰ ਹਰਜੋਤ ਕਮਲ ਸਿੰਘ** : ਮੈਂ ਇਹ ਵੀ ਸੁਣਿਆ ਹੈ ਕਿ ਧਰਤੀ ਨੂੰ ਵੀ ਕੈਂਸਰ ਹੋਇਆ ਪਿਆ ਹੈ।

**ਮਾਨਯੋਗ ਸਪੀਕਰ** : ਵਾਈਂਡ ਅੱਪ ਕਰ ਲਵੋ।

**ਡਾਕਟਰ ਹਰਜੋਤ ਕਮਲ ਸਿੰਘ** : ਕਈ ਥਾਂ ਫਸਲ ਬੀਜਣ ਤੋਂ ਹੀ ਰੋਕ ਦਿੱਤਾ ਹੈ। ਅੱਜ ਲੋੜ ਹੈ ਕਿ ਅਸੀਂ ਪੁਰਾਣੀਆਂ ਪਧਤੀਆਂ ਨੂੰ ਉਜਾਗਰ ਕਰੀਏ ਔਰ ਮੈਂ ਆਪ ਡਾਕਟਰ ਹੋਣ ਦੇ ਨਾਤੇ ਇੱਕ ਬੇਨਤੀ ਕਰਨੀ ਚਾਹਾਂਗਾ ਕਿ 6 ਸਾਲ ਪੜ੍ਹਨ ਤੋਂ ਬਾਅਦ ਆਯੁਰਵੈਦਿਕ ਡਾਕਟਰ, ਜਿਨ੍ਹਾਂ ਨੇ ਗਾਇਨੀ, ਮੈਡੀਸਨ, ਸਰਜਰੀ ਦੀਆਂ ਉਹੀ ਕਿਤਾਬਾਂ ਪੜ੍ਹੀਆਂ, ਸਾਰੇ ਉਹੀ ਸਬਜੈਕਟ ਪੜ੍ਹੇ ਹਨ, ਅੱਜ ਉਨ੍ਹਾਂ ਨੂੰ ਵੀ ਯੂਜ਼ ਕੀਤਾ ਜਾਵੇ ਅਤੇ ਹਰਿਆਣੇ ਦੀ ਤਰਜ ਤੇ ਉਨ੍ਹਾਂ ਨੂੰ ਅਪਗ੍ਰੇਡ ਕਰਕੇ ਉਨ੍ਹਾਂ ਦੀਆਂ ਸਰਵਿਸਿਜ਼ ਲਈਆਂ ਜਾਣ। ਜਿਥੇ ਅਸੀਂ ਪੋਲੀਓ ਦੀਆਂ ਬੂੰਦਾਂ ਪਿਲਾਉਣ ਤੇ ਹੋਰ ਸਰਵਿਸਿਜ਼ ਲਈ ਉਨ੍ਹਾਂ ਨੂੰ ਯੂਜ਼ ਕਰੀਏ ਉਥੇ ਉਨ੍ਹਾਂ ਨੂੰ ਅਪਗ੍ਰੇਡ ਕਰਕੇ ਉਨ੍ਹਾਂ ਦੀਆਂ ਸਰਵਿਸਿਜ਼ ਪਿੰਡਾਂ ਅਤੇ ਸ਼ਹਿਰਾਂ ਵਿੱਚ ਵੀ ਯੂਜ਼ ਕੀਤੀਆਂ ਜਾਣ ।

**ਮਾਨਯੋਗ ਸਪੀਕਰ** : ਧੰਨਵਾਦ, ਧੰਨਵਾਦ, ਪਲੀਜ਼ ।

**ਡਾਕਟਰ ਹਰਜੋਤ ਕਮਲ ਸਿੰਘ** : ਇੱਕ ਗੱਲ ਮੈਂ ਹੋਰ ਕਹਿਣੀ ਚਾਹਾਂਗਾ ਕਿ ਪਿੰਡਾਂ ਵਿੱਚ ਬਹੁਤ ਸਾਰੀਆਂ ਜਗ੍ਹਾ ਉਤੇ ਇਹੋ ਜਿਹੇ ਲੋਕ ਬੈਠੇ ਹਨ, ਜਿਹੜੇ ਇਲੈਕਟ੍ਰੋ ਹੋਮਿਓਪੈਥੀ ਦੇ ਨਾਲ ਜੁੜੇ ਹੋਏ ਜਾਂ ਜਿਹੜੇ ਇਲਲੀਗਲ ਕਹੇ ਜਾਂਦੇ ਹਨ, ਜਿਨ੍ਹਾਂ ਨੂੰ ਆਪਾਂ ਕਹਿੰਦੇ ਹਾਂ ਕਿ ਅਨਰਜਿਸਟਰਡ ਪ੍ਰੈਕਟਿਸ ਕਰ ਰਹੇ ਹਨ। ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਦੂਜੇ ਸੂਬਿਆਂ ਦੀ ਤਰਜ਼ ਉਤੇ ...

**ਮਾਨਯੋਗ ਸਪੀਕਰ** : ਪਲੀਜ਼ ਬੈਠੋ।

**ਡਾਕਟਰ ਹਰਜੋਤ ਕਮਲ ਸਿੰਘ** : ਉਨ੍ਹਾਂ ਨੂੰ ਕੋਈ ਛੇ ਮਹੀਨੇ ਜਾਂ ਸਾਲ ਦਾ ਕੋਰਸ ਕਰਵਾ ਕੇ ਉਨ੍ਹਾਂ ਤੋਂ ਐਮਰਜੈਂਸੀ ਸੇਵਾਵਾਂ ਲਈਆਂ ਜਾਣ...

**ਮਾਨਯੋਗ ਸਪੀਕਰ** : ਪਲੀਜ਼ ਬੈਠੋ।

**ਡਾਕਟਰ ਹਰਜੋਤ ਕਮਲ ਸਿੰਘ** : ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਪੰਜਾਬ ਦੀ ਹੈਲਥ ਸਰਵਿਸਿਜ਼ ਵਾਸਤੇ ਮੰਤਰੀ ਜੀ ਨੂੰ ਸ਼ੁਭ ਕਾਮਨਾਵਾਂ ਵੀ ਦਿੰਦਾ ਹਾਂ। ਮੈਂ ਉਨ੍ਹਾਂ ਦਾ ਜਿਥੇ ਧੰਨਵਾਦ ਕਰਦਾ ਹਾਂ, ਉਥੇ ਸ਼ੁਭ ਕਾਮਨਾਵਾਂ ਦਿੰਦਾ ਹਾਂ ।

**ਮਾਨਯੋਗ ਸਪੀਕਰ** : ਖਹਿਰਾ ਸਾਹਿਬ, ਤੁਸੀਂ ਕੀ ਕਹਿਣਾ ਹੈ?

**ਡਾਕਟਰ ਹਰਜੋਤ ਕਮਲ ਸਿੰਘ** : ਮੈਂ ਸਾਰੇ ਪੰਜਾਬੀਆਂ ਦੀ ਚੰਗੀ ਹੈਲਥ ਲਈ ਕਾਮਨਾ ਕਰਦਾ ਹਾਂ। ਬਹੁਤ ਧੰਨਵਾਦ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਮੈਂ ਤਾਂ ਸਿਰਫ ਸੁਜੈਸਟ ਕਰਨਾ ਹੈ ਕਿ ਟਾਈਮ ਸਿਰਫ ਇੱਕ ਘੰਟਾ ਰਹਿ ਗਿਆ ਹੈ ਜੀ ਅਤੇ ਬੋਲਣ ਵਾਲੇ ਖਾਸੇ ਮੈਂਬਰ ਹਨ। ਇਧਰ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਵੀ ਹਨ ਅਤੇ ਉਧਰ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਵੀ ਹਨ। ਪੰਜ-ਪੰਜ ਮਿੰਟ ਕਰ ਦਿਓ।

**ਮਾਨਯੋਗ ਸਪੀਕਰ** : ਅਸਲ ਵਿੱਚ ਇਹ ਮੂਵਰਜ਼ ਹਨ। They are the movers of this resolution. ਥੋੜ੍ਹੀ ਜਿਹੀ ਉਨ੍ਹਾਂ ਨੂੰ ਤਰਜੀਹ ਦੇਣੀ ਹੈ। You are right.

**Sardar Sukhpal Singh Khaira** : Rather than 15 minutes, ਥੋੜ੍ਹਾ ਜਿਹਾ 5-5 ਮਿੰਟ ਕਰ ਦਿਓ। ..(ਵਿਘਨ)...

**ਮਾਨਯੋਗ ਸਪੀਕਰ** : ਸੁੱਖੀ ਜੀ, ਤੁਸੀਂ ਬੋਲੋਗੇ। ਡਾਕਟਰ ਸਾਹਿਬ, ਤੁਸੀਂ ਜ਼ਰੂਰ ਬੋਲੋਗੇ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਬਹੁਤ ਦੇਰ ਦੇ ਵੇਟ ਕਰ ਰਹੇ ਹਨ, ਸਰਦਾਰ ਜਗਦੇਵ ਸਿੰਘ ਹੁਰਾਂ ਦਾ ਵੀ ਨਾਮ ਹੈ।

**ਮਾਨਯੋਗ ਸਪੀਕਰ** : ਬਾਅਦ ਵਿੱਚ ਬੁਲਾਉਂਦੇ ਹਾਂ। ਜ਼ਰਾ ਪਹਿਲਾਂ ਮੂਵਰਜ਼ ਨੂੰ ਬੁਲਾ ਦੇਵਾਂ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਇਸ ਵਿੱਚ ਟਾਈਮ ਜ਼ਰੂਰ ਦੇ ਦੇਣਾ।

**ਮਾਨਯੋਗ ਸਪੀਕਰ** : ਬੋਲਣਗੇ ਜ਼ਰੂਰ।

**ਸ਼੍ਰੀ ਅਮਨ ਅਰੋੜਾ** : ਸਪੀਕਰ ਸਾਹਿਬ ...

**ਮਾਨਯੋਗ ਸਪੀਕਰ** : ਅਮਨ ਜੀ, ਇਸ ਤਰ੍ਹਾਂ ਨਾ ਕਰੋ। ਤੁਸੀਂ ਵਿੱਚ ਡਿਸਰਪਟ ਨਾ ਕਰੋ। ਸਤਕਾਰ ਕੌਰ ਜੀ, ਇਹ ਮੈਂਬਰਜ਼ ਉਹ ਹਨ, ਜਿਹੜੇ ਬੋਲੇ ਹੀ ਨਹੀਂ। ...(ਵਿਘਨ)... ਬੁਲਾਵਾਂਗੇ ਜੀ, ਬੁਲਾਵਾਂਗੇ। ਡਾਕਟਰ ਸੁਖਵਿੰਦਰ ਜੀ ਜ਼ਰੂਰ ਬੋਲਣਗੇ।(ਹਾਂ ਜੀ, ਸ਼੍ਰੀਮਤੀ ਸਤਕਾਰ ਕੌਰ ਜੀ।)

**ਸ਼੍ਰੀ ਨੱਥੂ ਰਾਮ** : ਸਪੀਕਰ ਸਾਹਿਬ...

**ਮਾਨਯੋਗ ਸਪੀਕਰ** : ਨੱਥੂ ਰਾਮ ਜੀ, ਤੁਸੀਂ ਬੋਲੋਗੇ, ਜ਼ਰਾ ਠਹਿਰ ਲਵੋ। ਪਲੀਜ਼ ਥੋੜ੍ਹਾ ਜਿਹਾ ਕੋਆਪ੍ਰੇਟ ਕਰੋ। ਪਲੀਜ਼ ਬੈਠੋ।

**ਸ਼੍ਰੀਮਤੀ ਸਤਕਾਰ ਕੌਰ (ਫਿਰੋਜ਼ਪੁਰ ਦਿਹਾਤੀ, ਐਸ.ਸੀ.)** : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦੀ ਹਾਂ, ਜਿਨ੍ਹਾਂ ਨੇ ਮੈਨੂੰ ਇਥੇ ਵਿਧਾਨ ਸਭਾ ਵਿੱਚ ਬੋਲਣ ਦਾ ਮੌਕਾ ਦਿੱਤਾ ਹੈ ਔਰ ਮੈਂ ਧੰਨਵਾਦ ਕਰਦੀ ਹਾਂ, ਮਾਨਯੋਗ ਸੀ.ਐਮ. ਸਾਹਿਬ ਦਾ ਔਰ ਸਾਡੇ ਬਹੁਤ ਹੀ ਸਤਿਕਾਰਯੋਗ ਹੈਲਥ ਮਨਿਸਟਰ ਜੀ, ਜਿਨ੍ਹਾਂ ਦੇ ਯਤਨਾਂ ਸਦਕਾ ਪੰਜਾਬ ਦੇ ਲੋਕਾਂ ਨੂੰ ਮੁਫਤ ਦਵਾਈਆਂ ਦੇਣ ਦਾ ਜਿਹੜਾ ਵਾਅਦਾ ਕੀਤਾ ਗਿਆ ਸੀ, ਉਹ ਪੂਰਾ ਕੀਤਾ ਜਾ ਰਿਹਾ ਹੈ। ਬਹੁਤ ਕੋਸ਼ਿਸ਼ਾਂ ਦੇ ਜ਼ਰੀਏ ਰਾਜ ਸਰਕਾਰ ਵੱਲੋਂ ਲਾਜ਼ਮੀ ਮੁਫਤ ਦਵਾਈਆਂ ਸਰਕਾਰੀ ਹਸਪਤਾਲਾਂ, ਪੀ.ਐਚ.ਸੀ., ਸੀ.ਐਚ.ਸੀ. ਅਤੇ ਡੀ.ਐਚ. ਵਿਖੇ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਇਨ੍ਹਾਂ ਦਵਾਈਆਂ ਦੀਆਂ ਮਿਥੀਆਂ ਯੋਗਤਾਵਾਂ ਅਨੁਸਾਰ ਟੈਂਡਰ ਪਾਸ ਕਰਕੇ ਕੰਟਰੈਕਟ ਕਰਨ ਉਪਰੰਤ ਖਰੀਦ ਕੀਤੀ ਜਾਂਦੀ ਹੈ। ਇਹ ਖਰੀਦ ਹਸਪਤਾਲ ਦੇ ਪੱਧਰ ਅਨੁਸਾਰ ਕੀਤੀ ਜਾਂਦੀ ਹੈ । ਜਿਵੇਂ ਕਿ ਜ਼ਿਲ੍ਹਾ ਹਸਪਤਾਲ, ਸਬ-ਡਿਵੀਜ਼ਨਲ ਹਸਪਤਾਲ, ਕਮਿਊਨਿਟੀ ਸੈਂਟਰ ਅਤੇ ਪ੍ਰਾਇਮਰੀ ਹੈਲਥ ਸੈਂਟਰ ਅਨੁਸਾਰ ਲਾਜ਼ਮੀ ਦਵਾਈਆਂ ਦੀ ਲਿਸਟ ਤਿਆਰ ਕੀਤੀ ਜਾਂਦੀ ਹੈ ਅਤੇ ਹਸਪਤਾਲ ਦੇ ਪੱਧਰ ਅਨੁਸਾਰ ਇਹ ਦਵਾਈਆਂ ਉਪਲਬਧ ਕਰਵਾਈਆਂ ਜਾਂਦੀਆਂ ਹਨ। ਇਨ੍ਹਾਂ ਦਵਾਈਆਂ ਦੀ ਲਿਸਟ ਵਿੱਚ ਹਸਪਤਾਲ ਵਿੱਚੋਂ ਪ੍ਰਾਪਤ ਹੋਈ ਸੂਚਨਾ/ਸੁਝਾਅ ਅਤੇ ਮਾਹਿਰਾਂ ਦੇ ਸੁਝਾਅ ਅਨੁਸਾਰ ਸਮੇਂ ਸਮੇਂ ਤੇ ਸੋਧ ਕੀਤੀ ਜਾਂਦੀ ਹੈ। ਸਾਲ 2017 ਵਿੱਚ ਲਾਜ਼ਮੀ ਦਵਾਈਆਂ ਦੀ ਲਿਸਟ ਵਿੱਚ ਕਾਫੀ ਸੋਧ ਕੀਤੀ ਗਈ, ਜਿਸ ਨਾਲ ਮੁਫਤ ਦਵਾਈਆਂ ਵਿੱਚ ਕਾਫੀ ਵਾਧਾ ਕੀਤਾ ਗਿਆ ਅਤੇ ਮੌਜੂਦਾ ਲਿਸਟ ਵਿੱਚ 226 ਦਵਾਈਆਂ, 131 ਕਨਜ਼ਿਊਮੇਬਲ ਅਤੇ 28 ਸੂਚਰ ਆਈਟਮਾਂ ਹਨ। ਇਹ ਦਵਾਈਆਂ ਮਰੀਜ਼ਾਂ ਨੂੰ ਮੁਫਤ ਉਪਲਬਧ ਕੀਤੀਆਂ ਜਾਂਦੀਆਂ ਹਨ ਅਤੇ ਰਾਜ ਸਰਕਾਰ ਵੱਲੋਂ 80 ਕਰੋੜ ਰੁਪਏ ਦਾ ਖਰਚਾ ਇਸ ਸਕੀਮ ਅਧੀਨ ਕੀਤਾ ਜਾਂਦਾ ਹੈ। ਇਸ ਕਰਕੇ ਅਸੀਂ ਸੀ.ਐਮ. ਸਾਹਿਬ ਦਾ ਧੰਨਵਾਦ ਕਰਦੇ ਹਾਂ।

ਜਨਨੀ ਸੁਰੱਖਿਆ ਪ੍ਰੋਗਰਾਮ ਅਧੀਨ ਮੁਫਤ ਦਵਾਈਆਂ : ਉਕਤ ਮੁਫਤ ਦਵਾਈਆਂ ਤੋਂ ਇਲਾਵਾ ਜਨਨੀ ਸ਼ਿਸ਼ੂ ਸੁਰੱਖਿਆ ਪ੍ਰੋਗਰਾਮ ਅਧੀਨ ਸਜ਼ੇਰੀਅਨ ਅਤੇ ਨਾਰਮਲ ਡਿਲਿਵਰੀਆਂ ਲਈ ਵੀ ਮਰੀਜ਼ਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਜਾਂਦੀਆਂ ਹਨ। ਇਹ ਬਹੁਤ ਹੀ ਚੰਗਾ ਕੰਮ ਹੈ। ਇਸ ਅਧੀਨ ਆਉਣ ਵਾਲਾ ਖਰਚਾ 15 ਕਰੋੜ ਨਿਰਧਾਰਿਤ ਕੀਤਾ ਗਿਆ ਹੈ।

ਹੈਪੇਟਾਈਟਸ-ਸੀ ਦਾ ਇਲਾਜ : ਰਾਜ ਸਰਕਾਰ ਵੱਲੋਂ ਸਰਕਾਰੀ ਹਸਪਤਾਲਾਂ ਅਤੇ ਮੈਡੀਕਲ ਕਾਲਜਾਂ ਵਿੱਚ ਹੈਪੇਟਾਈਟਸ-ਸੀ ਦੇ ਇਲਾਜ ਲਈ ਵੀ ਮੁਫਤ ਦਵਾਈਆਂ ਦਿੱਤੀਆਂ ਜਾਂਦੀਆਂ ਹਨ। ਇਸ ਦੇ ਨਾਲ ਹੀ ਹੈਪੇਟਾਈਟਸ-ਸੀ ਦੇ ਮਰੀਜਾਂ ਲਈ ਐਚ.ਸੀ.ਵੀ. ਇੰਪੈਨਲਡ ਲੈਬਾਰਟਰੀਆਂ ਦੁਆਰਾ ਘੱਟ ਰੇਟਾਂ ਤੇ ਉਪਲਬਧ ਹੈ ਜੋ ਕਿ ਮਾਰਕੀਟ ਰੇਟ ਨਾਲੋਂ ਪੰਜਾਹ ਪ੍ਰਤੀਸ਼ਤ ਘੱਟ ਰੇਟ ਤੇ ਹਨ। ਅਸੀਂ ਇਸ ਲਈ ਮਾਨਯੋਗ ਮਨਿਸਟਰ ਸਾਹਿਬ ਦਾ ਧੰਨਵਾਦ ਕਰਦੇ ਹਾਂ।

ਘੱਟ ਰੇਟਾਂ ਤੇ ਕੈਂਸਰ ਦੇ ਇਲਾਜ ਲਈ ਦਵਾਈਆਂ : ਮਰੀਜ਼ਾਂ ਨੂੰ ਕੈਂਸਰ ਦੇ ਇਲਾਜ ਲਈ ਘੱਟ ਰੇਟਾਂ ਤੇ ਦਵਾਈਆਂ ਉਪਲਬਧ ਕਰਵਾਉਣ ਲਈ ਪੀ.ਐਚ.ਐਸ.ਸੀ. ਵੱਲੋਂ ਕਈ ਕੈਂਸਰ ਦੇ ਇਲਾਜ ਲਈ ਦਵਾਈਆਂ ਦੇ ਰੇਟ ਕੰਟਰੈਕਟ ਕੀਤੇ ਹਨ। ਇਹ ਦਵਾਈਆਂ ਰਾਜ ਦੇ ਮੈਡੀਕਲ ਕਾਲਜ ਅਤੇ ਕੁਝ ਸੂਚੀ ਬੱਧ ਹਸਪਤਾਲਾਂ ਅਤੇ ਜਨ ਔਸ਼ਧੀ ਸਟੋਰ ਵਿੱਚ ਰੇਟ ਕੰਟਰੈਕਟ ਵਿੱਚ ਦਰਸਾਏ ਰੇਟਾਂ ਨਾਲੋਂ 6 ਪ੍ਰਤੀਸ਼ਤ ਰੇਟ (ਹੈਂਡਲਿੰਗ ਚਾਰਜ਼ਿਜ਼) ਵਧਾ ਕੇ ਮੁਹੱਈਆ ਕਰਵਾਈਆਂ ਜਾਂਦੀਆਂ ਹਨ। ਇਥੇ ਇਹ ਵਰਣਨਯੋਗ ਹੈ ਕਿ ਪੀ.ਐਚ.ਐਸ.ਸੀ. ਵੱਲੋਂ ਜੋ ਰੇਟ ਅਪਰੂਵ ਕੀਤੇ ਗਏ ਹਨ, ਉਹ ਰੇਟ ਮਾਰਕੀਟ ਰੇਟ ਨਾਲੋਂ ਕਾਫੀ ਘੱਟ ਹਨ।

ਜਨ ਔਸ਼ਧੀ ਸਟੋਰ: ਰਾਜ ਦੇ 19 ਜ਼ਿਲ੍ਹਾ ਹਸਪਤਾਲਾਂ ਅਤੇ 5 ਸਬ ਡਿਵੀਜ਼ਨਲ ਹਸਪਤਾਲਾਂ ਵਿੱਚ ਜਨ ਔਸ਼ਧੀ ਸਟੋਰ ਖੋਲ੍ਹੇ ਜਾ ਚੁੱਕੇ ਹਨ। ਇਨ੍ਹਾਂ ਵਿਚੋਂ 12 ਸਟੋਰ ਰੋਗੀ ਕਲਿਆਣ ਸਮਿਤੀ ਅਤੇ 12 ਰੈਡ ਕਰਾਸ ਸੁਸਾਇਟੀ ਵੱਲੋਂ ਚਲਾਏ ਜਾਂਦੇ ਹਨ। ਪੰਜਾਬ ਰਾਜ ਦੇਸ਼ ਦਾ ਪਹਿਲਾ ਅਜਿਹਾ ਰਾਜ ਹੈ ਜਿਥੇ ਸਿਵਲ ਹਸਪਤਾਲ ਅੰਮ੍ਰਿਤਸਰ ਵਿੱਚ ਸਾਲ 2008 ਵਿਚ ਜਨ ਔਸ਼ਧੀ ਸਟੋਰ ਖੋਲ੍ਹਿਆ ਗਿਆ। ਜਨ ਔਸ਼ਧੀ ਸਟੋਰ ਸਥਾਪਿਤ ਕਰਨ ਲਈ ਕੇਂਦਰ ਸਰਕਾਰ ਵੱਲੋਂ 2.5 ਲੱਖ ਰੁਪਏ ਦਿੱਤੇ ਜਾਂਦੇ ਹਨ।

**ਮਾਨਯੋਗ ਸਪੀਕਰ:** ਸਤਕਾਰ ਕੌਰ ਜੀ, ਸਤਕਾਰ ਕੌਰ ਜੀ, ਸਾਰਾ ਲਿਖਿਆ ਹੋਇਆ ਨਹੀਂ ਪੜ੍ਹ ਸਕਦੇ।

**ਸ਼੍ਰੀਮਤੀ ਸਤਕਾਰ ਕੌਰ:** ਸਰ, ਮੈਂ ਦੋ ਮਿੰਟ ਹੀ ਲੈਣੇ ਹਨ।

**ਮਾਨਯੋਗ ਸਪੀਕਰ:** ਲਿਖਿਆ ਨਹੀਂ ਪੜ੍ਹ ਸਕਦੇ । ਸਤਕਾਰ ਕੌਰ ਜੀ, ਮੈਂ ਤਾਂ ਬਹੁਤ ਲਿਹਾਜ਼ ਕੀਤੀ ਹੈ, ਲਿਖਿਆ ਨਹੀਂ ਪੜ੍ਹ ਸਕਦੇ।

**ਸ਼੍ਰੀਮਤੀ ਸਤਕਾਰ ਕੌਰ:** ਬੱਸ ਦੋ ਪੁਆਇੰਟ ਹੀ ਰਹਿ ਗਏ ਹਨ।

**ਮਾਨਯੋਗ ਸਪੀਕਰ:** ਚਲੋ, ਅੱਛਾ ਬੋਲ ਦਿਉ।

**ਸ਼੍ਰੀਮਤੀ ਸਤਕਾਰ ਕੌਰ:** ਦੋ ਮਿੰਟ ਵਿੱਚ ਹੀ ਬੋਲ ਦੇਣਾ ਹੈ। ਇਨ੍ਹਾਂ ਜਨ ਔਸ਼ਧੀ ਸਟੋਰਾਂ ਵਿੱਚ ਪਬਲਿਕ ਸੈਕਟਰ ਐਂਟਰਪ੍ਰਾਇਜ਼ਿਜ਼ ਵੱਲੋਂ ਬਣਾਈਆਂ ਜਾਂਦੀਆਂ ਦਵਾਈਆਂ ਵੇਚੀਆਂ ਜਾਂਦੀਆਂ ਹਨ ਅਤੇ ਜੋ ਦਵਾਈਆਂ ਪਬਲਿਕ ਸੈਕਟਰ ਵੱਲੋਂ ਨਹੀਂ ਬਣਾਈਆਂ ਜਾਂਦੀਆਂ ।

[ਸ਼੍ਰੀਮਤੀ ਸਤਕਾਰ ਕੌਰ]

ਮੁਫਤ ਡਾਇਲਿਸਸ ਸੇਵਾਵਾਂ ਜਿਹੜੀਆਂ ਸਰਕਾਰ ਵੱਲੋਂ ਦਿੱਤੀਆਂ ਗਈਆਂ ਹਨ, ਉਹ ਜ਼ਿਲ੍ਹਾ ਪੱਧਰੀ ਅਤੇ ਸਬ ਡਵੀਜ਼ਨਲ ਹਸਪਤਾਲਾਂ ਵਿੱਚ ਮਰੀਜ਼ਾਂ ਨੂੰ ਫਰੀ ਡਾਇਲਿਸਸ ਸੇਵਾਵਾਂ ਮੁਫਤ ਮੁਹੱਈਆ ਕਰਵਾਈਆਂ ਜਾਂਦੀਆਂ ਹਨ। ਸਾਰੇ ਜ਼ਿਲ੍ਹਾ ਹਸਪਤਾਲ, ਸਬ ਡਵੀਜ਼ਨਲ ਹਸਪਤਾਲਾਂ ਵਿੱਚ 50 ਤਰ੍ਹਾਂ ਦੇ ਫਰੀ ਲੈਬ ਟੈਸਟ ਉਪਲਬਧ ਹਨ । ਇਸ ਦੇ ਨਾਲ ਕੁਝ ਲੈਬ ਟੈਸਟ ਸੀ.ਐਚ.ਸੀ., ਪੀ.ਐਚ.ਸੀ. ਤੇ ਵੀ ਮੁਹੱਈਆ ਕਰਵਾਏ ਜਾਂਦੇ ਹਨ।

**ਕੈਂਸਰ ਟਰੀਟਮੈਂਟ :** ਪ੍ਰੋਗਰਾਮ ਅਧੀਨ ਸਰਕਾਰ ਵੱਲੋਂ ਕਈ ਤਰ੍ਹਾਂ ਦੇ ਉਪਰਾਲੇ ਕੀਤੇ ਜਾ ਰਹੇ ਹਨ ਜਿਸ ਵਿੱਚ ਐਡਵਾਂਸ ਕੈਂਸਰ ਡਾਇਗੋਨਸਟਿਕ ਟਰੀਟਮੈਂਟ ਐਂਡ ਰਿਸਰਚ ਸੈਂਟਰ, ਬਠਿੰਡਾ; ਹੋਮੀ ਭਾਬਾ ਸੈਂਟਰ ਸੰਗਰੂਰ ਤਿੰਨਾਂ ਸਰਕਾਰੀ ਮੈਡੀਕਲ ਕਾਲਜਾਂ ਵਿੱਚ ਬਹੁਤ ਹੀ ਘੱਟ ਰੇਟਾਂ ਤੇ ਉਚ ਕੋਟੀ ਦੀਆਂ ਮਸ਼ੀਨਾਂ ਤੇ ਸਾਰੇ ਤਰ੍ਹਾਂ ਦਾ ਇਲਾਜ ਮੁਹੱਈਆ ਕਰਵਾਇਆ ਜਾਂਦਾ ਹੈ। ਇਸ ਦੇ ਨਾਲ ਹੀ ਟਰਸ਼ਰੀ ਕੇਅਰ ਸੈਂਟਰ ਫਾਜ਼ਿਲਕਾ, ਟਰਸ਼ਰੀ ਕੇਅਰ ਸੈਂਟਰ, ਹੁਸ਼ਿਆਰਪੁਰ ਉਸਾਰੀ ਅਧੀਨ ਹੈ ਅਤੇ ਸਾਰੇ ਜ਼ਿਲ੍ਹਾ ਹਸਪਤਾਲਾਂ ਨੂੰ ਕੀਮੋਥਰੈਪੀ ਸੇਵਾਵਾਂ ਦੇਣ ਲਈ ਵਧੀਆ ਉਪਰਾਲੇ ਕੀਤੇ ਗਏ ਹਨ।

**ਸਪੈਸ਼ੇਲਿਸਟ ਡਾਕਟਰਾਂ ਦੀਆਂ ਭਰਤੀਆਂ :** ਸਾਲ 2018 ਵਿਚ ਤਕਰੀਬਨ 93 ਨਵੇਂ ਮਾਹਿਰ ਡਾਕਟਰ ਨਵੀਂ ਭਰਤੀ ਅਧੀਨ ਤਾਇਨਾਤ ਕੀਤੇ ਗਏ ਹਨ। ਐਮਰਜੈਂਸੀ ਅਤੇ ਜਨਰਲ ਮੈਡੀਕਲ ਸੇਵਾਵਾਂ ਅਧੀਨ 306 ਐਮ.ਬੀ.ਬੀ.ਐਸ. ਡਾਕਟਰਾਂ ਦੀ ਭਰਤੀ ਜਲਦ ਹੀ ਪੀ.ਪੀ.ਐਸ.ਸੀ. ਰਾਹੀਂ ਕੀਤੀ ਜਾ ਰਹੀ ਹੈ। ਮੈਂ ਨਾਭਾ ਸਾਹਿਬ ਜੀ ਦਾ ਧੰਨਵਾਦ ਕਰਦੀ ਹਾਂ ਜਿਨ੍ਹਾਂ ਨੇ ਇੱਕ ਬਹੁਤ ਹੀ ਅੱਛਾ ਇਲੈਕਟ੍ਰਾਨਿਕ ਹੈਲਥ ਰਿਕਾਰਡ ਬਾਰੇ ਜਿਹੜਾ ਸੁਝਾਅ ਦਿੱਤਾ ਹੈ । ਇਸ ਨਾਲ ਸਾਰੇ ਲੋਕਾਂ ਨੂੰ ਕਾਫੀ ਲਾਭ ਮਿਲੇਗਾ । ਸਪੀਕਰ ਸਾਹਿਬ, ਮੈਂ ਤੁਹਾਡਾ ਵੀ ਤਹਿ ਦਿਲੋਂ ਬਹੁਤ ਧੰਨਵਾਦ ਕਰਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ।

**ਮਾਨਯੋਗ ਸਪੀਕਰ:** ਧੰਨਵਾਦ । ਡਾਕਟਰ ਸੁਖਵਿੰਦਰ ਕੁਮਾਰ ਜੀ।(ਵਿਘਨ) ਸਾਰੇ ਬੋਲੋਗੇ, ਜਦੋਂ ਵਾਰੀ ਆਵੇਗੀ।

**ਡਾਕਟਰ ਸੁਖਵਿੰਦਰ ਕੁਮਾਰ (ਬੰਗਾ, ਐਸ.ਸੀ.) :** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਇੱਕ ਬਹੁਤ ਇੰਪਾਰਟੈਂਟ ਔਰ ਅੱਜ ਦੀ ਲੋੜ ਦੇ ਸਬਜੈਕਟ ਉਤੇ ਬੋਲਣ ਦਾ ਮੌਕਾ ਦਿੱਤਾ ਹੈ। ਤੁਸੀਂ ਚੀਪ ਤੇ ਬੈਸਟ ਹੈਲਥ ਸਰਵਿਸਿਜ਼ ਪੰਜਾਬ ਸਰਕਾਰ ਵੱਲੋਂ ਦੇਣ ਦੀ ਗੱਲ ਕੀਤੀ। ਉਸ ਵਿੱਚ ਇੰਪਰੂਵਮੈਂਟ ਲਿਆਉਣ ਦੀ ਤੁਸੀਂ ਗੱਲ ਕਰ ਰਹੇ ਹੋ । 700 ਦਵਾਈਆਂ ਫਰੀ ਦੇਣ ਦੀ ਗੱਲ ਚਲੀ ਹੈ ਪਰ ਇਹ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਦੀ ਸਰਕਾਰ ਨੇ ਪਿਛਲੇ ਮੌਕੇ ਹਰ ਡਿਸਪੈਂਸਰੀ ਲੈਵਲ ਤੇ ਫਰੀ ਦਿੱਤੀਆਂ ਹਨ । ਮੈਂ ਕੋਈ ਕਿਸੇ ਨੂੰ ਖੁਸ਼ ਕਰਨ ਲਈ ਜਾਂ ਨਿੰਦਣ ਲਈ ਇੱਥੇ ਖੜ੍ਹਾ ਨਹੀਂ ਹੋਇਆ । ਮੈਂ ਧੰਨਵਾਦ ਕਰਦਾ ਹਾਂ ਕਿ ਤੁਸੀਂ ਇੱਕ ਚੰਗਾ ਵਿਸ਼ਾ ਚੁਣ ਕੇ ਆਏ ਹੋ, ਹੈਲਥ ਸਰਵਿਸਿਜ਼ ਨੂੰ ਇੰਪਰੂਵ ਕਰਨ ਦਾ ਵਿਸ਼ਾ ਲੈ ਕੇ ਆਏ ਹੋ । ਇਸ ਤੇ ਮੈਂ ਜ਼ਰੂਰ ਬੋਲਾਂਗਾ। ਮੈਂ ਇਹ ਗੱਲ ਦੱਸਣੀ ਚਾਹਾਂਗਾ ਕਿ ਹੈਲਥ ਸਰਵਿਸਿਜ਼ ਦੇਣ ਲਈ ਦੋ ਚੀਜ਼ਾਂ ਬਹੁਤ ਜ਼ਿਆਦਾ ਇੰਪਾਰਟੈਂਟ ਹਨ, ਪਹਿਲੀ social and preventive medicine, ਜਿਹੜਾ ਕਿ ਮੈਡੀਕਲ ਕਾਲਜਾਂ ਵਿੱਚ ਸਬਜੈਕਟ ਪੜ੍ਹਾਇਆ ਜਾਂਦਾ ਹੈ ਕਿ ਬਿਮਾਰੀ ਹੋਣ ਤੋਂ ਪਹਿਲਾਂ ਹੀ ਅਸੀਂ ਉਸ ਦੀ ਰੋਕਥਾਮ ਲਈ ਕਦਮ ਚੁੱਕੀਏ। ਜਿਸ ਤਰ੍ਹਾਂ ਮੈਂ ਕਹਿ ਸਕਦਾ ਹਾਂ ਕਿ ਜੇਕਰ ਡੇਂਗੂ ਨੂੰ ਰੋਕਣਾ ਹੈ ਤਾਂ ਉਸ ਤੋਂ ਪਹਿਲਾਂ ਹੀ ਉਸ ਦੀ ਰੋਕਥਾਮ ਲਈ ਅਸੀਂ ਕੁਝ ਕੰਮ ਕਰੀਏ। ਦੂਸਰਾ, ਸਰਕਾਰ ਦੀ ਡਿਊਟੀ ਹੈ ਕਿ ਲੋਕਾਂ ਨੂੰ ਵਧੀਆ ਐਜੂਕੇਸ਼ਨ ਦੇਣੀ ਅਤੇ ਵਧੀਆ ਸਰਵਿਸਿਜ਼ ਦੇਣੀਆਂ। ਉਸ ਵਿੱਚ

ਦੋ ਗੱਲਾਂ ਬਹੁਤ ਇੰਪਾਰਟੈਂਟ ਹਨ, ਪਹਿਲੀ ਇਨਫ੍ਰਾਸਟ੍ਰਕਚਰ ਅਤੇ ਦੂਜਾ ਜੋ ਕੁਝ ਉਥੇ ਚਾਹੀਦਾ ਹੈ, ਉਹ ਸਰਕਾਰ ਵਲੋਂ ਪ੍ਰੋਵਾਈਡ ਕਰਵਾਇਆ ਜਾਣਾ। ਮੈਨੂੰ ਕੱਲ੍ਹ ਬੜੀ ਹੈਰਾਨੀ ਹੋਈ, ਜਦੋਂ ਸਾਡੇ ਸਤਿਕਾਰਯੋਗ ਮੈਂਬਰ ਹਰਿੰਦਰਪਾਲ ਸਿੰਘ ਚੰਦੂਮਾਜਰਾ ਜੀ ਨੇ ਇਹ ਗੱਲ ਰੱਖੀ ਕਿ ਉਨ੍ਹਾਂ ਦੇ ਹਲਕੇ ਵਿੱਚ ਇਕ ਬਹੁਤ ਵਧੀਆ ਹਸਪਤਾਲ ਬਣਿਆ ਹੈ ਪਰ ਸਰਕਾਰ ਵਾਲੇ ਪੱਖ ਤੋਂ ਇਹ ਗੱਲ ਆਈ ਕਿ ਇਨ੍ਹਾਂ ਬਿਲਡਿੰਗਾਂ ਦੀ ਕੀ ਲੋੜ ਹੈ। ਸਪੀਕਰ ਸਾਹਿਬ, ਜੇਕਰ ਬਿਲਡਿੰਗਾਂ ਨਹੀਂ ਹੋਣਗੀਆਂ ਤਾਂ ਐਕਸਰੇ ਕਿੱਥੇ ਲੱਗਣਗੇ? ਡਾਕਟਰ ਕਿੱਥੇ ਬੈਠਣਗੇ? ਆਪਰੇਸ਼ਨ ਥੀਏਟਰ ਕਿੱਥੇ ਚੱਲਣਗੇ? ਮੈਂ ਇਹ ਬੇਨਤੀ ਕਰਦਾ ਹਾਂ ਕਿ ਜਿੱਥੇ ਬਿਲਡਿੰਗ ਬਣ ਗਈ, ਉਥੇ ਤੁਸੀਂ ਹਸਪਤਾਲ ਵਿੱਚ ਐਕਸਰੇ ਅਤੇ ਹੋਰ ਦੂਜੀਆਂ ਫੈਸਿਲਟੀਜ਼ ਦੇਣ ਦੀ ਕੋਸ਼ਿਸ਼ ਜ਼ਰੂਰ ਕਰੋ। ਮੈਨੂੰ ਅੱਜ ਇਸ ਗੱਲ ਦਾ ਬੜਾ ਦੁੱਖ ਹੈ ਕਿ 70 ਸਾਲ ਦੀ ਅਜ਼ਾਦੀ ਤੋਂ ਬਾਅਦ ਵੀ ਅੱਜ ਪੰਜਾਬ ਵਰਗਾ ਸੂਬਾ ਜਿਸ ਨੂੰ ਅਸੀਂ ਸਮਝਦੇ ਹਾਂ ਕਿ ਇਹ ਡਿਵੈਲਪਡ ਸਟੇਟ ਹੈ, ਉਸ ਵਿੱਚ ਵੀ ਅੱਜ ਸਰਕਾਰਾਂ ਨੂੰ ਅਨੀਮੀਆ ਡਿਟੈਕਟ ਕਰਨ ਲਈ ਫੈਸਿਲਟੀ ਦੇਣੀ ਪੈਂਦੀ ਹੈ। ਇਹ ਚੰਗੀ ਗੱਲ ਹੈ ਕਿ ਸਰਕਾਰ ਕੈਂਸਰ ਦੀ ਡਿਟੈਕਸ਼ਨ ਲਈ ਕੰਮ ਕਰ ਰਹੀ ਹੈ, ਬਲੱਡ ਪ੍ਰੈਸ਼ਰ ਜਾਂ ਡਾਇਬਟੀਜ਼ ਨੂੰ ਚੈੱਕ ਕਰਨ ਲਈ ਅੱਜ ਸਰਕਾਰ ਕੰਮ ਕਰ ਰਹੀ ਹੈ ਪਰ ਜੇਕਰ ਸਾਨੂੰ ਅੱਜ ਵੀ ਅਨੀਮੀਆ ਵਰਗੀਆਂ ਬਿਮਾਰੀਆਂ ਨਾਲ ਲੜਨਾ ਪੈ ਰਿਹਾ ਹੈ ਤਾਂ ਇਸ ਦਾ ਮਤਲਬ ਸਿਸਟਮ ਵਿੱਚ ਕਿਤੇ ਨਾ ਕਿਤੇ ਬਹੁਤ ਵੱਡਾ ਫਾਲਟ ਹੈ। ਮੈਂ ਇਹ ਗੱਲ ਜ਼ਰੂਰ ਕਹਾਂਗਾ ਕਿ ਅੱਜ ਅਸੀਂ ਟਰੋਮਾ ਸੈਂਟਰ ਖੋਲ੍ਹ ਰਹੇ ਹਾਂ, ਅੱਜ ਪਿੰਡਾਂ ਵਿੱਚ ਡਿਸਪੈਂਸਰੀਆਂ ਜਾਂ ਵੱਡੇ ਵੱਡੇ ਹਸਪਤਾਲ ਹਨ, ਪੀ.ਐਚ.ਸੀ. ਹਨ ਪਰੰਤੂ ਸਭ ਤੋਂ ਵੱਡੀ ਗੱਲ ਇਹ ਹੈ ਕਿ ਜਦੋਂ ਕੋਈ ਪੇਂਡੂ ਆਦਮੀ ਬਿਮਾਰ ਹੁੰਦਾ ਹੈ ਤਾਂ 2.00 ਵਜੇ ਤੱਕ ਜਿਹੜਾ ਮੈਡੀਕਲ ਅਫਸਰ ਬੈਠਦਾ ਹੈ, ਉਸ ਤੋਂ ਬਾਅਦ ਵਿਅਕਤੀ 3.00 ਵਜੇ ਜਾਂ 4.00 ਵਜੇ ਬਿਮਾਰ ਹੋ ਜਾਵੇ ਤਾਂ ਉਸ ਨੂੰ ਪਿੰਡਾਂ ਵਿੱਚ ਕੋਈ ਡਾਕਟਰ ਨਹੀਂ ਮਿਲਦਾ। ਹੈਲਥ ਮਨਿਸਟਰ ਸਾਹਿਬ ਇੱਥੇ ਨਹੀਂ ਹਨ, ਜੇਕਰ ਅਸੀਂ ਚਾਹੁੰਦੇ ਹਾਂ ਕਿ ਹੈਲਥ ਸਰਵਿਸਿਜ਼ ਇੰਪਰੂਵ ਕਰ ਦਿੱਤੀਆਂ ਜਾਣ ਤਾਂ ਮੈਂ ਇਹ ਗੱਲ ਕਹਾਂਗਾ ਕਿ ਪੀ.ਐਚ.ਸੀ. ਵਿੱਚ ....

**ਸ਼੍ਰੀ ਪਵਨ ਕੁਮਾਰ ਟੀਨੂ** : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ । ਸਪੀਕਰ ਸਾਹਿਬ, ਬਹੁਤ ਇੰਪਾਰਟੈਂਟ ਮੁੱਦੇ ਤੇ ਗੱਲ ਹੋ ਰਹੀ ਹੈ ਅਤੇ ਹੈਲਥ ਦੇ ਮੁੱਦੇ ਤੇ ਹੋ ਰਹੀ ਹੈ ਅਤੇ ਮੇਰਾ ਖਿਆਲ ਹੈ ਕਿ ਇਸ ਇਸ਼ੂ ਨੂੰ ਸੁਣਨ ਵਾਸਤੇ ਮੰਤਰੀ ਸਾਹਿਬ ਨੂੰ ਇੱਥੇ ਜ਼ਰੂਰ ਹੋਣਾ ਚਾਹੀਦਾ ਸੀ।

(ਕੁਝ ਅਵਾਜ਼ਾਂ : ਇੱਥੇ ਹੀ ਹਨ, ਇਕ ਮਿੰਟ ਲਈ ਗਏ ਸੀ।)

**ਮਾਨਯੋਗ ਸਪੀਕਰ** : ਹਾਊਸ ਨੂੰ ਚੱਲ ਲੈਣ ਦਿਓ।(ਵਿਘਨ...) ਅਮਨ ਜੀ, ਤੁਸੀਂ ਰੋਜ਼ ਕਈ ਕਈ ਵਾਰ ਬੋਲਣਾ ਹੁੰਦਾ ਹੈ। ਇਹ ਉਹ ਮੈਂਬਰ ਹਨ ਜਿਹੜੇ ਬਹੁਤ ਘੱਟ ਟਾਈਮ ਲੈਂਦੇ ਹਨ ਅਤੇ ਕਦੇ ਕਦਾਈਂ ਬੋਲਦੇ ਹਨ। ਪਲੀਜ਼ ਸਾਰਿਆਂ ਨੂੰ ਰਿਕੁਐਸਟ ਹੈ ਕਿ ਇਨ੍ਹਾਂ ਨੂੰ ਡਿਸਟਰਬ ਨਾ ਕਰੋ। ਡਾਕਟਰ ਸਾਹਿਬ, ਤੁਸੀਂ ਬੋਲੋ।

**ਡਾਕਟਰ ਸੁਖਵਿੰਦਰ ਕੁਮਾਰ** : ਹੈਲਥ ਮਨਿਸਟਰ ਸਾਹਿਬ ਆ ਗਏ ਹਨ। ਮੈਂ ਇਹ ਗੱਲ ਕਰ ਰਿਹਾ ਸੀ ਕਿ ਸਾਡੇ ਕੋਲ ਡਿਸਪੈਂਸਰੀਆਂ ਵਿੱਚ ਮੈਡੀਕਲ ਅਫਸਰ ਹਨ ਪਰ ਜਦੋਂ 2.00 ਵਜੇ ਉਨ੍ਹਾਂ ਦੇ ਡਿਊਟੀ ਆਵਰਜ਼ ਖਤਮ ਹੁੰਦੇ ਹਨ ਤਾਂ ਜਦੋਂ ਕੋਈ ਬੰਦਾ ਉਸ ਸਮੇਂ ਤੋਂ ਬਾਅਦ ਬਿਮਾਰ ਹੁੰਦਾ ਹੈ ਤਾਂ ਉਥੇ ਕੋਈ ਡਾਕਟਰ ਅਵੇਲੇਬਲ ਨਹੀਂ ਹੁੰਦਾ। ਜੇਕਰ ਅਸੀਂ ਪ੍ਰਾਇਮਰੀ ਹੈਲਥ ਸੈਂਟਰ ਲੈਵਲ ਤੇ ਉਨ੍ਹਾਂ ਡਾਕਟਰਾਂ ਨੂੰ ਜਿਹੜੇ ਕਿ ਡਿਸਪੈਂਸਰੀਆਂ ਵਿੱਚ ਕੰਮ ਕਰਦੇ ਹਨ, ਉਨ੍ਹਾਂ ਦੀ ਡਿਊਟੀ round the clock ਲਗਾਈ ਜਾਵੇ ਤਾਂ ਕਿ 10-15 ਕਿਲੋਮੀਟਰ ਤੇ ਮਰੀਜ਼ ਨੂੰ ਪਤਾ ਹੋਵੇ ਕਿ ਡਾਕਟਰ ਅਵੇਲੇਬਲ ਹੋਣਗੇ ਤਾਂ ਉਹ ਉਥੇ ਜਾ ਸਕਦਾ ਹੈ ਅਤੇ ਉਸ ਦਾ ਇਲਾਜ ਹੋ ਸਕਦਾ ਹੈ। ਇਹ ਮੈਂ

[ਡਾਕਟਰ ਸੁਖਵਿੰਦਰ ਕੁਮਾਰ]
ਮੰਤਰੀ ਸਾਹਿਬ ਨੂੰ ਜ਼ਰੂਰ ਬੇਨਤੀ ਕਰਾਂਗਾ। ਕਈ ਵਾਰ ਬੜੀ ਹੈਰਾਨੀ ਹੁੰਦੀ ਹੈ। ਮੇਰੇ ਕੋਲ ਸਿਵਲ ਸਰਜਨ ਦਾ ਇਕ ਨੋਟ ਆਇਆ ਕਿ ਪੰਜਾਬ ਸਰਕਾਰ ਕਈ ਬਿਮਾਰੀਆਂ ਦਾ ਫਰੀ ਇਲਾਜ ਕਰਦੀ ਹੈ। ਮੈਂ ਨੱਕ ਅਤੇ ਗਲੇ ਦਾ ਡਾਕਟਰ ਹਾਂ। ਮੈਨੂੰ ਇਹ ਲਿਖ ਕੇ ਆਇਆ ਕਿ ਜਿਹੜੇ ਗੂੰਗੇ ਬੋਲੇ ਬੱਚੇ ਹਨ, ਉਨ੍ਹਾਂ ਦਾ ਸਰਕਾਰ ਫਰੀ ਇਲਾਜ ਕਰਦੀ ਹੈ। ਉਸ ਵਿੱਚ ਹੈਰਾਨੀ ਮੈਨੂੰ ਇਹ ਹੋਈ, ਜਦੋਂ ਮੈਂ ਪੰਜਾਬ ਦੇ ਹੈਲਥ ਡਿਪਾਰਟਮੈਂਟ ਨੂੰ ਇਹ ਪੁੱਛਣ ਦੀ ਕੋਸ਼ਿਸ਼ ਕੀਤੀ ਕਿ ਜਿਹੜੇ ਗੂੰਗੇ ਬੋਲੇ ਬੱਚੇ ਹਨ, ਕੀ ਉਨ੍ਹਾਂ ਦੀ ਸਕਰੀਨਿੰਗ ਦਾ ਕੋਈ ਪ੍ਰਬੰਧ ਹੈ ? ਸਾਡੇ ਲਈ ਇਹ ਬੜੀ ਸ਼ਰਮ ਵਾਲੀ ਗੱਲ ਹੈ ਕਿ ਪੰਜਾਬ ਸਟੇਟ ਜਿਥੇ ਦੇ ਲੋਕਾਂ ਵਿੱਚ ਅਵੇਅਰਨੈੱਸ ਹੈ, ਪ੍ਰੰਤੂ ਯੂ.ਪੀ. ਬਿਹਾਰ, ਵੈਸਟ ਬੰਗਾਲ, ਮੱਧ ਪ੍ਰਦੇਸ਼ ਵਰਗੀਆਂ ਸਟੇਟਾਂ ਜਿਨ੍ਹਾਂ ਕੋਲ ਆਟੋ ਅਕੌਸਟਿਕ ਮਸ਼ੀਨ ਹੈ, ਐਨਾਲਾਈਜ਼ਰ ਉਨ੍ਹਾਂ ਸਟੇਟਾਂ ਕੋਲ ਤਾਂ ਹੈ ਪ੍ਰੰਤੂ ਸਾਡੀ ਪੰਜਾਬ ਸਟੇਟ ਵਿੱਚ ਗੂੰਗੇ ਬੋਲੇ ਬੱਚਿਆਂ ਦੀ ਸਕਰੀਨਿੰਗ ਲਈ ਇਕ ਵੀ ਮਸ਼ੀਨ ਨਹੀਂ ਹੈ ਜਦੋਂ ਕਿ ਇਹ ਬੜੀ ਜ਼ਰੂਰੀ ਗੱਲ ਹੈ । ਜੇਕਰ ਅਸੀਂ ਕਿਸੇ ਬੱਚੇ ਦਾ ਡਾਇਗਨੋਜ਼ ਛੇ ਮਹੀਨੇ ਦੇ ਅੰਦਰ ਅੰਦਰ ਕਰ ਦਿੰਦੇ ਹਾਂ, ਜੇਕਰ ਕਿਸੇ ਗੂੰਗੇ ਬੋਲੇ ਬੱਚੇ ਦੀ ਬਿਮਾਰੀ ਦਾ ਛੇ ਮਹੀਨੇ ਦੇ ਅੰਦਰ ਅੰਦਰ ਡਾਇਗਨੋਜ਼ ਹੋ ਜਾਵੇ ਤਾਂ ਉਸ ਦਾ ਇਲਾਜ ਕਰਕੇ ਉਸ ਨੂੰ ਇਕ ਨਾਰਮਲ ਬੱਚਾ ਬਣਾਇਆ ਜਾ ਸਕਦਾ ਹੈ। ਉਹ ਇਕ ਨਾਰਮਲ ਬੱਚੇ ਦੀ ਤਰ੍ਹਾਂ ਜ਼ਿੰਦਗੀ ਬਤੀਤ ਕਰ ਸਕਦਾ ਹੈ। ਇਸ ਦੇਸ਼ ਦੇ ਅੰਦਰ ਤਕਰੀਬਨ 10 ਲੱਖ ਹਰ ਸਾਲ ਅਜਿਹੇ ਬੱਚੇ ਪੈਦਾ ਹੁੰਦੇ ਹਨ, ਜਿਨ੍ਹਾਂ ਦੀ ਸੁਣਨ ਸ਼ਕਤੀ ਘੱਟ ਹੁੰਦੀ ਹੈ। ਪ੍ਰੰਤੂ ਜਦੋਂ ਬੱਚੇ ਦੀ ਉਮਰ ਚਾਰ-ਪੰਜ ਸਾਲ ਦੀ ਹੋ ਜਾਂਦੀ ਹੈ, ਸਾਨੂੰ ਅਕਸਰ ਉਦੋਂ ਹੀ ਪਤਾ ਲਗਦਾ ਹੈ ਕਿ ਸਾਡੇ ਬੱਚੇ ਨੂੰ ਤਾਂ ਸੁਣਦਾ ਹੀ ਨਹੀਂ ਹੈ। ਪਹਿਲਾਂ ਇਸ ਬਿਮਾਰੀ ਬਾਰੇ ਪਤਾ ਹੀ ਨਹੀਂ ਲਗਦਾ। ਫਿਰ ਹੀ ਪੇਰੈਂਟਸ ਡਾਕਟਰ ਕੋਲ ਲੈ ਕੇ ਬੱਚੇ ਨੂੰ ਜਾਂਦੇ ਹਨ। ਸਾਡੇ ਕੋਲ ਅੱਜ ਤੱਕ ਕਦੇ ਵੀ ਅਜਿਹੇ ਪੇਰੈਂਟਸ ਗੂੰਗੇ ਬੋਲੇ ਬੱਚੇ ਨੂੰ ਲੈ ਕੇ ਨਹੀਂ ਆਏ ਜਿਸ ਦੀ ਉਮਰ ਚਾਰ ਜਾਂ ਪੰਜ ਮਹੀਨੇ ਦੀ ਹੋਵੇ। ਬੱਚਾ ਸਾਡੇ ਕੋਲ ਉਦੋਂ ਆਉਂਦਾ ਹੈ ਜਦੋਂ ਉਸ ਦੀ ਹੀਅਰਿੰਗ ਅਸੀਂ ਇੰਪਰੂਵ ਤਾਂ ਕਰ ਸਕਦੇ ਹਾਂ ਪ੍ਰੰਤੂ ਉਸ ਦਾ ਸਿਸਟਮ ਉਸ ਨੂੰ ਅਡਾਪਟ ਕਰਨ ਲਈ ਤਿਆਰ ਨਹੀਂ ਹੁੰਦਾ, ਨਤੀਜੇ ਵਜੋਂ ਉਹ ਬੋਲ ਨਹੀਂ ਸਕਦਾ। ਸੋ, ਮੈਂ ਬੇਨਤੀ ਕਰਦਾ ਹਾਂ ਕਿ ਇਹ ਸਕਰੀਨਿੰਗ ਕਰਨ ਵਾਲੀ ਮਸ਼ੀਨ ਪੰਜਾਬ ਵਿੱਚ ਜ਼ਰੂਰ ਹੋਣੀ ਚਾਹੀਦੀ ਹੈ । ਇਹ ਤਕਰੀਬਨ ਚਾਰ ਪੰਜ ਲੱਖ ਦੀ ਹੀ ਆਉਂਦੀ ਹੈ, ਇਹ ਕੋਈ ਜ਼ਿਆਦਾ ਮਹਿੰਗੀ ਨਹੀਂ ਹੈ। ਸਪੀਕਰ ਸਾਹਿਬ, ਹੋਰ ਹੈਰਾਨੀ ਦੀ ਗੱਲ ਹੈ ਕਿ ਜਦੋਂ ਅਸੀਂ ਸਕਰੀਨਿੰਗ ਹੀ ਨਹੀਂ ਕਰ ਸਕਦੇ ਤਾਂ ਫਿਰ ਇਲਾਜ ਕਿਸ ਤਰ੍ਹਾਂ ਕਰਾਂਗੇ? ਪੰਜਾਬ ਦੇ ਅੰਦਰ ਇਕ ਵੀ ਸੈਂਟਰ ਅਜਿਹਾ ਨਹੀਂ ਹੈ ਜਿਥੇ ਡਾਕਟਰ ਕੌਕਲੀਅਰ ਟਰਾਂਸਪਲਾਂਟ (Cochlear implant) ਕਰ ਸਕਦੇ ਹੋਣ। ਜੇਕਰ ਅਸੀਂ ਆਪਣੇ ਬੱਚਿਆਂ ਦਾ ਇਲਾਜ ਹੀ ਨਹੀਂ ਕਰਵਾ ਸਕਦੇ ਤਾਂ ਫਿਰ ਫਰੀ ਸਰਵਿਸਿਜ਼ ਕਿਹੜੀਆਂ ਹਨ? ਫਿਰ ਇਹ ਕਿਹੜੀਆਂ ਸਰਵਿਸਿਜ਼ ਦੀ ਗੱਲ ਕਰਦੇ ਹਨ? ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਕ ਸੈਂਟਰ ਤਾਂ ਅਸੀਂ ਪੰਜਾਬ ਵਿਚ ਬਣਾ ਲਈਏ ਜਿਸ ਰਾਹੀਂ ਅਸੀਂ ਪੰਜਾਬ ਦੇ ਗੂੰਗੇ ਬੋਲੇ ਬੱਚਿਆਂ ਨੂੰ ਨਾਰਮਲ ਜ਼ਿੰਦਗੀ ਬਤੀਤ ਕਰਨ ਲਈ ਉਨ੍ਹਾਂ ਤੇ ਮਿਹਰਬਾਨੀ ਕਰ ਸਕੀਏ।

ਅੱਜ ਬੜੀ ਹੈਰਾਨੀ ਦੀ ਗੱਲ ਹੈ ਕਿ ਪੰਜਾਬ ਦੇ ਅੰਦਰ ਅੱਜ ਸਰਵਾਈਕਲ ਕੈਂਸਰ (Cervical Cancer) ਵਰਗੀ ਬਿਮਾਰੀ ਫੈਲ ਰਹੀ ਹੈ । ਇਹ ਕੈਂਸਰ ਇੰਡੀਆ ਵਿੱਚ ਪੰਜਵਾਂ ਸਭ ਤੋਂ ਜ਼ਿਆਦਾ ਕੈਂਸਰ ਪਾਇਆ ਜਾਂਦਾ ਹੈ। ਇਥੇ ਡਾਕਟਰ ਰਾਜ ਕੁਮਾਰ ਜੀ ਬੈਠੇ ਹਨ, ਡਾਕਟਰ ਹਰਜੋਤ ਕਮਲ ਸਿੰਘ ਬੈਠੇ ਹਨ ਅਤੇ ਡਾਕਟਰ ਧਰਮਵੀਰ ਅਗਨੀਹੋਤਰੀ ਜੀ ਵੀ ਬੈਠੇ ਹਨ, ਜੇਕਰ ਮੈਂ ਗਲਤ ਹੋਵਾਂ ਤਾਂ ਉਹ ਮੈਨੂੰ ਜ਼ਰੂਰ ਕੁਰੈਕਟ ਕਰਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਹਰ ਸਾਲ ਤਕਰੀਬਨ 10 ਲੱਖ ਲੋਕ ਇਸ ਬਿਮਾਰੀ ਨਾਲ ਮਰਦੇ ਹਨ। ਜਦੋਂ ਸਾਡੀ ਬੱਚੀ ਸੈਕਸੁਅਲੀ ਐਕਟੀਵੇਟ ਹੁੰਦੀ ਹੈ, ਜਿਹੜਾ ਐਚ.ਪੀ.ਵੀ. ਵਾਇਰਸ ਹੈ, ਉਸ ਵੇਲੇ ਇਹ ਬਿਮਾਰੀ ਉਸ ਵਾਇਰਸ ਤੋਂ ਹੁੰਦੀ ਹੈ।ਜੇਕਰ

ਅਸੀਂ ਇਸ ਵਾਇਰਸ ਦਾ ਇੰਜੈਕਸ਼ਨ ਲਗਾ ਦੇਈਏ ਤਾਂ 99.7% ਇਸ ਬਿਮਾਰੀ ਦਾ ਵਾਇਰਸ ਖਤਮ ਹੋ ਜਾਂਦਾ ਹੈ। ਇਹ ਸਟੱਡੀ ਹੋਈ ਹੈ ਕਿ ਜੇਕਰ 70% ਲੋਕਾਂ ਨੂੰ ਅਸੀਂ ਇਹ ਇੰਜੈਕਸ਼ਨ ਦੇ ਦੇਈਏ ਤਾਂ ਇਸ ਦਾ ਰਿਸਕ ਰੇਟ 50% ਘੱਟ ਜਾਂਦਾ ਹੈ ਪ੍ਰੰਤੂ ਅੱਜ ਤੱਕ ਸਾਡੇ ਸਰਕਾਰੀ ਹਸਪਤਾਲਾਂ ਵਿੱਚ ਇਹ ਫੈਸਿਲਟੀ ਕਿਉਂ ਨਹੀਂ ਦਿੱਤੀ ਗਈ? ਮੈਂ ਸਰਕਾਰ ਤੋਂ ਆਸ ਕਰਦਾ ਹਾਂ ਕਿ ਇਸ ਤੇ ਜ਼ਰੂਰ ਕੋਈ ਐਕਸ਼ਨ ਕੀਤਾ ਜਾਵੇਗਾ ।

ਹੁਣ ਮੈਂ ਓਰਲ ਕੈਂਸਰ ਬਾਰੇ ਦੱਸਣਾ ਚਾਹੁੰਦਾ ਹਾਂ। ਜਿਥੇ ਅਮਰੀਕਾ ਵਰਗੇ ਦੇਸ਼ ਵਿਚ ਸਿਰਫ 7 ਤੋਂ 8 ਹਜ਼ਾਰ ਲੋਕ ਓਰਲ ਕੈਂਸਰ ਨਾਲ ਮਰਦੇ ਹਨ ਪ੍ਰੰਤੂ ਸਾਡੇ ਦੇਸ਼ ਵਿੱਚ ਤਕਰੀਬਨ 1,30,000 ਵਿਅਕਤੀ ਇਸ ਕੈਂਸਰ ਨਾਲ ਮਰਦੇ ਹਨ। ਜੇਕਰ ਅਸੀਂ ਹਸਪਤਾਲਾਂ ਵਿੱਚ ਪਰਾਪਰ ਸਿਸਟਮ ਅਡਾਪਟ ਕਰੀਏ ਤਾਂ ਇਹ ਬਿਮਾਰੀ ਘੱਟ ਸਕਦੀ ਹੈ। ਸਵੇਰੇ ਵੀ ਮੇਰੀ ਗੱਲ ਹੋਈ ਸੀ, ਸਾਨੂੰ ਸਕੂਲਾਂ ਦੇ ਲੈਵਲ ਤੇ ਭਾਵ ਸਕੂਲਾਂ ਵਿੱਚ ਪੜ੍ਹਨ ਵਾਲੇ ਬੱਚਿਆਂ ਲਈ ਵੀ ਜਿਹੜੇ ਡਾਕਟਰ ਚਾਹੀਦੇ ਹਨ, ਉਹ ਸਾਡੇ ਕੋਲ ਨਹੀਂ ਹਨ। ਸਾਡੇ ਕੋਲ ਓਪਥੈਲਮਿਕ (Ophthalmic) ਅਫ਼ਸਰ ਨਹੀਂ ਹਨ, ਸਾਡੇ ਕੋਲ ਈ.ਐਨ.ਟੀ. ਸਰਜਨ ਨਹੀਂ ਹਨ, ਸਾਡੇ ਕੋਲ ਪੈਡੀਆਟ੍ਰਿਸ਼ਨ (Pediatrician) ਨਹੀਂ ਹਨ। ਸਾਡੇ ਸਿਵਲ ਹਸਪਤਾਲਾਂ ਵਿੱਚ ਇਕ ਪੈਡੀਆਟ੍ਰੀਸ਼ਨ ਜ਼ਰੂਰ ਹੋਣਾ ਚਾਹੀਦਾ ਹੈ। ਬੜੀ ਹੈਰਾਨੀ ਹੁੰਦੀ ਹੈ ਕਿ ਸਾਡੇ ਸਿਵਲ ਹਸਪਤਾਲਾਂ ਵਿੱਚ ਇਕ ਵੀ ਪੈਡੀਆਟ੍ਰਿਸ਼ਨ ਨਹੀਂ ਹੈ, ਜੇਕਰ ਤੁਸੀਂ ਕਦੇ ਉਥੇ ਜਾਵੋ ਤਾਂ ਪਤਾ ਲੱਗ ਜਾਵੇਗਾ ਕਿ ਕਿੰਨੇ ਕੁ ਲੋਕ ਉੱਥੇ ਐਡਮਿਸ਼ਨ ਲੈਂਦੇ ਹਨ। ਜੇਕਰ ਅੱਜ ਸੂਬੇ ਵਿੱਚ ਪ੍ਰਾਈਵੇਟ ਹਸਪਤਾਲ ਸਕਸੈਸਫੁਲੀ ਚੱਲ ਰਹੇ ਹਨ ਤਾਂ ਉਸ ਦਾ ਕੋਈ ਕਾਰਨ ਵੀ ਹੋਣਾ ਹੈ। ਦੇਖੋ, ਜੇਕਰ ਅਸੀਂ ਸਿਸਟਮ ਨੂੰ ਠੀਕ ਕਰਨਾ ਚਾਹੁੰਦੇ ਹਾਂ ਤਾਂ ਇਸ ਦੇ ਵਿੱਚ ਸਾਨੂੰ ਜ਼ਰੂਰ ਇੰਪਰੂਵਮੈਂਟ ਲਿਆਉਣੀ ਪਵੇਗੀ।

ਮਾਨਯੋਗ ਸਪੀਕਰ ਸਾਹਿਬ, ਇਥੇ ਫਰੀ ਡਾਇਲਸਿਸ ਦੀ ਗੱਲ ਹੋਈ ਹੈ। ਅਸੀਂ ਫਰੀ ਡਾਇਲਸਿਸ ਦੀ ਸੁਵਿਧਾ ਤਾਂ ਕਰ ਦਿੱਤੀ ਪਰ ਜਿਸ ਤਰ੍ਹਾਂ ਮੇਰੇ ਬੰਗੇ ਹਲਕੇ ਵਿੱਚ ਦੋ ਮਸ਼ੀਨਾਂ ਹਨ, ਉੱਥੇ ਇਕ ਦਿਨ ਡਾਇਲਸਿਸ ਹੁੰਦਾ ਹੈ, ਫਿਰ ਵੀ ਲੋਕ ਪ੍ਰਾਈਵੇਟ ਹਸਪਤਾਲਾਂ ਵੱਲ ਜਾਂਦੇ ਹਨ। ਮੈਂ ਇੱਕ ਗੱਲ ਮੰਤਰੀ ਸਾਹਿਬ ਦੇ ਧਿਆਨ ਵਿਚ ਲਿਆਉਣੀ ਚਾਹੁੰਦਾ ਹਾਂ, ਇਹ ਬਹੁਤ ਜ਼ਰੂਰੀ ਗੱਲ ਹੈ ਜੀ। ਸਰਕਾਰੀ ਹਸਪਤਾਲ ਵਾਲੇ ਕਹਿਣਗੇ ਕਿ ਡਾਇਲਸਿਸ ਵਾਸਤੇ ਕੁਆਲੀਫਾਈਡ ਡਾਕਟਰ ਚਾਹੀਦਾ ਹੈ ਪਰ ਜੇਕਰ ਪ੍ਰਾਈਵੇਟ ਹਸਪਤਾਲਾਂ ਵਿੱਚ ਨੈਫਰੋਲੋਜਿਸਟਜ (Nephrologists) ਹਨ, ਯੂਰੋਲੋਜਿਸਟਸ (Urologists) ਹਨ, ਜੇ ਉਨ੍ਹਾਂ ਵਿੱਚ ਇਕ ਉਥੇ ਬੀ.ਏ.ਐਮ.ਐਸ., ਇੱਕ ਸਿੰਪਲ ਐਮ.ਬੀ.ਬੀ.ਐਸ. ਡਾਕਟਰ ਡਾਇਲਸਿਸ ਕਰ ਸਕਦਾ ਹੈ ਤਾਂ ਸਾਡੇ ਡਾਕਟਰਾਂ ਨੂੰ ਕਿਉਂ ਨਹੀਂ ਟਰੇਂਡ ਕੀਤਾ ਜਾਂਦਾ। ਮੈਂ ਇਕ ਗੱਲ ਹੋਰ ਕਹਿਣੀ ਹੈ ਕਿ ਇਥੇ ਵਾਰ ਵਾਰ ਰੌਲਾ ਪਾਇਆ ਜਾਂਦਾ ਹੈ ਕਿ ਸਾਨੂੰ ਕੁਆਲੀਫਾਈਡ ਡਾਕਟਰ ਨਹੀਂ ਮਿਲਦੇ। ਅੱਜ ਕੇਂਦਰ ਦੀ ਐਮ.ਸੀ.ਆਈ. ਨੇ ਚਿੱਠੀ ਲਿਖੀ ਹੈ। ਆਮ ਤੌਰ ਤੇ ਇਕ ਅਸਿਸਟੈਂਟ ਪ੍ਰੋਫੈਸਰ ਨੂੰ ਦੋ ਸੀਟਾਂ ਪੋਸਟ ਗਰੈਜੂਏਸ਼ਨ ਦੀਆਂ ਮਿਲਦੀਆਂ ਸਨ। ਉਨ੍ਹਾਂ ਨੇ ਰਾਜਾਂ ਨੂੰ ਚਿੱਠੀ ਲਿਖ ਕੇ ਜਾਣਕਾਰੀ ਮੰਗੀ ਕਿ ਅਸੀਂ ਇਹ ਸੀਟਾਂ ਵਧਾ ਕੇ ਇਕ ਤੋਂ ਦੋ ਅਤੇ ਦੋ ਤੋਂ ਤਿੰਨ ਕਰ ਸਕਦੇ ਹਾਂ ਅਤੇ ਤੁਸੀਂ ਸਾਨੂੰ ਇਸ ਸਬੰਧੀ ਲੋੜੀਂਦੀ ਜਾਣਕਾਰੀ ਭੇਜੋ ਪਰ ਬੜੀ ਹੈਰਾਨੀ ਦੀ ਗੱਲ ਹੈ ਕਿ ਜਿਹੜੀ ਮੇਰੇ ਕੋਲ ਲਿਸਟ ਹੈ, ਉਸ ਵਿੱਚ ਪੰਜਾਬ ਦਾ ਨਾਮ ਹੀ ਨਹੀਂ ਹੈ। ਇਸ ਦਾ ਮਤਲਬ ਇਹ ਹੈ ਕਿ ਪੰਜਾਬ ਨੇ ਹਾਲੇ ਤੱਕ ਇਹ ਇਨਫਰਮੇਸ਼ਨ ਹੀ ਨਹੀਂ ਭੇਜੀ।ਜੇਕਰ ਇਹ ਜਾਣਕਾਰੀ ਭੇਜ ਦਿੱਤੀ ਜਾਂਦੀ ਤਾਂ ਸਾਡੀਆਂ ਪੋਸਟ ਗਰੈਜੂਏਸ਼ਨ ਦੀਆਂ 50-60 ਸੀਟਾਂ ਵੱਧ ਜਾਣੀਆਂ ਸਨ। ਮੈਂ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮਹਾਰਾਸ਼ਟਰ ਅਤੇ ਮੱਧ ਪ੍ਰਦੇਸ਼ ਵਿਚ ਸਟੇਟ ਦੇ ਗਰੈਜੂਏਟਸ ਨੂੰ ਹੀ ਪੋਸਟ ਗਰੈਜੂਏਸ਼ਨ ਵਿਚ ਦਾਖਲਾ ਦਿੱਤਾ ਜਾਂਦਾ ਹੈ।

**ਮਾਨਯੋਗ ਸਪੀਕਰ:** ਧੰਨਵਾਦ ਜੀ।

**ਡਾਕਟਰ ਸੁਖਵਿੰਦਰ ਕੁਮਾਰ:** ਸਪੀਕਰ ਸਾਹਿਬ, ਇਕ ਮਿੰਟ ਜੀ।

**ਮਾਨਯੋਗ ਸਪੀਕਰ:** ਡਾਕਟਰ ਸਾਹਿਬ, ਬੜੀ ਲੰਬੀ ਲਿਸਟ ਹੈ।

**ਡਾਕਟਰ ਸੁਖਵਿੰਦਰ ਕੁਮਾਰ:** ਇਕ ਮਿੰਟ ਸਰ, ਮੈਂ ਕਹਿਣਾ ਚਾਹੁੰਦਾ ਹਾਂ ਕਿ ਪੋਸਟ ਗਰੈਜੂਏਸ਼ਨ ਕੋਰਸਾਂ ਵਿੱਚ 50 ਫੀਸਦੀ ਸੀਟਾਂ ਸਟੇਟ ਦੇ ਡੌਮੀਸਾਈਲ ਹੋਲਡਰਾਂ ਨੂੰ ਮਿਲਦੀਆਂ ਹਨ ਪਰ ਸਾਡੀ ਸਟੇਟ ਵਿੱਚ ਅਸੀਂ ਆਪਣੇ ਡੌਮੀਸਾਈਲ ਵਿਦਿਆਰਥੀਆਂ ਨੂੰ ਇਹ ਸਹੂਲਤ ਨਹੀਂ ਦਿੱਤੀ। ਸੋ, ਮੈਂ ਇਹ ਬੇਨਤੀ ਕਰਾਂਗਾ ਕਿ ਸਾਨੂੰ ਇਸ ਮਸਲੇ ਤੇ ਕੋਈ ਕਮੇਟੀ ਦਾ ਗਠਨ ਕਰਨਾ ਚਾਹੀਦਾ ਹੈ।

**ਮਾਨਯੋਗ ਸਪੀਕਰ:** ਧੰਨਵਾਦ ਜੀ।

**ਡਾਕਟਰ ਸੁਖਵਿੰਦਰ ਕੁਮਾਰ:** ਸਪੀਕਰ ਸਾਹਿਬ, ਮੈਂ ਅਖੀਰ ਵਿਚ ਕਹਿੰਦਾ ਹਾਂ ਕਿ ਜਿਵੇਂ ਵਿਧਾਨ ਸਭਾ ਵਿੱਚ ਐਸ.ਸੀ.ਵੈਲਫੇਅਰ ਅਤੇ ਹੋਰ ਕਮੇਟੀਆਂ ਬਣੀਆਂ ਹਨ ਉਸੇ ਤਰ੍ਹਾਂ ਐਜੂਕੇਸ਼ਨ ਅਤੇ ਹੈਲਥ ਤੇ ਵੀ ਕਮੇਟੀਆਂ ਬਣਾਈਆਂ ਜਾਣ ਤਾਂ ਜੋ ਹਰ ਹਫਤੇ ਐਜੂਕੇਸ਼ਨ ਅਤੇ ਹੈਲਥ ਬਾਰੇ ਗੱਲ ਕਰ ਸਕੀਏ। ਧੰਨਵਾਦ ਜੀ।

**ਸਰਦਾਰ ਕੁਲਬੀਰ ਸਿੰਘ (ਜ਼ੀਰਾ) :** ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਅੱਜ ਸਿਹਤ ਸੇਵਾਵਾਂ ਤੇ ਗੱਲ ਚੱਲ ਰਹੀ ਹੈ ਜੋ ਕਿ ਸਰਕਾਰ ਦਾ ਮੁੱਢਲਾ ਫਰਜ਼ ਬਣਦਾ ਹੈ। ਮੈਂ ਸਾਡੇ ਸਿਹਤ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਕਾਫੀ ਉਪਰਾਲੇ ਕੀਤੇ ਹਨ। ਸਭ ਤੋਂ ਜ਼ਰੂਰੀ ਹੈ ਕਿ ਜਿਹੜੇ ਡਾਕਟਰ ਹਸਪਤਾਲਾਂ ਵਿਚ ਕੰਮ ਕਰਦੇ ਸੀ, ਉਨ੍ਹਾਂ ਦੀ ਤਨਖਾਹ ਕੇਵਲ 19,000/- ਰੁਪਏ ਸੀ ਪਰ ਹੁਣ ਸਰਕਾਰ ਨੇ ਉਨ੍ਹਾਂ ਦੀ ਤਨਖਾਹ ਵਧਾ ਕੇ 45,000/- ਰੁਪਏ ਕਰ ਦਿੱਤੀ। ਇਸ ਗੱਲ ਦਾ ਮੈਂ ਧੰਨਵਾਦ ਕਰਦਾ ਹਾਂ। ਇਸ ਤੋਂ ਇਲਾਵਾ ਇੱਥੇ ਨਸ਼ਿਆਂ ਬਾਰੇ ਵੀ ਗੱਲ ਚੱਲੀ ਹੈ। ਪਿਛਲੀ 10 ਸਾਲਾਂ ਦੀ ਸਰਕਾਰ ਦੌਰਾਨ ਛੋਟੇ ਛੋਟੇ ਪ੍ਰਾਈਵੇਟ ਮੈਡੀਕਲ ਸਟੋਰਾਂ ਵਾਲਿਆਂ ਨੇ ਨਸ਼ੇ ਵੇਚ ਕੇ ਸ਼ੋਅਰੂਮ ਪਾ ਲਏ। ਉਸ ਸਰਕਾਰ ਨੇ ਇਨ੍ਹਾਂ ਤੇ ਕੰਟਰੋਲ ਨਹੀਂ ਕੀਤਾ, ਜਿਸ ਕਾਰਨ ਸਾਡਾ ਨੌਜਵਾਨ ਮੈਡੀਕਲ ਨਸ਼ੇ ਵਿੱਚ ਗ੍ਰਸਤ ਹੋਇਆ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਦੀ ਕੈਪਟਨ ਸਾਹਿਬ ਦੀ ਸਰਕਾਰ ਆਈ ਹੈ, ਹੁਣ ਪ੍ਰਾਈਵੇਟ ਮੈਡੀਕਲ ਸਟੋਰਾਂ ਨੂੰ ਨਕੇਲ ਪਾਈ ਗਈ ਹੈ ਅਤੇ ਜਿਹੜੇ ਨੌਜਵਾਨ ਨਸ਼ਿਆਂ ਵਿਚ ਗ੍ਰਸਤ ਸੀ, ਉਨ੍ਹਾਂ ਦਾ ਫਰੀ ਇਲਾਜ ਕਰਵਾਇਆ ਜਾ ਰਿਹਾ ਹੈ। ਮੈਂ ਉਸ ਲਈ ਵੀ ਸਰਕਾਰ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ। ਜਿਹੜੇ ਨੌਜਵਾਨ ਨਸ਼ੇ ਕਰਦੇ ਹਨ, ਉਨ੍ਹਾਂ ਦਾ ਸਰਕਾਰ ਵਲੋਂ ਫਰੀ ਇਲਾਜ ਕਰਵਾਉਣ ਲਈ ਪਿੰਡਾਂ ਵਿਚ ਕਮੇਟੀਆਂ ਬਣਾਈਆਂ ਜਾ ਰਹੀਆਂ ਹਨ। ਇਥੇ ਬੀ.ਜੇ.ਪੀ. ਵਾਲੇ ਉਠ ਕੇ ਚਲੇ ਗਏ ਹਨ, ਇਥੇ ਅਬੋਹਰ ਵਾਲੇ ਬੈਠੇ ਹਨ, ਮੇਰੀ ਗੱਲ ਸੁਣ ਕੇ ਜਾਣਾ । ਜੇਕਰ ਤੁਸੀਂ ਕੋਈ ਕੰਮ ਕਰਨਾ ਨਹੀਂ ਹੁੰਦਾ ਤਾਂ ਰੋਕਿਆ ਨਾ ਕਰੋ। ਜੇ ਸ਼ਾਬਾਸ਼ ਨਹੀਂ ਦੇਣੀ ਹੁੰਦੀ ਤਾਂ ਕੰਮ ਤੇ ਪਾਬੰਦੀ ਨਾ ਲਾਇਆ ਕਰੋ। ਅੱਜ ਯਾਦ ਕਰੋ, ਸਾਲ 2012 ਵਿੱਚ ਡਾਕਟਰ ਮਨਮੋਹਨ ਸਿੰਘ ਜੀ, ਸਾਬਕਾ ਪ੍ਰਧਾਨ ਮੰਤਰੀ ਅਤੇ ਮੈਡਮ ਸੋਨੀਆ ਗਾਂਧੀ ਜੀ ਨੇ ਪੰਜਾਬ ਨੂੰ ਪੀ.ਜੀ.ਆਈ ਦਿੱਤਾ ਸੀ ਜਿਸ ਦਾ ਸ੍ਰੀ ਰਾਹੁਲ ਗਾਂਧੀ ਜੀ ਨੇ ਸੰਗਰੂਰ ਵਿੱਚ PGI Satellite Centre ਦਾ ਉਦਘਾਟਨ ਕੀਤਾ। ਫਿਰੋਜ਼ਪੁਰ ਜ਼ਿਲ੍ਹਾ ਬਾਰਡਰ ਬੈਲਟ ਤੇ ਪੈਂਦਾ ਹੈ, ਜਿਸ ਨੂੰ ਤੁਸੀਂ ਸਾਰੇ ਜਾਣਦੇ ਹੋ, ਇੱਥੇ ਅਬੋਹਰ ਵਾਲੇ ਵੀ ਬੈਠੇ ਹਨ। ਜਦੋਂ ਫਿਰੋਜ਼ਪੁਰ ਨੂੰ

ਪੀ.ਜੀ.ਆਈ ਦੇਣ ਦੀ ਵਾਰੀ ਆਈ ਤਾਂ ਕਮਲ ਸ਼ਰਮਾ ਜੀ ਨੇ ਦਿੱਲੀ ਜਾ ਕੇ ਇਹ ਗੱਲ ਕਹੀ ਕਿ ਜਦੋਂ ਪੀ.ਜੀ.ਆਈ. ਦੇਣ ਸੰਬੰਧੀ ਗੱਲ ਹੋਈ ਸੀ ਤਾਂ ਉਦੋਂ ਸਰਦਾਰ ਮਨਮੋਹਨ ਸਿੰਘ ਜੀ ਦੀ ਸਰਕਾਰ ਸੀ ਪਰ ਹੁਣ ਸਰਕਾਰ ਬਦਲ ਗਈ ਹੈ। ਇਸ ਕਰਕੇ ਇਨ੍ਹਾਂ ਨੇ ਫਿਰੋਜ਼ਪੁਰ ਵਿਖੇ ਪੀ.ਜੀ.ਆਈ. ਦਾ ਸੈਟੇਲਾਈਟ ਸੈਂਟਰ ਬਣਾਉਣ ਦੀ ਜਗ੍ਹਾ ਨਹੀਂ ਦਿੱਤੀ। ਫਿਰੋਜ਼ਪੁਰ ਵਿੱਚ ਜਿਹੜਾ ਏਅਰਪੋਰਟ ਸਥਾਪਤ ਕੀਤਾ ਜਾਣਾ ਸੀ, ਉਸ ਲਈ ਵੀ ਜਗ੍ਹਾ ਇਨ੍ਹਾਂ ਨੇ ਨਹੀਂ ਦਿੱਤੀ। ਮੈਂ ਧੰਨਵਾਦ ਕਰਨਾ ਚਾਹੁੰਦਾ ਹਾਂ, ਮੰਤਰੀ ਸਾਹਿਬ ਦਾ, ਕੈਪਟਨ ਸਾਹਿਬ ਦਾ ਜਿਨ੍ਹਾਂ ਨੇ ਸਰਕਾਰ ਬਣਦਿਆਂ ਸਾਰ ਸਭ ਤੋਂ ਪਹਿਲਾਂ ਫਿਰੋਜ਼ਪੁਰ ਵਿਖੇ ਪੀ.ਜੀ.ਆਈ ਦਾ Satellite Centre ਬਣਾਉਣ ਲਈ ਜਗ੍ਹਾ ਦਿੱਤੀ ਹੈ ਅਤੇ ਜਲਦੀ ਤੋਂ ਜਲਦੀ ਉਥੇ ਕੰਮ ਸ਼ੁਰੂ ਹੋ ਜਾਏਗਾ (ਥੰਪਿੰਗ)। ਡਾਕਟਰ ਸਾਹਿਬ ਤੁਸੀਂ ਜਿਹੜੀ ਗੱਲ ਕੀਤੀ ਹੈ ਕਿ 60 ਕਰੋੜ ਦੇ ਕਰੀਬ ਲਗਾ ਕੇ ਜੈਨਰਿਕ ਦਵਾਈਆਂ ਲਈ ਹਰ ਹਸਪਤਾਲ ਵਿੱਚ ਦੁਕਾਨਾਂ ਖੋਲ੍ਹੀਆਂ ਹਨ। ਦੁਕਾਨਾਂ ਤੋਂ ਦਵਾਈ ਨਹੀਂ ਮਿਲੀ ਪਰ ਬਾਦਲ ਸਾਹਿਬ ਦੀ ਹਰ ਜਗ੍ਹਾ ਫੋਟੋ ਜ਼ਰੂਰ ਮਿਲੀ। ਜਿਹੜਾ ਕੋਈ ਮਰੀਜ਼ ਆਉਂਦਾ ਸੀ, ਉਹ ਦੇਖਦਾ ਸੀ। ਮੈਨੂੰ ਤਾਂ ਬੋਲ ਲੈਣ ਦਿਓ। (ਵਿਘਨ)(ਸ਼ੋਰ)

**ਸ਼੍ਰੀ ਐਨ.ਕੇ.ਸ਼ਰਮਾ:** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ । ਸਪੀਕਰ ਸਾਹਿਬ, ਪੂਰੇ ਹਿੰਦੁਸਤਾਨ ਵਿੱਚ ਹੈਲਥ ਦੇ ਜੇਕਰ ਕੰਮ ਹੋਏ ਹਨ ਤਾਂ ਪੰਜਾਬ ਵਿੱਚ ਸਾਡੇ ਟਾਈਮ ਵਿੱਚ ਸਭ ਤੋਂ ਵੱਧ ਹੋਏ ਹਨ। (ਵਿਘਨ)(ਸ਼ੋਰ)

**ਮਾਨਯੋਗ ਸਪੀਕਰ :** ਇਨ੍ਹਾਂ ਨੂੰ ਹੁਣ ਬੋਲ ਲੈਣ ਦਿਓ। ਇੰਟਰੱਪਟ ਨਾ ਕਰੋ, ਇੰਟਰੱਪਟ ਨਾ ਕਰੋ, ਇੰਟਰੱਪਟ ਨਾ ਕਰੋ। ਟਾਈਮ ਥੋੜ੍ਹਾ ਰਹਿ ਗਿਆ ਹੈ। ਹੋਰ ਵੀ ਬੁਲਾਰਿਆਂ ਨੇ ਬੋਲਣਾ ਹੈ। ਪਲੀਜ਼ ਬੋਲ ਲੈਣ ਦਿਓ। ਤੁਸੀਂ ਇੰਟਰੱਪਟ ਨਾ ਕਰੋ। (ਵਿਘਨ)(ਸ਼ੋਰ)

**ਸਰਦਾਰ ਕੁਲਬੀਰ ਸਿੰਘ :** ਸਪੀਕਰ ਸਾਹਿਬ, ਜਿਹੜੀ ਜੈਨਰਿਕ ਦਵਾਈਆਂ ਦੀਆਂ ਦੁਕਾਨਾਂ ਸੀ....।(ਵਿਘਨ)(ਸ਼ੋਰ)

**ਮਾਨਯੋਗ ਸਪੀਕਰ :** ਇਨ੍ਹਾਂ ਨੂੰ ਹੁਣ ਬੋਲ ਲੈਣ ਦਿਓ। ਪਹਿਲੀ ਵਾਰ ਬੋਲ ਰਹੇ ਹਨ । ਚਲੋ, ਅਮਨ ਅਰੋੜਾ ਜੀ ਦੀ ਗੱਲ ਸੁਣ ਲਈਏ। ਕੀ ਕਹਿੰਦੇ ਹਨ ?

**ਸ਼੍ਰੀ ਅਮਨ ਅਰੋੜਾ :** ਸਪੀਕਰ ਸਾਹਿਬ, ਮੈਂ ਗਿਣਤੀ ਦਾ ਇੱਕ ਮਿੰਟ ਹੀ ਲਵਾਂਗਾ। ਮੇਰੀ ਇੱਕ ਛੋਟੀ ਜਿਹੀ ਸੁਜੈਸ਼ਨ ਇਹ ਹੈ। ਵੈਸੇ ਤਾਂ ਹੈਲਥ ਅਤੇ ਐਜੂਕੇਸ਼ਨ ਦੀ ਜ਼ਿੰਮੇਵਾਰੀ ਹਰੇਕ ਵੈਲਫੇਅਰ ਸਟੇਟ ਦੀ ਹੁੰਦੀ ਹੈ। ਇੱਕ ਦਿਨ ਪੇਪਰ ਵਿੱਚ ਪੜ੍ਹਿਆ ਸੀ ਕਿ ਕੋਈ ਵੀ ਚੀਜ਼ ਪੰਜਾਬ ਵਿੱਚ ਬੰਦ ਹੋਵੇਗੀ ਤਾਂ ਦੁੱਖ ਹੁੰਦਾ ਹੈ। ਜੇ ਤੁਸੀਂ 1637 ਸੇਵਾ ਕੇਂਦਰ ਪਿੰਡਾਂ ਵਾਲੇ ਬੰਦ ਕਰਨ ਲੱਗੇ ਹੋ ਤਾਂ ਉਨ੍ਹਾਂ ਨੂੰ ਦਿੱਲੀ ਦੀ ਤਰਜ਼ ਤੇ ਮੁਹੱਲਾ ਕਲੀਨਿਕਾਂ ਦੀ ਤਰਜ਼ ਤੇ ਕਨਵਰਟ ਕਰ ਸਕਦੇ ਹੋ ਤੇ ਇਸ ਦੇ ਲਈ ਤੁਹਾਨੂੰ ਐਨ.ਆਰ.ਆਈ ਅਤੇ ਜਿੰਨੇ ਸੀ.ਐਸ.ਆਰ ਦੇ ਅਗੇਨਸਟ ਜਿੰਨੇ ਕਾਰਪੋਰੇਟਸ ਹਨ, ਉਹ ਤੁਹਾਨੂੰ ਹੈਲਪ ਕਰਨ ਲਈ ਤਿਆਰ ਹੋ ਜਾਣਗੇ।

**ਮਾਨਯੋਗ ਸਪੀਕਰ :** ਪਲੀਜ਼ ਬੈਠੋ, ਬੈਠੋ।

**ਸ਼੍ਰੀ ਅਮਨ ਅਰੋੜਾ :** ****

**ਮਾਨਯੋਗ ਸਪੀਕਰ :** ਬੈਠੋ, ਤੁਸੀਂ ਆਪਣੀ ਗੱਲ ਕਹਿ ਦਿੱਤੀ ਹੈ। ਇਹ ਪੌਣੇ ਦੋ ਘੰਟੇ ਖਰਾਬ ਨਹੀਂ ਹੋਏ ਹਨ, ਬੜੀਆਂ useful suggestions ਆਈਆਂ ਹਨ, ਬੜੇ ਅੱਛੇ ਬੁਲਾਰੇ ਬੋਲੇ ਹਨ।

**ਸ਼੍ਰੀ ਅਮਨ ਅਰੋੜਾ :** ਮੈਨੂੰ ਇਸ ਗੱਲ ਦਾ ਇਤਰਾਜ਼ ਹੈ ਕਿ ਇਹ ਸਮਾਂ ਖਰਾਬ ਹੋਇਆ ਹੈ।

**ਮਾਨਯੋਗ ਸਪੀਕਰ :** ਨਹੀਂ ਜੀ, ਇਹ ਸਮਾਂ ਬਿਲਕੁਲ ਖਰਾਬ ਨਹੀਂ ਹੋਇਆ ਹੈ। ਮੈਨੂੰ ਇਸ ਗੱਲ ਦਾ ਇਤਰਾਜ਼ ਹੈ। ਮੈਨੂੰ ਇਸ ਗੱਲ ਦਾ ਇਤਰਾਜ਼ ਹੈ। ਬੁਲਾਰੇ ਬਹੁਤ ਅੱਛੇ ਬੋਲੇ ਹਨ, ਬੜੇ ਕੀਮਤੀ ਸੁਝਾਅ ਦਿੱਤੇ ਹਨ। ਪਲੀਜ਼ ਬੈਠੋ, ਪਲੀਜ਼ ਬੈਠੋ।

**Shri Aman Arora :** Speaker Sahib, I take my words back.

**ਮਾਨਯੋਗ ਸਪੀਕਰ :** ਠੀਕ ਹੈ, ਹੁਣ ਬੈਠੋ। Useless ਨਹੀਂ ਹੈ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ** : ਮੈਂ ਸ਼ਰਮਾ ਜੀ ਦੀ ਗੱਲ ਨਾਲ ਬਿਲਕੁਲ ਸਹਿਮਤ ਹਾਂ ਜੋ ਇਨ੍ਹਾਂ ਨੇ ਕਿਹਾ ਕਿ ਇਹ ਸਾਰੇ ਕੰਮ ਬਾਦਲ ਸਾਹਿਬ ਦੀ ਸਰਕਾਰ ਵਿੱਚ ਹੋਏ ਹਨ। ਸਾਰੇ ਹੀ ਕੰਮ ਜਿਵੇਂ ਕਿ ਨਸ਼ਾ, ਬੱਸਾਂ ਥੱਲੇ ਲੋਕ ਠੋਕਣੇ, ਬੇਅਦਬੀਆਂ ਹੋਣੀਆਂ। ਸਾਰੇ ਹੀ ਚੜ੍ਹਦੀ ਕਲਾ ਵਾਲੇ ਕੰਮ ਤੁਹਾਡੇ ਰਾਜ ਵਿੱਚ ਹੀ ਹੋਏ ਹਨ, ਸੋ ਕਿਰਪਾ ਕਰਕੇ ਹੁਣ ਜ਼ਰਾ ਸੁਣ ਲਉ।

**ਸਰਦਾਰ ਰਣਦੀਪ ਸਿੰਘ :** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ ।

**ਮਾਨਯੋਗ ਸਪੀਕਰ** : ਨਾਭਾ ਜੀ, ਬੈਠੋ ਪਲੀਜ਼। ਪਲੀਜ਼ ਬੋਲਣ ਦਿਉ। ਨਾਭਾ ਜੀ, ਬੈਠ ਜਾਉ।

**ਸਰਦਾਰ ਰਣਦੀਪ ਸਿੰਘ** : ਇੱਕ ਮਿੰਟ ਜੀ। ਮੇਰੀ ਬੇਨਤੀ ਹੈ।

**ਮਾਨਯੋਗ ਸਪੀਕਰ** : ਨਾਭਾ ਜੀ ਇਸ ਤਰ੍ਹਾਂ ਕੰਮ ਚੱਲਣਾ ਨਹੀਂ।

**ਸਰਦਾਰ ਰਣਦੀਪ ਸਿੰਘ** : ਮੇਰੀ ਬੇਨਤੀ ਹੈ ਜੀ, ਬੱਸ ਇੱਕ ਮਿੰਟ। ਮੇਰੀ ਬੇਨਤੀ ਹੈ ਸਪੀਕਰ ਸਾਹਿਬ, ਕਿ ਅਰੋੜਾ ਜੀ ਬੜੇ ਸਤਿਕਾਰਯੋਗ ਹਨ। ਮੈਂ ਬੇਨਤੀ ਕਰਾਂਗਾ ਕਿ ਜੋ ਇਨ੍ਹਾਂ ਨੇ ਕਿਹਾ ਹੈ, ਇਹ ਘੱਟੋ-ਘੱਟ ਐਕਸਪੰਜ ਕੀਤਾ ਜਾਵੇ। ਦੂਜੀ ਗੱਲ ਇਹ ਹੈ ਕਿ ਜੋ ਮੈਂਬਰ ਸਾਹਿਬਾਨ ਬੋਲਦੇ ਹਨ, ਮੇਰੀ ਸਾਰੇ ਮੈਂਬਰਾਂ ਨੂੰ ਹੱਥ ਜੋੜ ਕੇ ਬੇਨਤੀ ਹੈ, ਅਸੀਂ ਸਾਰੇ ਹੀ ਚੁਣ ਕੇ ਆਏ ਹਾਂ। ਜਿਹੜਾ ਮੈਂਬਰ ਪਹਿਲੀ ਵਾਰ ਬੋਲ ਰਿਹਾ ਹੈ, ਉਨ੍ਹਾਂ ਨੂੰ ਬੋਲਣ ਦਿਉ। ਜੇਕਰ ਅਸੀਂ ਰੁਕਾਵਟ ਕਰਾਂਗੇ, ਇਸ ਵਿੱਚ ਆਪਣਾ ਹੀ ਟਾਈਮ ਜ਼ਾਇਆ ਹੋਵੇਗਾ।

**ਮਾਨਯੋਗ ਸਪੀਕਰ** : ਬਹੁਤ ਸਾਰੇ ਮੈਂਬਰ ਪਹਿਲੀ ਵਾਰ ਬੋਲ ਰਹੇ ਹਨ। ਪਲੀਜ਼ ਉਨ੍ਹਾਂ ਨੂੰ ਬੋਲਣ ਦਿਉ। ਜ਼ੀਰਾ ਜੀ,ਤੁਸੀਂ ਬੋਲੋ।

**ਸਰਦਾਰ ਕੁਲਬੀਰ ਸਿੰਘ** : ਸਪੀਕਰ ਸਾਹਿਬ, ਇਨ੍ਹਾਂ ਨੂੰ ਗੁੱਸਾ ਨਹੀਂ ਕਰਨਾ ਚਾਹੀਦਾ। ਮੇਰਾ ਬਾਪੂ ਜਦੋਂ ਹੈਲਥ ਮਨਿਸਟਰ ਸੀ, ਇਨ੍ਹਾਂ ਦੀ ਸਰਕਾਰ ਵਿੱਚ ਸੀ। ਇਨ੍ਹਾਂ ਦੇ ਕੰਮ ਚੰਗੇ ਨਹੀਂ ਲੱਗੇ ਤਾਂ ਅਸੀਂ ਅਸਤੀਫਾ ਦੇ ਦਿੱਤਾ, ਚੰਦੂਮਾਜਰਾ ਸਾਹਿਬ ਵੀ ਨਾਲ ਹੀ ਸੀ। ਇਸ ਕਰਕੇ ਮੇਰੀ ਗੱਲ ਸੁਣ ਲਉ, ਧਿਆਨ ਨਾਲ ਸੁਣੀ ਚੱਲੋ। ਇਹ ਜਿਹੜੀਆਂ ਦੁਕਾਨਾਂ ਖੋਲ੍ਹੀਆਂ ਸਨ, ਉਨ੍ਹਾਂ ਤੇ ਦਵਾਈ ਘੱਟ ਮਿਲਦੀ ਸੀ, ਬਾਦਲ ਸਾਹਿਬ ਦੀ ਫੋਟੋ ਜ਼ਿਆਦਾ ਮਿਲਦੀ ਸੀ ਅਤੇ ਦੁਕਾਨਾਂ ਦਾ ਸ਼ਟਰ ਲੱਗਿਆ

** Expunged as ordered by the Chair.

ਹੋਇਆ ਮਿਲਦਾ ਸੀ। ਉਸ ਤੋਂ ਬਾਅਦ ਅੱਜ ਦੀ ਗੱਲ ਸੁਣ ਲਉ। ਕੈਪਟਨ ਸਾਹਿਬ ਦਾ ਧੰਨਵਾਦ ਕਰੋ। ਤੁਹਾਡੀ ਡਿਟੇਲ ਦੱਸਣ ਲੱਗਾ ਹਾਂ ਇਕੱਲੇ ਜ਼ੀਰੇ ਹਸਪਤਾਲ ਦੀ।ਸਾਲ 2015 ਵਿੱਚ ਇੱਕ ਸਾਲ ਵਿੱਚ ਓ.ਪੀ.ਡੀ. ਵਿੱਚ 56063 ਪੇਸ਼ੈਂਟ ਆਏ। 2016 ਵਿੱਚ ਪਤਾ ਸੀ ਕਿ ਪਲਟਾ ਵੱਜਣਾ ਹੈ ਤਾਂ ਉਦੋਂ ਇਨ੍ਹਾਂ ਨੇ ਡਾਕਟਰ ਥੋੜ੍ਹੇ ਜਿਹੇ ਚੰਗੇ ਲਗਾ ਦਿੱਤੇ, ਉਨ੍ਹਾਂ ਦੀ ਖਿਚਾਈ ਕਰ ਦਿੱਤੀ, ਉਦੋਂ 70974 ਪੇਸ਼ੈਂਟ ਆਏ। ਧੰਨਵਾਦ ਤੁਹਾਡਾ। ਸਾਡਾ ਤਾਂ ਪਹਿਲਾ ਹੀ ਸਾਲ ਸੀ, ਹੁਣ ਸੁਣ ਲੈਣਾ, ਦਿਲ ਫੜ ਕੇ ਰੱਖਣਾ । 92647 ਪੇਸ਼ੈਂਟ ਆਏ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)। ਇੱਕ ਸਾਲ ਵਿੱਚ 22 ਹਜ਼ਾਰ ਦਾ ਵਾਧਾ ਹੋਇਆ। ਉਨ੍ਹਾਂ ਦਾ ਸਰਕਾਰ ਤੇ ਵਿਸ਼ਵਾਸ ਬੱਝਾ। ਉਨ੍ਹਾਂ ਨੂੰ ਪ੍ਰਾਈਵੇਟ ਹਸਪਤਾਲਾਂ ਵਿੱਚ ਨਹੀਂ ਜਾਣਾ ਪਿਆ ਕਿਉਂਕਿ ਇਸ ਸਰਕਾਰ ਨੇ ਡਾਕਟਰ ਪੂਰੇ ਕਰ ਦਿੱਤੇ ਹਨ। ਸਟਾਫ ਪੂਰਾ ਕੀਤਾ ਹੈ। ਮੈਂ ਜਿਹੜੀ ਗੱਲ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜੀਆਂ ਗੱਲਾਂ ਕਰਦੇ ਹਨ (ਸ਼੍ਰੋਮਣੀ ਅਕਾਲੀ ਦਲ ਦੇ ਬੈਂਚਾਂ ਵੱਲ ਇਸ਼ਾਰਾ) ਇਹ ਕਹਿੰਦੇ ਹਨ ਕਿ ਇਲਾਜ ਜ਼ਰੂਰੀ ਹੈ। ਮੈਂ ਵੀ ਕਹਿੰਦਾ ਹਾਂ ਕਿ ਸਭ ਤੋਂ ਪਹਿਲਾਂ ਸਿਹਤ ਜ਼ਰੂਰੀ ਹੈ। ਜੇ ਸਿਹਤ ਠੀਕ ਨਾ ਹੋਵੇ ਤਾਂ ਫਿਰ ਸਰੀਰ ਝੂਠਾ ਜਿਹਾ ਪੈ ਜਾਂਦਾ ਹੈ ਅਤੇ ਇਸ ਤਰ੍ਹਾਂ ਲੱਗਦਾ ਹੈ ਕਿ ਸਵੇਰ ਹੋਈ ਹੈ ਜਾਂ ਨਹੀਂ ਹੋਈ। ਇਸ ਕਰਕੇ ਸਿਹਤ ਜੇ ਜ਼ਰੂਰੀ ਕਰਨੀ ਹੈ ਤਾਂ ਮੰਤਰੀ ਸਾਹਿਬ ਨੂੰ ਮੈਂ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕਈ ਇਹੋ ਜਿਹੀਆਂ ਛੋਟੀਆਂ ਛੋਟੀਆਂ ਚੀਜ਼ਾਂ ਹਨ ਜਿਨ੍ਹਾਂ ਦਾ ਸਾਨੂੰ ਧਿਆਨ ਕਰਨਾ ਚਾਹੀਦਾ ਹੈ । ਜਿਵੇਂ ਡੇਂਗੂ ਦੀ ਗੱਲ ਕਰੀਏ। ਮੱਛਰ ਦੀ ਉਮਰ 21 ਦਿਨ ਹੈ ਅਤੇ 22 ਦਿਨਾਂ ਦੇ ਅੰਦਰ ਮੱਛਰ ਮਰ ਜਾਂਦਾ ਹੈ। ਉਸ ਲਈ ਅਸੀਂ ਇਹੋ ਜਿਹੀ ਮੈਡੀਸਿਨ ਤਿਆਰ ਕਰੀਏ ਕਿ ਜਿਹੜਾ ਮੱਛਰ ਹੈ ਉਹ ਦੁਬਾਰਾ ਪੈਦਾ ਹੀ ਨਾ ਹੋਵੇ। ਹੁਣ ਤੁਸੀਂ ਤਾਂ ਮੱਛਰ ਤੋਂ ਵੀ ਘੱਟ ਹੋ, ਰੌਲਾ ਨਾ ਪਾਉ। (ਹਾਸਾ) ਮੈਂ ਇਹ ਗੱਲ ਕਹਿੰਦਾ ਹਾਂ ਕਿ ਜਿਹੜਾ ਲਾਰਵੇ ਨਾਲ ਮੱਛਰ ਪੈਦਾ ਹੁੰਦਾ ਹੈ, ਉਸ ਲਈ ਕੋਈ ਇਹੋ ਜਿਹੀ ਦਵਾਈ ਬਣਾਈ ਜਾਵੇ ਜਿਸ ਨਾਲ ਉਹ ਲਾਰਵਾ ਹੀ ਨਾ ਬਣੇ ਅਤੇ ਡੇਂਗੂ ਹੋਵੇ ਹੀ ਨਾ।

ਜਿਹੜੀਆਂ ਡਾਇਲਸਿਸ ਮਸ਼ੀਨਾਂ ਦੀ ਤੁਸੀਂ ਗੱਲ ਕਰਦੇ ਹੋ, ਉਹ ਹਰ ਹਸਪਤਾਲ ਵਿੱਚ ਡਾਇਲਸਿਸ ਮਸ਼ੀਨਾਂ ਸਰਕਾਰ ਵੱਲੋਂ ਲਗਾਈਆਂ ਜਾਣ ਤਾਂ ਕਿ ਹਰੇਕ ਡਾਇਲਸਿਸ ਤੇ 1000/- ਰੁਪਏ ਦਾ ਜਿਹੜਾ ਖਰਚਾ ਆਉਂਦਾ ਹੈ ਅਤੇ ਉਸ ਖਰਚੇ ਦੇ ਬੋਝ ਥੱਲੇ ਲੋਕ ਨਾ ਆਉਣ। ਅੱਜ ਇਨ੍ਹਾਂ ਨੇ ਗੱਲ ਕੀਤੀ ਹੈ, ਅੱਜ ਮੈਂ ਆਪਣੇ ਇਨ੍ਹਾਂ ਸਾਥੀਆਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੱਲ੍ਹ 90 ਹਜ਼ਾਰ ਕਰੋੜ ਦਾ ਜਿਹੜਾ ਬਾਣਾ ਤੁਸੀਂ ਪਾ ਕੇ ਆਏ ਸੀ, ਅੱਜ ਨਹੀਂ ਪਾਇਆ, ਕੀ ਗੱਲ ਅੱਜ ਪੰਜਾਬ ਤੋਂ ਕਰਜ਼ਾ ਉਤਰ ਗਿਆ? ਘੱਟੋ ਘੱਟ 28 ਤਾਰੀਖ ਤੱਕ ਤਾਂ ਪਾ ਕੇ ਰੱਖਦੇ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਇਕੱਲਾ ਅਖਬਾਰਾਂ ਵਿੱਚ ਫੋਟੋਆਂ ਲਵਾਇਆਂ ਕਰਜ਼ਾ ਨਹੀਂ ਲਹਿਣਾ। ਸੁਣ ਲਉ। ਗੱਲ ਤਾਂ ਇਹ ਹੈ ਕਿ ਜੋ ਅੱਜ ਚਿੰਤਾ ਦਾ ਵਿਸ਼ਾ ਹੈ, ਅੱਜ ਅਸੀਂ ਕਹਿ ਰਹੇ ਹਾਂ ਕਿ ਕਿਸਾਨ ਖੁਦਕੁਸ਼ੀ ਕਰ ਰਿਹਾ ਹੈ, ਕਿਸਾਨ ਖੁਦਕੁਸ਼ੀ ਨਹੀਂ ਕਰ ਰਿਹਾ ਹੈ। ਖੁਦਕੁਸ਼ੀ ਕੌਣ ਕਰ ਰਿਹਾ ਹੈ? ਖੁਦਕੁਸ਼ੀ ਕਰ ਰਿਹਾ ਹੈ, ਜਿਹੜਾ ਬਿਮਾਰ ਹੈ, ਜਿਸ ਤੇ ਕਰਜ਼ਾ ਚੜ੍ਹਿਆ ਹੈ। ਸਿਆਣੇ ਕਹਿੰਦੇ ਹਨ ਕਿ ਕਰਜ਼ਾ ਤੇ ਬਿਮਾਰੀ ਕਿਸੇ ਨੂੰ ਕਿਤੇ ਲੱਗ ਨਾ ਜਾਵੇ ਪਰ ਇਹ ਦੋਵੇਂ ਬਿਮਾਰੀਆਂ ਇਨ੍ਹਾਂ ਨੇ ਲੋਕਾਂ ਨੂੰ ਦਸ ਸਾਲ ਦੀ ਸਰਕਾਰ ਵਿੱਚ ਦਾਜ ਵਿੱਚ ਦਿੱਤੀਆਂ ਹਨ।(ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਔਰ ਉਨ੍ਹਾਂ ਦਸ ਸਾਲਾਂ ਵਿੱਚ ਜਿਹੜੇ ਲੋਕ ਬਿਮਾਰੀ ਨਾਲ ਲੜਦੇ ਝਗੜਦੇ ਰਹੇ ਉਨ੍ਹਾਂ ਨੂੰ ਆਪਣੀਆਂ ਜ਼ਮੀਨਾਂ ਤੇ ਵੀ ਕਰਜ਼ਾ ਲੈਣਾ ਪਿਆ ਕਿਉਂਕਿ ਉਨ੍ਹਾਂ ਸਮਿਆਂ ਵਿੱਚ ਹਸਪਤਾਲਾਂ ਵਿੱਚ ਡਾਕਟਰ ਪੂਰੇ ਨਹੀਂ ਰਹਿੰਦੇ ਸਨ। ਇਹ ** ** ਜੀ ਨੂੰ ਪੁੱਛੋ ਜਦੋਂ ਉਹ ਮੰਤਰੀ ਸੀ ਤਾਂ ਇਨ੍ਹਾਂ ਦੇ ਗੰਨਮੈਨ ਹਸਪਤਾਲਾਂ ਦੇ ਕੁਆਰਟਰਾਂ ਵਿੱਚ ਰਹਿੰਦੇ ਸਨ ਤੇ ਉਦੋਂ ਡਾਕਟਰ ਉੱਥੇ ਨਹੀਂ ਰਹਿੰਦੇ ਸਨ ਔਰ ਹੁਣ ਬਿਮਾਰੀ ਦੀ ਗੱਲ ਕਰਦੇ ਹਾਂ ਕਿ ਮਾਲਵੇ ਵਿੱਚ ਸਭ ਤੋਂ ਵੱਧ ਕੈਂਸਰ ਹੈ।

---

** Expunged as ordered by the Chair.

**ਮਾਨਯੋਗ ਸਪੀਕਰ :** ਇਹ ** ** ਦਾ ਨਾਮ ਡਿਲੀਟ ਕਰ ਦਿਓ ਜੀ।

**ਸਰਦਾਰ ਕੁਲਬੀਰ ਸਿੰਘ :** ਕਰ ਦਿਓ ਜੀ ਤੇ ਮੈਂ ਵੀ ਮਾਫੀ ਮੰਗ ਲੈਂਦਾ ਹਾਂ। (ਵਿਘਨ) ਸਭ ਤੋਂ ਵੱਧ ਕੈਂਸਰ ਦੀ ਬਿਮਾਰੀ ਮਾਲਵੇ ਵਿੱਚ ਹੈ ਔਰ ਸਭ ਤੋਂ ਵੱਧ ਖੁਦਕੁਸ਼ੀ ਵੀ ਮਾਲਵੇ ਵਿੱਚ ਹੋ ਰਹੀ ਹੈ। ਔਰ ਸਾਨੂੰ ਕੈਂਸਰ ਦੀ ਬਿਮਾਰੀ ਵੱਲ ਖਾਸ ਧਿਆਨ ਦੇਣਾ ਚਾਹੀਦਾ ਹੈ ਔਰ ਵਧੀਆ ਇਲਾਜ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਜਿਹੜੀਆਂ ਖੁਦਕੁਸ਼ੀਆਂ ਹੋਈਆਂ ਹਨ, ਪਿਛਲੇ ਦਸ ਸਾਲਾਂ ਦਾ ਰਿਕਾਰਡ ਕੱਢ ਕੇ ਦੇਖ ਲਓ ਕਿ ਜਦੋਂ ਕਰਜ਼ਾ ਨਹੀਂ ਉਤਰ ਸਕਿਆ ਤੇ ਬਿਮਾਰੀ ਵੀ ਮਗਰੋਂ ਨਹੀਂ ਲਹਿ ਸਕੀ ਤਾਂ ਹਾਰ ਕੇ ਲੋਕਾਂ ਨੂੰ ਖੁਦਕੁਸ਼ੀ ਕਰਨੀ ਪਈ। ਮੈਂ ਇੱਕ ਹੋਰ ਗੱਲ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਹਿੰਦੇ ਹਨ ਕਿ ਤੁਹਾਡੀ ਸਰਕਾਰ ਨੇ ਕਿਹਾ ਸੀ ਕਿ 90,000 ਕਰੋੜ ਦਾ ਕਰਜ਼ਾ ਮਾਫ ਕਰਾਂਗੇ। ਅਕਾਲੀ ਦਲ ਵਾਲਿਓ ਯਾਦ ਕਰੋ, ਜਦੋਂ 2006 ਵਿੱਚ ਕੈਪਟਨ ਅਮਰਿੰਦਰ ਸਿੰਘ ਨੇ ਵਿਕਾਸ ਯਾਤਰਾ ਕੱਢੀ ਸੀ। ਇਹ ਮੇਰਾ ** ** ਉਠ ਕੇ ਚਲਾ ਗਿਆ ਹੈ, ਨਹੀਂ ਤਾਂ ਮੈਂ ਜ਼ਰੂਰ ਪੁੱਛਣਾ ਸੀ। ਤੁਸੀਂ 10 ਨਵੰਬਰ, 2006 ਦਾ ਅਖਬਾਰ ਕੱਢ ਲਓ, ਉਸ ਸਮੇਂ ਜਦੋਂ ਕੈਪਟਨ ਅਮਰਿੰਦਰ ਸਿੰਘ ਨੇ ਵਿਕਾਸ ਯਾਤਰਾ ਕੱਢੀ ਤਾਂ ਉਸ ਵੇਲੇ ਅਜੀਤ ਵਿੱਚ ਬਾਦਲ ਸਾਹਿਬ ਦਾ ਬਿਆਨ ਲੱਗਿਆ ਸੀ ਕਿ ਜਦੋਂ ਸਾਡੀ ਸਰਕਾਰ ਆਈ ਤਾਂ ਕਿਸਾਨਾਂ ਦਾ ਕਰਜ਼ ਮਾਫ ਕਰਨਾ ਸਾਡਾ ਪਹਿਲਾ ਕੰਮ ਹੋਵੇਗਾ। ਇਹ ਅਖਬਾਰ ਚੁੱਕੋ (ਅਖਬਾਰ ਦੀ ਕਟਿੰਗ ਲਹਿਰਾਉਂਦੇ ਹੋਏ)। (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ ਸ਼ੇਮ ਦੀਆਂ ਆਵਾਜ਼ਾਂ) (ਵਿਘਨ, ਸ਼ੋਰ) ਸੁਣ ਤਾਂ ਲਓ।

**ਮਾਨਯੋਗ ਸਪੀਕਰ :** ਜ਼ੀਰਾ ਜੀ, ਜ਼ੀਰਾ ਜੀ, ਹੁਣ ਕਨਕਲੂਡ ਕਰੋ ।

**ਸਰਦਾਰ ਕੁਲਬੀਰ ਸਿੰਘ :** ਜਿਹੜਾ ਅਸੀਂ ਕੰਮ ਕਰੀਏ ਉਹ... (ਵਿਘਨ, ਸ਼ੋਰ) ਔਰ ਉਸ ਤੋਂ ਬਾਅਦ.... (ਵਿਘਨ) ਸੁਣ ਲਓ, ਜਿਵੇਂ ਰਾਜਾ ਜੀ ਨੇ ਕਿਹਾ ਕਿ ਸਾਰੀਆਂ ਸਿਹਤ ਸਹੂਲਤਾਂ ਇਨ੍ਹਾਂ ਨੇ ਦਿੱਤੀਆਂ ਹਨ।

**ਮਾਨਯੋਗ ਸਪੀਕਰ:** ਕਨਕਲੂਡ ਕਰ ਲਓ ਹੁਣ, ਕਨਕਲੂਡ ਕਰ ਲਓ।

**ਸਰਦਾਰ ਕੁਲਬੀਰ ਸਿੰਘ :** ਇਹ ਜਿਹੜੀ 108 ਨੰਬਰ ਐਂਬੂਲੈਂਸ ਹੁੰਦੀ ਸੀ, ਉਸ ਵਿੱਚ ਮਰੀਜ਼ ਤਾਂ ਅੰਦਰ ਤੜਫਦਾ ਹੁੰਦਾ ਸੀ ਤੇ ਬਾਦਲ ਸਾਹਿਬ ਬਾਹਰ ** ** ਕੱਢਦੇ ਹੁੰਦੇ ਸੀ। ਇਹ ਵੀ ਕਹਿ ਦਿਓ ਕਿ ਨਹੀਂ। ਕੀ ਇਹ ਐਂਬੂਲੈਂਸ ਵੀ ਤੁਸੀਂ ਹੀ ਦਿੱਤੀ ਹੈ?

**ਮਾਨਯੋਗ ਸਪੀਕਰ :** ਇਹ ** ** ਐਕਸਪੰਜ ਕਰ ਦਿਓ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਇਹ ਵਿਸਥਾਰ ਨਾਲ ਦੱਸੋ ਕਿ ** ** ਵਾਲੀ ਕੀ ਗੱਲ ਹੈ।

**ਮਾਨਯੋਗ ਸਪੀਕਰ :** ਨਹੀਂ, ਬੈਠੋ ਹੁਣ, ਬੈਠੋ ਕੁਲਬੀਰ ਜੀ, ਹੋ ਗਿਆ ਤੁਹਾਡਾ। ਕੁਲਬੀਰ ਜੀ ਬੈਠੋ।

**ਸਰਦਾਰ ਕੁਲਬੀਰ ਸਿੰਘ :** ਤੁਹਾਡਾ ਬਹੁਤ ਬਹੁਤ ਧੰਨਵਾਦ ਔਰ ਮੈਂ ਇਹ ਗੱਲ ਕਹਾਂਗਾ.....

---

** Expunged as ordered by Hon'ble Speaker.

**ਮਾਨਯੋਗ ਸਪੀਕਰ :** ਪਲੀਜ਼ ਬੈਠੋ, ਬੈਠ ਜਾਓ, ਹੁਣ ਬੈਠ ਜਾਓ। ਹੋ ਗਿਆ ਤੁਹਾਡਾ। ਜਗਦੇਵ ਸਿੰਘ ਜੀ। (ਵਿਘਨ, ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਸ਼ਰਨਜੀਤ ਸਿੰਘ ਢਿੱਲੋਂ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਬਲਬੀਰ ਸਿੰਘ ਸਿੱਧੂ ਬਿਨਾਂ ਇਜਾਜ਼ਤ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਸਰਦਾਰ ਜਗਦੇਵ ਸਿੰਘ:** ਬੈਠ ਜਾਓ ਜੀ, ਮੈਨੂੰ ਪਹਿਲੀ ਵਾਰੀ ਤਾਂ ਬੋਲਣ ਦਾ ਸਮਾਂ ਮਿਲਿਆ ਹੈ। ਮੈਨੂੰ ਅੱਜ ਤੱਕ ਸਮਾਂ ਨਹੀਂ ਮਿਲਿਆ, ਅੱਜ ਪਹਿਲੀ ਵਾਰੀ ਹੀ ਸਮਾਂ ਮਿਲਿਆ ਹੈ। (ਵਿਘਨ)

**ਮਾਨਯੋਗ ਸਪੀਕਰ :** ਢਿੱਲੋਂ ਸਾਹਿਬ, ਤੁਸੀਂ ਕੀ ਕਿਹਾ ਹੈ? (ਵਿਘਨ) ਇੱਕ ਮਿੰਟ, ਢਿੱਲੋਂ ਸਾਹਿਬ ਕੁਝ ਕਹਿਣਾ ਚਾਹੁੰਦੇ ਹਨ। ਢਿੱਲੋਂ ਸਾਹਿਬ, ਢਿੱਲੋਂ ਸਾਹਿਬ, ਸ਼ਰਨਜੀਤ ਜੀ, ਸ਼ਰਨਜੀਤ ਜੀ, ਕੁਝ ਕਹਿਣਾ ਚਾਹੁੰਦੇ ਹਨ। (ਵਿਘਨ)

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ :** ਸਪੀਕਰ ਸਾਹਿਬ, ਇੱਕ ਪਾਸੇ ਤਾਂ ਆਪਾਂ ਇਸ ਨੂੰ ਪਵਿੱਤਰ ਸਦਨ ਕਹਿੰਦੇ ਹਾਂ ਤੇ ਜਿਸ ਕਿਸਮ ਦੀ ਇੱਥੇ ਲੈਕਚਰਬਾਜ਼ੀ ਹੋ ਰਹੀ ਹੈ (ਵਿਘਨ, ਸ਼ੋਰ)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਜਗਦੇਵ ਸਿੰਘ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਬਲਬੀਰ ਸਿੰਘ ਸਿੱਧੂ ਅਤੇ ਸਰਦਾਰ ਕੁਲਬੀਰ ਸਿੰਘ ਜ਼ੀਰਾ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਨਯੋਗ ਸਪੀਕਰ:** ਐਕਸਪੰਜ ਕਰ ਦਿੱਤਾ ਹੈ, ਉਹ ਐਕਸਪੰਜ ਕਰ ਦਿੱਤਾ ਹੈ। (ਵਿਘਨ), ਐਕਸਪੰਜ ਕਰ ਦਿੱਤਾ ਹੈ। ਐਕਸਪੰਜ ਕਰ ਦਿੱਤਾ ਹੈ। ਜਗਦੇਵ ਸਿੰਘ ਜੀ ਬੋਲੋ। ਬੈਠੋ ਜੀ ਬੈਠੋ, ਜ਼ੀਰਾ ਜੀ ਬੈਠੋ, ਇਸ ਤਰ੍ਹਾਂ ਨਾ ਕਰੋ। ਸਾਰੇ ਭਾਸ਼ਾ ਦੀ ਮਰਿਆਦਾ ਰੱਖੋ।

**ਸਰਦਾਰ ਜਗਦੇਵ ਸਿੰਘ (ਮੌੜ) :** ਮਾਨਯੋਗ ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਹੈ ਕਿ ਤੁਸੀਂ ਮੈਨੂੰ ਇਸ ਹੈਲਥ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਤਾਂ ਹਾਊਸ ਵਿੱਚ ਪਹਿਲੀ ਵਾਰੀ ਬੋਲ ਰਿਹਾ ਹਾਂ। ਮੈਂ ਪਹਿਲਾਂ ਹੀ ਕਹਿੰਦਾ ਹਾਂ ਕਿ ਜੇ ਕੋਈ ਗਲਤੀ ਹੋ ਗਈ ਤਾਂ ਮੁਆਫ ਕਰ ਦਿਓ। ਮੈਂ ਸਿਰਫ ਵਡਿਆਈਆਂ ਨਹੀਂ ਕਰਨੀਆਂ । ਜਿਵੇਂ ਇਹ ਕਹਿੰਦੇ ਹਨ ਕਿ ਤੁਸੀਂ ਇਸ ਤਰ੍ਹਾਂ ਨਹੀਂ ਕੀਤਾ, ਉਸ ਤਰ੍ਹਾਂ ਨਹੀਂ ਕੀਤਾ। ਮੈਂ ਇਹ ਨਹੀਂ ਕਹਿੰਦਾ, ਮੈਂ ਤਾਂ ਮਤੇ ਦੇ ਸਬੰਧ ਵਿੱਚ ਗੱਲ ਕਰਾਂਗਾ। ਪਿਛਲੀ ਵਾਰੀ ਜਿਹੜਾ ਗਵਰਨਰ ਸਾਹਿਬ ਦਾ ਐਡਰੈੱਸ ਸੀ, ਉਸ ਤੇ ਲਿਖਿਆ ਸੀ ਕਿ ਮੇਰੀ ਸਰਕਾਰ ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿੱਚ ਹਜ਼ਾਰ ਦੀ ਆਬਾਦੀ ਵਾਲੇ ਮੁਹੱਲਾ ਕਲੀਨਿਕ ਸਥਾਪਿਤ ਕਰੇਗੀ ਅਤੇ ਇਨ੍ਹਾਂ ਕਲੀਨਿਕਾਂ ਨੂੰ ਨਾ ਕੇਵਲ ਵਧੀਆ ਢੰਗ ਨਾਲ ਚਲਾਇਆ ਜਾਵੇਗਾ ਬਲਕਿ ਉਚੇਚੇ ਇਲਾਜ ਦੀ ਪੈਰਵੀ ਲਈ ਮਲਟੀਸਪੈਸ਼ਲਿਸਟ ਹਸਪਤਾਲਾਂ ਨਾਲ ਜੋੜਿਆ ਜਾਵੇਗਾ। ਸਾਰੇ ਹਸਪਤਾਲਾਂ, ਡਿਸਪੈਂਸਰੀਆਂ ਅਤੇ ਕਲੀਨਿਕਾਂ ਵਿੱਚ ਗੁਣਵੱਤਾ ਵਾਲੀਆਂ ਸੇਵਾਵਾਂ ਦੀ ਉਚਿਤ ਉਪਲਬਧਤਾ ਨੂੰ ਯਕੀਨੀ ਬਣਾਉਣ ਲਈ ਸਾਲਾਨਾ ਆਧਾਰ ਤੇ ਨਿਯਮਿਤ ਰੂਪ ਵਿੱਚ ਡਾਕਟਰਾਂ ਦੀ ਭਰਤੀ ਕੀਤੀ ਜਾਵੇਗੀ। ਮੈਂ ਇਸ ਗੱਲ ਤੇ ਹੀ ਬੋਲਣਾ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਮੈਨੂੰ ਨਹੀਂ ਲੱਗਦਾ ਕਿ ਡਾਕਟਰਾਂ ਦੀ ਭਰਤੀ ਪਿਛਲੇ ਸਾਲ ਵਿੱਚ ਜਾਂ ਉਸ ਤੋਂ ਪਿਛਲੇ ਸਾਲਾਂ ਵਿੱਚ ਕੀਤੀ ਗਈ

[ਸਰਦਾਰ ਜਗਦੇਵ ਸਿੰਘ]

ਹੋਵੇ ਕਿਉਂਕਿ ਮੇਰੇ ਹਲਕੇ ਦਾ ਇੱਕੋ-ਇੱਕ ਹਸਪਤਾਲ ਮੌੜ ਮੰਡੀ ਵਿੱਚ ਹੈ ਜਿਹੜਾ ਸਬ-ਡਿਵੀਜ਼ਨ ਪੱਧਰ ਦਾ ਹਸਪਤਾਲ ਹੈ। 4 ਸਾਲ ਹੋ ਗਏ ਹਨ ਪਰ ਅੱਜ ਤੱਕ ਕੋਈ ਵੀ ਡਾਕਟਰ ਉੱਥੇ ਨਹੀਂ ਹੈ। 8 ਆਸਾਮੀਆਂ ਵਿੱਚੋਂ ਕੋਈ ਵੀ ਡਾਕਟਰ ਨਹੀਂ ਜੋ ਕਿ ਬੜੀ ਮੰਦਭਾਗੀ ਗੱਲ ਹੈ। ਮੈਂ ਜਦੋਂ ਦਾ ਐਮ.ਐਲ.ਏ. ਬਣਿਆ ਹਾਂ, ਮੈਂ ਇਸ ਸਬੰਧ ਵਿੱਚ ਕਾਫੀ ਵਾਰ ਬੇਨਤੀ ਕਰ ਚੁੱਕਾ ਹਾਂ ਮੁੱਖ ਮੰਤਰੀ ਜੀ ਨੂੰ ਅਤੇ ਸਿਹਤ ਮੰਤਰੀ ਜੀ ਨੂੰ ਕਾਫੀ ਵਾਰ ਮੈਂ ਮਿਲ ਵੀ ਚੁੱਕਿਆ ਹਾਂ ਕਿ ਸਾਡੇ ਹਲਕੇ ਵਿੱਚ ਕੋਈ ਇੱਕ ਅੱਧਾ ਡਾਕਟਰ ਹੀ ਦੇ ਦਿਉ ਜੋ ਕਿ ਐਮਰਜੈਂਸੀ ਨੂੰ ਵੀ ਹੈਂਡਲ ਕਰ ਲਵੇ। ਸਾਡੇ ਹਲਕੇ ਵਿੱਚ ਇੱਕੋ ਇੱਕ ਹਸਪਤਾਲ ਹੈ ਜਿੱਥੇ ਪਿਛਲੇ ਇੱਕ ਸਾਲ ਤੋਂ ਕੋਈ ਵੀ ਡਾਕਟਰ ਨਹੀਂ ਹੈ। ਅਗਲੀ ਗੱਲ, ਇਹ ਹੈ ਕਿ ਪਿਛਲੀ ਸਰਕਾਰ ਨੇ ਭਗਤ ਪੂਰਨ ਸਿੰਘ ਯੋਜਨਾ ਅਤੇ ਭਾਈ ਘਨੱਈਆ ਸਕੀਮ ਵਿੱਚ ਕਾਰਡ ਬਣਾਏ ਸੀ ਪਰ ਬਹੁਤੇ ਲੋੜਵੰਦ ਲੋਕਾਂ ਦੇ ਕਾਰਡ ਅਜੇ ਤੱਕ ਨਹੀਂ ਬਣੇ। ਜਦੋਂ ਉਨ੍ਹਾਂ ਦਾ ਕੋਈ ਬੰਦਾ ਬਿਮਾਰ ਹੋ ਜਾਂਦਾ ਹੈ ਤਾਂ ਉਹ ਡਾਕਟਰ ਨੂੰ ਪੁੱਛਦੇ ਹਨ ਕਿ ਅਸੀਂ ਗਰੀਬ ਹਾਂ, ਸਾਡਾ ਕਿੱਥੇ ਸਸਤਾ ਇਲਾਜ ਹੋਵੇਗਾ। ਡਾਕਟਰ ਪੁੱਛਦੇ ਹਨ ਕਿ ਤੁਹਾਡੇ ਕੋਲ ਕੋਈ ਕਾਰਡ ਹੈ? ਤਾਂ ਉਹ ਕਹਿ ਦਿੰਦਾ ਹੈ ਕਿ ਮੈਂ ਬਣਵਾ ਕੇ ਲਿਆਉਂਦਾ ਹਾਂ। ਜਦੋਂ ਉਹ ਮਾਰਕੀਟ ਕਮੇਟੀਆਂ ਕੋਲ ਆਉਂਦਾ ਹੈ ਤਾਂ ਉਹ ਕਹਿੰਦੇ ਹਨ ਕਿ ਤੁਹਾਡੇ ਤਾਂ ਅਜੇ ਬਣ ਕੇ ਨਹੀਂ ਆਏ। ਮੈਨੂੰ ਪਤਾ ਹੈ, ਮੈਂ ਇਸ ਗੱਲ ਨਾਲ ਜੁੜਿਆ ਹੋਇਆ ਹਾਂ ਕਿ ਬਹੁਤ ਥਾਈਂ ਕਾਰਡ ਮਾਰਕੀਟ ਕਮੇਟੀਆਂ ਕੋਲ ਪਏ ਹਨ ਕਿਉਂਕਿ ਪਿਛਲੀ ਸਰਕਾਰ ਜਿਹੜੀ ਇਸ ਤੋਂ ਪਹਿਲਾਂ ਸੀ, ਉਨ੍ਹਾਂ ਦੇ ਮੰਤਰੀ ਕਾਰਡ ਵੰਡਦੇ ਸੀ। ਮੰਤਰੀ ਦੀ ਵੇਟ ਹੁੰਦੀ ਰਹਿੰਦੀ ਸੀ, ਦੇਖੋ ਕਿੰਨੀਆਂ ਘਟੀਆ ਗੱਲਾਂ ਹਨ । ਅਸੀਂ ਲੋਕਾਂ ਨੂੰ ਸਿਹਤ ਸਹੂਲਤਾਂ ਦੇਣੀਆਂ ਹਨ ਤੇ ਉਨ੍ਹਾਂ ਨੂੰ ਭਾਈ ਘਨੱਈਆ ਸਕੀਮ ਦੇ ਅਧੀਨ ਕਾਰਡ ਬਣਾ ਕੇ ਦੇਣੇ ਹਨ ਕਿ ਪੰਜਾਹ ਹਜ਼ਾਰ ਦਾ ਜਿਹੜਾ ਤੁਹਾਡਾ ਇਲਾਜ ਹੈ, ਉਹ ਫਰੀ ਕਰਵਾ ਦਿਆਂਗੇ ਪਰ ਉਹ ਕਾਰਡ ਵੰਡਣ ਵਾਸਤੇ ਵੀ ਲੋਕਾਂ ਨੂੰ ਮੰਤਰੀਆਂ ਦੀ ਉਡੀਕ ਕਰਨੀ ਪੈਂਦੀ ਹੈ। ਬੜੀ ਕਮਾਲ ਦੀ ਗੱਲ ਹੈ। ਅੱਜ ਤੱਕ ਬਹੁਤ ਸਾਰੀਆਂ ਮਾਰਕੀਟ ਕਮੇਟੀਆਂ ਵਿੱਚ ਕਾਰਡ ਇਸ ਕਰਕੇ ਪਏ ਹਨ ਕਿ ਮੰਤਰੀਆਂ ਨੂੰ ਕਾਰਡ ਵੰਡਣ ਦਾ ਸਮਾਂ ਨਹੀਂ ਲੱਗਿਆ ਅਤੇ ਅਨੇਕਾਂ ਲੋਕ ਇਲਾਜ ਹੋਣ ਤੋਂ ਰਹਿ ਗਏ । ਉਹ ਵਿਚਾਰੇ ਕਾਰਡ ਉਡੀਕਦੇ ਉਡੀਕਦੇ ਮਰ ਗਏ। ਮੇਰੀ ਬੇਨਤੀ ਹੈ ਕਿ ਘੱਟੋ-ਘੱਟ ਸਾਰੇ ਕਾਰਡ ਬਣਾ ਕੇ ਵੰਡ ਦਿੱਤੇ ਜਾਣ ਤਾਂ ਜੋ ਜਿਹੜੇ ਗਰੀਬ ਲੋਕ ਹਨ, ਉਹ ਕਾਰਡਾਂ ਦਾ ਲਾਹਾ ਲੈ ਸਕਣ। ਅਗਲੀ ਗੱਲ ਹੈ ਕਿ ਹਸਪਤਾਲਾਂ ਦਾ ਸਿਸਟਮ ਬੜਾ ਮਾੜਾ ਹੈ। ਹਸਪਤਾਲਾਂ ਵਿੱਚ ਸਾਨੂੰ ਪਤਾ ਹੈ ਕਿ ਡਾਕਟਰ ਕਿਵੇਂ ਲੁੱਟਦੇ ਹਨ। ਜਿਹੜਾ ਡਾਕਟਰ ਦਵਾਈ ਲਿਖਦਾ ਹੈ,ਸਾਰੇ ਸ਼ਹਿਰ ਵਿੱਚ ਇੱਕੋ ਦੁਕਾਨ ਤੋਂ ਮਿਲਦੀ ਹੈ ਅਤੇ ਜਿਹੜੀਆਂ ਦੂਜੀਆਂ ਸਬਸਟੀਚਿਊਟ ਦਵਾਈਆਂ ਹਨ, ਉਨ੍ਹਾਂ ਤੋਂ ਕਈ ਗੁਣਾ ਵੱਧ ਰੇਟ ਹੁੰਦੇ ਹਨ। ਇਸ ਤਰ੍ਹਾਂ ਲੋਕਾਂ ਨੂੰ ਲੁੱਟਿਆ ਜਾਂਦਾ ਹੈ। ਇਹ ਪੂਰੇ ਪੰਜਾਬ ਦੀ ਗੱਲ ਹੈ। ਉਸ ਤੋਂ ਬਾਅਦ ਕਈ ਵਾਰ ਇੱਕ ਹੋਰ ਗੱਲ ਆਈ ਹੈ ਕਿ ਕੈਂਸਰ ਦੇ ਮਰੀਜ਼ਾਂ ਨੂੰ ਅਸੀਂ ਡੇਢ-ਡੇਢ ਲੱਖ ਰੁਪਿਆ ਦਿੰਦੇ ਹਾਂ। ਮੈਨੂੰ ਅਜਿਹੇ ਬਹੁਤ ਸਾਰੇ ਕੇਸ ਦੇਖਣ ਨੂੰ ਮਿਲੇ ਹਨ ਕਿ ਮਰੀਜ਼ ਦੇ ਮਰਨ ਤੋਂ ਬਾਅਦ ਉਨ੍ਹਾਂ ਦਾ ਡੇਢ ਲੱਖ ਪਾਸ ਹੋ ਕੇ ਆਉਂਦਾ ਹੈ। ਔਰ ਪਹਿਲੀ ਸਟੇਜ ਤੋਂ ਅੱਜ ਤੱਕ ਪੰਜਾਬ ਵਿੱਚ ਇੱਕ ਵੀ ਮਰੀਜ਼ ਨੂੰ ਡੇਢ ਲੱਖ ਰੁਪਏ ਦੀ ਰਾਸ਼ੀ ਨਹੀਂ ਮਿਲੀ । ਇਹ ਰਾਸ਼ੀ ਨਾ ਪਹਿਲੀ ਸਰਕਾਰ ਵਿੱਚ ਮਿਲੀ ਅਤੇ ਨਾ ਹੀ ਹੁਣ ਵਾਲੀ ਸਰਕਾਰ ਵਿੱਚ ਮਿਲ ਰਹੀ ਹੈ । ਪਹਿਲੀ ਸਟੇਜ ਤੇ ਤਾਂ ਕੈਂਸਰ ਡਿਕਲੇਅਰ ਹੀ ਨਹੀਂ ਹੁੰਦਾ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ ।

**ਮਾਨਯੋਗ ਸਪੀਕਰ:** ਤੁਸੀਂ ਬਾਅਦ ਵਿੱਚ ਬੋਲ ਲੈਣਾ । ਇਹ ਪਹਿਲੀ ਵਾਰ ਬੋਲ ਰਹੇ ਹਨ, ਇਸ ਗੱਲ ਦਾ ਇਹਤਰਾਮ ਕਰੋ।

**ਸਰਦਾਰ ਜਗਦੇਵ ਸਿੰਘ :** ਮੈਂ ਦੋਨਾਂ ਮਾਨਯੋਗ ਸਰਕਾਰਾਂ ਨੂੰ ਆਪਣੀਆਂ ਦਿਲ ਦੀਆਂ ਗੱਲਾਂ ਕਹਿੰਦਾ ਹਾਂ ਪਰ ਮੈਂ ਕਿਸੇ ਦਾ ਵਿਰੋਧ ਨਹੀਂ ਕਰਦਾ। ਦੋਨਾਂ ਸਰਕਾਰਾਂ ਨੇ ਨਸ਼ਾ ਛੁਡਾਊ ਸਿਹਤ ਕੇਂਦਰ ਬਣਾਏ ਸੀ। ਨਸ਼ਾ ਛੁਡਾਊ ਸਿਹਤ ਕੇਂਦਰਾਂ ਵਿੱਚ ਕਿਸੇ ਵੀ ਸਟੇਟ ਕੇਂਦਰ ਵਿੱਚ ਵਿਟਾਮਿਨ ਜਾਂ ਮਿਨਰਲ ਦੀ ਦਵਾਈ ਨਹੀਂ ਦਿੱਤੀ ਜਾਂਦੀ। ਜਦੋਂ ਨਸ਼ਾ ਛੁਡਾਇਆ ਜਾਂਦਾ ਹੈ ਤਾਂ ਲੋਕਾਂ ਨੂੰ ਉਨ੍ਹਾਂ ਨਸ਼ੇ ਵਾਲੀਆਂ ਗੋਲੀਆਂ ਨਾਲ ਛੁਡਾਇਆ ਜਾਂਦਾ ਹੈ । ਜਿਸ ਦਿਨ ਉਹ ਗੋਲੀਆਂ ਖਾਣਾ ਬੰਦ ਕਰ ਜਾਂਦਾ ਹੈ, ਉਸ ਤੋਂ ਬਾਅਦ ਫਿਰ ਉਹ ਨਸ਼ੇ ਦੀਆਂ ਗੋਲੀਆਂ ਖਾਣਾ ਸ਼ੁਰੂ ਕਰ ਦਿੰਦਾ ਹੈ। ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਬਹੁਤ ਸਾਰੇ ਨਸ਼ਾ ਛੁਡਾਓ ਕੇਂਦਰ ਹਨ, ਉਹ ਸਭ ਨਸ਼ੇ ਦੀਆਂ ਦਵਾਈਆਂ ਦਿੰਦੇ ਹਨ। ਉਥੇ ਕੋਈ ਉਨ੍ਹਾਂ ਨੂੰ ਮਿਨਰਲ ਜਾਂ ਵਿਟਾਮਿਨ ਵਾਲੀ ਦਵਾਈ ਨਹੀਂ ਦਿੱਤੀ ਜਾਂਦੀ ਤਾਂ ਜੋ ਉਨ੍ਹਾਂ ਵਿੱਚ ਅਜਿਹਾ ਸਿਸਟਮ ਪੈਦਾ ਹੋ ਜਾਵੇ ਕਿ ਉਹ ਨਸ਼ੇ ਨੂੰ ਛੱਡ ਦੇਣ। ਦੂਜੀ ਗੱਲ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਥਰਮਲ ਪਲਾਂਟ ਲੱਗੇ ਹਨ, ਇਹੋ ਜਿਹੀਆਂ ਵੱਡੀਆਂ ਫੈਕਟਰੀਆਂ ਲੱਗੀਆਂ ਹਨ, ਜਿਨ੍ਹਾਂ ਦੇ ਧੂੰਏਂ ਨਾਲ ਸਾਡੇ ਗਰੀਬ ਲੋਕਾਂ ਨੂੰ ਅਨੇਕਾਂ ਬਿਮਾਰੀਆਂ ਲੱਗ ਜਾਂਦੀਆਂ ਹਨ। ਸਾਡੇ ਰਾਮਾਮੰਡੀ ਦੇ ਨੇੜੇ ਇੱਕ ਰਿਫਾਈਨਰੀ ਲੱਗੀ ਸੀ । ਉਸ ਸਮੇਂ ਮਾਨਯੋਗ ਮੁੱਖ ਮੰਤਰੀ ਜੀ ਨੇ ਬਿਆਨ ਦਿੱਤਾ ਸੀ ਕਿ ਇਸ ਰਿਫਾਈਨਰੀ ਦੇ ਪ੍ਰਦੂਸ਼ਣ ਨਾਲ ਲੋਕਾਂ ਨੂੰ ਬਹੁਤ ਘਾਤਕ ਬਿਮਾਰੀਆਂ ਲੱਗਣਗੀਆਂ। ਅੱਜ ਮੇਰੇ ਹਲਕੇ ਵਿੱਚ ਤਲਵੰਡੀ ਸਾਬੋ ਥਰਮਲ ਪਲਾਂਟ ਲੱਗਿਆ ਹੈ। ਉਸ ਪਲਾਂਟ ਨਾਲ ਜਾਨੀ ਨੁਕਸਾਨ ਤਾਂ ਹੋ ਹੀ ਰਿਹਾ ਹੈ ਤੇ ਇਸ ਦੇ ਨਾਲ ਹੀ ਫਸਲਾਂ ਨੂੰ ਵੀ ਨੁਕਸਾਨ ਕਰ ਰਿਹਾ ਹੈ। ਸਾਡੇ ਹਲਕੇ ਵਿੱਚ ਜਿੰਨੇ ਵੀ ਕਿੰਨੂਆਂ ਦੇ ਬਾਗ ਹਨ, ਉਨ੍ਹਾਂ ਬਾਗਾਂ ਤੇ ਥਰਮਲ ਪਲਾਂਟ ਦੇ ਧੂੰਏਂ ਦੀ ਕਾਰਬਨ ਜੰਮ ਗਈ ਜਿਸ ਕਾਰਨ ਕਿੰਨੂਆਂ ਨੂੰ ਫਲ ਹੀ ਨਹੀਂ ਆਇਆ। ਕਈ ਕਿਸਾਨ ਮੇਰੇ ਕੋਲ ਆਏ ਕਿ ਇਸ ਵਾਰ ਸਾਡੇ ਬਾਗਾਂ ਵਿੱਚ ਕਿੰਨੂਆਂ ਨੂੰ ਫਲ ਹੀ ਨਹੀਂ ਲੱਗਿਆ । ਆਮ ਤੌਰ ਤੇ 15 ਮਾਰਚ ਤੱਕ ਫਲ ਲੱਗ ਜਾਂਦਾ ਸੀ। ਉਨ੍ਹਾਂ ਬਾਗਾਂ ਵਿੱਚ ਕੇਵਲ ਪੰਜ ਤੋਂ ਸੱਤ ਫੀਸਦੀ ਹੀ ਫਲ ਲੱਗਿਆ ਹੈ। ਸੋ, ਮੇਰੀ ਬੇਨਤੀ ਹੈ ਕਿ ਸਰਕਾਰ ਇਸ ਗੱਲ ਤੇ ਗੌਰ ਕਰੇ ਕਿਉਂਕਿ ਕਈ ਕਿਸਾਨਾਂ ਕੋਲ ਕੇਵਲ ਤਿੰਨ-ਚਾਰ ਕਿੱਲੇ ਜ਼ਮੀਨ ਦੇ ਹਨ ਅਤੇ ਉਨ੍ਹਾਂ ਵਿੱਚ ਕਿੰਨੂਆਂ ਦੇ ਬਾਗ ਲਗਾਏ ਹੋਏ ਹਨ। ਇੱਕ ਕਿਸਾਨ ਮੇਰੇ ਕੋਲ ਆਇਆ ਤੇ ਕਹਿਣ ਲੱਗਿਆ ਕਿ ਮੈਨੂੰ ਕਿੰਨੂਆਂ ਦੇ ਬਾਗ ਵਿੱਚੋਂ ਚਾਰ ਲੱਖ ਰੁਪਏ ਸਾਲਾਨਾ ਆਮਦਨ ਹੁੰਦੀ ਸੀ ਪਰ ਇਸ ਵਾਰ ਤਿੰਨ ਕਿੱਲਿਆਂ ਵਿੱਚੋਂ ਕੇਵਲ ਤੀਹ ਹਜ਼ਾਰ ਰੁਪਿਆ ਆਮਦਨ ਹੋਈ ਹੈ ਤੇ ਉਹ ਕਹਿਣ ਲੱਗਾ ਜੇਕਰ ਅਜਿਹੀ ਹਾਲਤ ਵਿੱਚ ਇਸ ਸਰਕਾਰ ਨੇ ਮੇਰੀ ਸਹਾਇਤਾ ਨਾ ਕੀਤੀ ਤਾਂ ਮੈਂ ਖੁਦਕੁਸ਼ੀ ਕਰਨ ਲਈ ਮਜਬੂਰ ਹੋਵਾਂਗਾ। ਸੋ, ਸਾਨੂੰ ਇਸ ਪਾਸੇ ਸੋਚਣਾ ਪਵੇਗਾ। ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਦੋਂ ਰਿਫਾਈਨਰੀ ਲੱਗੀ ਸੀ, ਉਸ ਸਮੇਂ ਕੈਪਟਨ ਸਾਹਿਬ ਨੇ ਬਿਆਨ ਦਿੱਤਾ ਸੀ ਕਿ ਇਸ ਨਾਲ ਨੁਕਸਾਨ ਹੋਵੇਗਾ ਪਰ ਸਮੇਂ ਦੀ ਸਰਕਾਰ ਨੇ ਇਸ ਪਾਸੇ ਗੌਰ ਨਹੀਂ ਕੀਤੀ। ਸੋ, ਲੋਕਾਂ ਨੂੰ ਧੂੰਏਂ ਤੋਂ ਬਚਾਉਣ ਲਈ ਇਸ ਦਾ ਕੋਈ ਹੱਲ ਕਰਨਾ ਚਾਹੀਦਾ ਹੈ। ਇਹ ਜਿਹੜਾ ਸਿਹਤ ਸੇਵਾਵਾਂ ਦਾ ਮਤਾ ਲਿਆਂਦਾ ਗਿਆ ਹੈ, ਮੈਂ ਇਸ ਤੇ ਇਹੀ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਅਸੀਂ ਸੱਚੇ ਦਿਲੋਂ ਕੁਝ ਕਰਨਾ ਚਾਹੁੰਦੇ ਹਾਂ ਤਾਂ ਅਸੀਂ ਇਹ ਨਾ ਕਹੀਏ ਕਿ ਉਨ੍ਹਾਂ ਨੇ ਨਹੀਂ ਕੀਤਾ, ਫਲਾਣੇ ਨੇ ਨਹੀਂ ਕੀਤਾ । ਆਪਾਂ ਰਲ ਮਿਲ ਕੇ ਇਸ ਪਾਸੇ ਸੋਚੀਏ। ਸਾਨੂੰ ਪੰਜਾਬ ਦੇ ਲੋਕਾਂ ਨੇ ਨੁਮਾਇੰਦਗੀ ਦਿੱਤੀ ਹੈ। ਚਾਹੇ ਉਹ ਅਕਾਲੀ ਹਨ, ਚਾਹੇ ਕਾਂਗਰਸੀ ਹਨ। ਉਨ੍ਹਾਂ ਨੂੰ ਸਾਡੇ ਤੋਂ ਬਹੁਤ ਉਮੀਦਾਂ ਹਨ, ਇਸ ਲਈ ਅਸੀਂ ਆਪਣਾ ਫਰਜ਼ ਨਿਭਾਉਣ ਦੀ ਕੋਸ਼ਿਸ਼ ਕਰ ਰਹੇ ਹਾਂ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਪ੍ਰੋਫੈਸਰ ਬਲਜਿੰਦਰ ਕੌਰ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ :** ਤੁਸੀਂ ਸਰਦਾਰ ਕੁਲਦੀਪ ਸਿੰਘ ਵੈਦ ਜੀ ਤੋਂ ਬਾਅਦ ਬੋਲ ਲੈਣਾ ਕਿਉਂਕਿ ਮਤਾ ਉਨ੍ਹਾਂ ਦਾ ਹੈ ਅਤੇ ਉਹ ਰੈਜ਼ੋਲਿਊਸ਼ਨ ਦੇ ਮੂਵਰਜ਼ ਦੇ ਵਿੱਚੋਂ ਇੱਕ ਹਨ।

**ਸਰਦਾਰ ਜਗਦੇਵ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਇਸ ਸਦਨ ਨੇ ਮੇਰੀ ਗੱਲ ਨੂੰ ਬੜੇ ਧਿਆਨ ਨਾਲ ਸੁਣਿਆ ਹੈ, ਸਾਰਿਆਂ ਦਾ ਧੰਨਵਾਦ।(ਥੰਪਿੰਗ)

**ਸਰਦਾਰ ਕੁਲਦੀਪ ਸਿੰਘ ਵੈਦ (ਬੁਲਾਰਾ) (ਗਿੱਲ, ਐਸ.ਸੀ.) :** ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਸਭ ਤੋਂ ਪਹਿਲਾਂ ਮੈਂ ਕੈਪਟਨ ਅਮਰਿੰਦਰ ਸਿੰਘ ਜੀ ਅਤੇ ਸਿਹਤ ਮੰਤਰੀ ਜੀ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਗਰੀਬ ਮਰੀਜ਼ਾਂ ਨੂੰ ਦਵਾਈਆਂ ਦੇਣ ਵਾਲੇ ਪਾਸੇ ਵਿਸ਼ੇਸ਼ ਤੌਰ ਤੇ ਧਿਆਨ ਦਿੱਤਾ ਹੈ। ਇਸ ਦੇ ਨਾਲ ਹੀ ਸਿਹਤ ਵਿਭਾਗ ਨੂੰ ਵੀ ਬਹੁਤ ਵਧੀਆ ਢੰਗ ਨਾਲ ਚਲਾਉਣ ਦਾ ਉਪਰਾਲਾ ਕੀਤਾ ਹੈ। ਸਾਲ 2017-18 ਤੋਂ ਪਹਿਲਾਂ ਜਿਹੜੀਆਂ ਦਵਾਈਆਂ ਦੀ ਮੌਜੂਦਗੀ ਸੀ, ਉਸ ਵਿੱਚ ਕਾਫੀ ਸਮੱਸਿਆ ਆ ਰਹੀ ਸੀ । ਜਿਹੜੀਆਂ ਦਵਾਈਆਂ essential drug list ਵਿੱਚ ਸਨ ਉਹ ਡਾਕਟਰਾਂ ਵੱਲੋਂ ਪ੍ਰਸਕਾਈਬ ਨਹੀਂ ਕੀਤੀਆਂ ਜਾਂਦੀਆਂ ਸਨ ਔਰ ਕਈ ਤਰ੍ਹਾਂ ਦੀਆਂ ਦਵਾਈਆਂ ਦਾ misuse ਹੁੰਦਾ ਸੀ। ਇਸੇ ਤਰ੍ਹਾਂ ਹੀ ਜਿਹੜੇ ਸਾਡੇ ਸਿਵਲ ਸਰਜਨ ਸੀ, ਉਨ੍ਹਾਂ ਨੂੰ ਲੂਪ ਵਿੱਚ ਨਹੀਂ ਰੱਖਿਆ ਜਾਂਦਾ ਸੀ। ਉਨ੍ਹਾਂ ਨੂੰ ਕਿਸੇ ਕਿਸਮ ਦੀ ਦਵਾਈ ਦੀ ਸਪਲਾਈ ਦਾ ਪਤਾ ਨਹੀਂ ਸੀ ਲੱਗਦਾ ਜਿਸ ਨਾਲ ਕਈ ਤਰ੍ਹਾਂ ਦੀਆਂ ਪ੍ਰਾਬਲਮਜ਼ ਫੇਸ ਕੀਤੀਆਂ ਜਾਂਦੀਆਂ ਸਨ। ਮੈਂ ਇੱਥੇ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਹਰ ਸਪੀਕਰ ਨੇ ਇੱਕ ਬਹੁਤ ਹੀ ਅਹਿਮ ਇਸ਼ੂ ਕੈਂਸਰ ਬਾਰੇ ਉਠਾਇਆ ਹੈ। ਪੰਜਾਬ ਵਿੱਚ ਮਾਲਵੇ ਦੀ ਕੈਂਸਰ ਦੀ ਇਹ ਬਿਮਾਰੀ ਜਿਸ ਨੂੰ ਅਸੀਂ ਜੜ੍ਹ ਤੋਂ ਪੁੱਟਣਾ ਚਾਹੁੰਦੇ ਹਾਂ, ਉਸ ਦਾ ਜਿਹੜਾ cause ਹੈ, ਉਹ ਲੁਧਿਆਣੇ ਦਾ ਬੁੱਢਾ ਨਾਲਾ ਹੈ । ਮੈਡੀਕਲ ਟਰਮ cause ਤਾਂ ਹੋਰ ਵੀ ਬਹੁਤ ਹੋਣਗੇ ਪਰ ਇਹ ਬਹੁਤ ਵੱਡਾ ਮੁੱਦਾ ਹੈ। ਇਸ ਮੁੱਦੇ ਨੂੰ ਮੈਂ ਉਠਾਉਣਾ ਚਾਹੁੰਦਾ ਹਾਂ। ਮੈਂ ਆਪ ਜੀ ਦੇ ਰਾਹੀਂ ਸਰਕਾਰ ਨੂੰ ਬੇਨਤੀ ਵੀ ਕਰਨੀ ਚਾਹੁੰਦਾ ਹਾਂ । ਹੈਲਥ ਮਨਿਸਟਰ ਸਾਹਿਬ ਬੈਠੇ ਹਨ । ਮਾਲਵੇ ਵਿੱਚ 62% ਕੈਂਸਰ ਦੇ ਮਰੀਜ਼ ਹਨ ਕਿਉਂਕਿ ਬੁੱਢਾ ਨਾਲਾ ਉੱਥੋਂ ਜਾ ਰਿਹਾ ਹੈ। ਬੁੱਢਾ ਨਾਲਾ ਸਤਲੁਜ ਦਰਿਆ ਵਿਚ ਪੈਂਦਾ ਹੈ। ਹਰੀਕੇ ਪੱਤਣ ਜਾ ਕੇ ਇਹੀ ਸਤਲੁਜ ਦਰਿਆ ਬਿਆਸ ਦੇ ਨਾਲ ਮਿਲਦਾ ਹੈ ਅਤੇ ਉੱਥੋਂ ਰਾਜਸਥਾਨ ਫੀਡਰ ਕੈਨਾਲ ਅਤੇ ਬਠਿੰਡਾ ਫੀਡਰ ਕੈਨਾਲ ਨਿਕਲਦੀਆਂ ਹਨ। ਇਹੀ ਨਹਿਰਾਂ ਦਾ ਪਾਣੀ ਬਠਿੰਡਾ, ਫਿਰੋਜ਼ਪੁਰ ਅਤੇ ਗੰਗਾਨਗਰ ਦੇ ਏਰੀਏ ਨੂੰ ਲੱਗਦਾ ਹੈ। ਮੈਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਅੱਜ ਦੇ ਸਮੇਂ ਵਿੱਚ ਵੀ ਜਿਹੜੇ ਸਾਡੇ ਉੱਥੋਂ ਦੇ ਲੋਕ ਹਨ, ਉਹ ਇਨ੍ਹਾਂ ਨਹਿਰਾਂ ਦਾ ਜ਼ਹਿਰੀਲਾ ਪਾਣੀ ਪੀ ਰਹੇ ਹਨ ਅਤੇ ਕੈਂਸਰ ਦੇ ਮਰੀਜ਼ ਬਣ ਰਹੇ ਹਨ। ਮੈਂ ਸਰਕਾਰ ਨੂੰ ਆਪ ਜੀ ਦੇ ਮਾਧਿਅਮ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਬੁੱਢਾ ਨਾਲਾ ਦਾ ਮਸਲਾ ਬਹੁਤ ਹੀ important ਹੈ। ਇਹ ਲੋਕਾਂ ਦੀ ਹੈਲਥ ਦੇ ਨਾਲ ਜੁੜਿਆ ਹੋਇਆ ਹੈ। ਇਹ ਮੇਰੇ ਆਪਣੇ ਹਲਕੇ ਵਿਚੋਂ ਲੰਘਦਾ ਹੈ। ਮੇਰੇ ਲੁਧਿਆਣਾ ਜ਼ਿਲ੍ਹੇ ਦੇ ਜਿਹੜੇ ਹੋਰ ਵੀ ਦੋਸਤ ਐਮ.ਐਲ.ਏਜ਼ ਸਾਹਿਬਾਨ ਹਨ, ਉਨ੍ਹਾਂ ਦੇ ਏਰੀਏ ਵਿਚੋਂ ਵੀ ਲੰਘਦਾ ਹੈ। ਇਸ ਬਾਰੇ ਬਹੁਤ ਹੀ ਸਪੈਸ਼ਲ ਧਿਆਨ ਦੇਣ ਦੀ ਲੋੜ ਹੈ। ਪੋਲ ਖੋਲ੍ਹ ਰੈਲੀਆਂ ਸ਼੍ਰੋਮਣੀ ਅਕਾਲੀ ਦਲ ਕਰ ਰਿਹਾ ਹੈ। ਬੜੀ ਚੰਗੀ ਗੱਲ ਹੈ ਇਨ੍ਹਾਂ ਨੂੰ ਪੋਲ ਖੋਲ੍ਹਣੇ ਚਾਹੀਦੇ ਹਨ ਪਰ 10 ਸਾਲ ਪਹਿਲਾਂ ਇਨ੍ਹਾਂ ਦੀ ਸਰਕਾਰ ਸੀ । ਮੈਂ ਬੁੱਢੇ ਨਾਲੇ ਦੀ ਹੀ ਪੋਲ ਖੋਲ੍ਹ ਦਿੰਦਾ ਹਾਂ। 10 ਸਾਲ ਮੀਟਿੰਗਾਂ ਬਹੁਤ ਹੋਈਆਂ। ਇਨ੍ਹਾਂ ਦੀਆਂ proceedings ਵੀ ਕਢਵਾ ਕੇ ਵੇਖੀਆਂ ਜਾ ਸਕਦੀਆਂ ਹਨ ਲੇਕਿਨ ਇਸ ਮੁੱਦੇ ਉੱਤੇ ਕੋਈ ਵੀ ਕੰਮ ਨਹੀਂ ਹੋਇਆ। ਕੈਂਸਰ ਦਾ ਰੌਲਾ ਵੀ ਪੈਂਦਾ ਰਿਹਾ। ਡੇਢ ਲੱਖ ਰੁਪਿਆ ਦੇਣ ਦੀਆਂ ਵੀ ਗੱਲਾਂ ਹੁੰਦੀਆਂ ਰਹੀਆਂ ਲੇਕਿਨ ਇਹ ਜਿਹੜੀ ਪਿਛਲੀ ਸਰਕਾਰ ਸੀ, 10 ਸਾਲ ਇਸ ਬਾਰੇ ਇਨ੍ਹਾਂ ਨੇ ਕੁਝ ਨਹੀਂ ਕੀਤਾ। Essential Drug List (EDL) ਜਿਹੜੀ ਹੈ, ਉਸ ਵਿੱਚ ਸਾਡੀ ਸਰਕਾਰ ਨੇ ਸੋਧ ਕੀਤੀ ਹੈ। ਇਹ ਬਹੁਤ ਚੰਗੀ ਗੱਲ ਹੈ। ਪੁਰਾਣੀ ਲਿਸਟ ਵਿਚ 214 ਦਵਾਈਆਂ ਸਨ ਜਿਸ ਵਿਚੋਂ 11 ਦਵਾਈਆਂ ਖਤਮ ਕਰ ਦਿੱਤੀਆਂ ਗਈਆਂ। ਇਸੇ ਤਰ੍ਹਾਂ ਦਵਾਈਆਂ ਦੀ ਜਿਹੜੀ ਸਿਵਲ ਸਪਲਾਈ ਸੀ, ਉਹ ਸਿਵਲ ਸਰਜਨ ਦੇ ਲੈਵਲ ਤੇ ਕੀਤੀ ਗਈ ਹੈ। ਇਸ ਤਰ੍ਹਾਂ ਹੋਰ ਵੀ ਬਹੁਤ ਸੁਧਾਰ ਕੀਤੇ ਗਏ ਹਨ। ਸਪੀਕਰ ਸਾਹਿਬ, ਮੈਂ ਤੁਹਾਨੂੰ ਬੇਨਤੀ ਕਰਨੀ

ਚਾਹੁੰਦਾ ਹਾਂ ਕਿ ਕੰਮ ਬਹੁਤ ਹੋ ਰਹੇ ਹਨ। ਡਿਸਕਸ਼ਨ ਵੀ ਬਹੁਤ ਹੋ ਰਹੀ ਹੈ ਲੇਕਿਨ ਹੈਲਥ ਮਨਿਸਟਰ ਸਾਹਿਬ ਨੂੰ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜੇ ਮੁੱਦੇ ਹਨ, ਇਹ ਬਹੁਤ ਹੀ ਅਹਿਮ ਹਨ। ਮੈਂ cancer ਉੱਤੇ stress ਇਸ ਕਰਕੇ ਦੇਣਾ ਚਾਹੁੰਦਾ ਹਾਂ ਕਿ ਹਾਊਸ ਨੇ ਕੈਂਸਰ ਦੀ ਗੱਲ ਕੀਤੀ ਹੈ ਲੇਕਿਨ ਜਿਹੜਾ ਇਸ ਦਾ ਐਕਚੂਅਲ ਮਸਲਾ ਹੈ, ਉਸ ਵੱਲ ਧਿਆਨ ਦੇਣ ਦੀ ਲੋੜ ਹੈ। ਮੈਂ ਨਾਭਾ ਸਾਹਿਬ ਜੀ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਇਹ ਮਤਾ ਲੈ ਕੇ ਆਉਂਦਾ ਹੈ। ਕੰਵਰ ਸੰਧੂ ਜੀ ਨੇ ਬਜਟ ਪ੍ਰੋਵੀਜ਼ਨ ਦੀ ਗੱਲ ਕੀਤੀ ਸੀ। ਜੇ ਆਪਾਂ ਵਾਕਿਆ ਹੀ ਹੈਲਥ ਸਰਵਿਸਿਜ਼ ਵਿੱਚ ਸੁਧਾਰ ਕਰਨਾ ਚਾਹੁੰਦੇ ਹਾਂ ਤਾਂ ਇਸ ਸਬੰਧੀ ਬਜਟ ਵਿੱਚ ਜਿਹੜੀ ਪ੍ਰੋਵੀਜ਼ਨ ਹੈ, ਉਹ ਜ਼ਿਆਦਾ ਰੱਖਣੀ ਪਵੇਗੀ। ਇੰਨੇ ਬਜਟ ਨਾਲ ਅਸੀਂ ਲੋਕਾਂ ਦੀ ਹੈਲਥ ਵਿੱਚ ਸੁਧਾਰ ਨਹੀਂ ਕਰ ਪਾਵਾਂਗੇ।

ਸਪੀਕਰ ਸਾਹਿਬ, ਮੈਂ ਗਿੱਲ ਹਲਕੇ ਦੀ ਗੱਲ ਕਰਨੀ ਚਾਹੁੰਦਾ ਹਾਂ। ਗਿੱਲ ਹਲਕਾ ਪੰਜਾਬ ਦਾ ਸਭ ਤੋਂ ਵੱਡਾ ਏਰੀਏ-ਵਾਈਜ਼ ਅਤੇ ਪਾਪੂਲੇਸ਼ਨ-ਵਾਈਜ਼ ਹਲਕਾ ਹੈ। ਮੈਂ ਸ਼੍ਰੋਮਣੀ ਅਕਾਲੀ ਦਲ ਨੂੰ ਮੁਬਾਰਕਬਾਦ ਦੇਣੀ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਪਿਛਲੀ ਸਰਕਾਰ ਸਮੇਂ ਡੇਹਲੋਂ ਵਿੱਚ ਹਸਪਤਾਲ ਤਾਂ ਬਣਾ ਦਿੱਤਾ ਲੇਕਿਨ ਉਸ ਵਿੱਚ facilities ਬਹੁਤ ਹੀ minimal ਹਨ। ਇੱਥੇ ਕੋਈ ਐਕਸ-ਰੇ ਦੀ ਮਸ਼ੀਨ ਨਹੀਂ ਹੈ, ਕੋਈ ਐਮ.ਆਰ.ਆਈ. ਦੀ ਮਸ਼ੀਨ ਨਹੀਂ ਹੈ। ਕੋਈ ਸੀ.ਟੀ. ਸਕੈਨ ਦੀ ਮਸ਼ੀਨ ਨਹੀਂ ਹੈ। ਲੋਕਾਂ ਨੂੰ ਲੁਧਿਆਣੇ ਜਾਣਾ ਪੈਂਦਾ ਹੈ। ਹੰਬੜਾ ਵਿੱਚ ਇੱਕ ਹਸਪਤਾਲ ਬਣਿਆ ਹੋਇਆ ਹੈ। ਲੇਕਿਨ ਉੱਥੇ ਕੋਈ ਵੀ ਸਰਵਿਸ ਨਹੀਂ ਹੈ। ਨਾ ਹੀ ਕੋਈ ਡਾਕਟਰ ਹੈ ਤੇ ਨਾ ਹੀ ਕਿਸੇ ਤਰ੍ਹਾਂ ਦਾ ਕੋਈ ਫਾਰਮਾਸਿਸਟ ਹੈ। ਇਨ੍ਹਾਂ ਚੀਜ਼ਾਂ ਵਿੱਚ ਜੇਕਰ ਅਸੀਂ ਸੁਧਾਰ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਬਜਟ ਵਿਚ ਪ੍ਰੋਵੀਜ਼ਨ ਦੇਣੀ ਪਵੇਗੀ। ਮੈਂ ਮੁੱਖ ਮੰਤਰੀ ਸਾਹਿਬ ਦਾ, ਹੈਲਥ ਮਨਿਸਟਰ ਸਾਹਿਬ ਦਾ ਅਤੇ ਨਾਭਾ ਸਾਹਿਬ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਕੋਸ਼ਿਸ਼ਾਂ ਤਾਂ ਕੀਤੀਆਂ ਹਨ।

**Mr. Speaker :** Thank You, Thank You.

**ਸਰਦਾਰ ਕੁਲਦੀਪ ਸਿੰਘ ਵੈਦ (ਬੁਲਾਰਾ)** : ਮੇਰੀ ਇੱਕ ਬੇਨਤੀ ਹੈ ਜਿਵੇਂ ਡਾਕਟਰ ਹਰਜੋਤ ਕਮਲ ਨੇ ਕਿਹਾ ਸੀ ਇਹ ਜਿਹੜੇ ਐਮ.ਐਲ.ਏ. ਇੱਧਰਲੇ ਬੈਂਚਾਂ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਤੇ ਬੈਠੇ ਹਨ ਇਨ੍ਹਾਂ ਵੱਲ ਜ਼ਰੂਰ ਧਿਆਨ ਰੱਖਿਆ ਕਰੋ । ਅਸੀਂ ਮਹਿਸੂਸ ਕਰਦੇ ਹਾਂ ਕਿ ** ** । ਹਾਊਸ ਵਿੱਚ ਸਾਨੂੰ ਇਹ ਮਹਿਸੂਸ ਹੁੰਦਾ ਹੈ ਕਿ ਹੋ ਸਕਦਾ ਹੈ ਕਿ ਇਹ important ਹੋਣ ਪਰ ਅਸੀਂ ਲੋਕ ਵੀ ਚੁਣ ਕੇ ਆਏ ਹਾਂ। ਸਾਡੇ ਵੱਲ ਵੀ ਧਿਆਨ ਦਿੱਤਾ ਜਾਵੇ। ਬਹੁਤ ਬਹੁਤ ਧੰਨਵਾਦ ਜੀ।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਅਤੇ ਆਪੋਜ਼ੀਸ਼ਨ ਬੈਂਚਿਜ਼ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਮਤੇ ਤੇ ਬੋਲਣ ਦੀ ਮੰਗ ਕਰ ਰਹੇ ਸਨ ।)

**ਮਾਨਯੋਗ ਸਪੀਕਰ** : ਟਾਈਮ ਥੋੜ੍ਹਾ ਹੈ । ਪਲੀਜ਼, ਬੈਠੋ ਜੀ । ਸਰਦਾਰ ਬਲਬੀਰ ਸਿੰਘ ਜੀ ਸਿੱਧੂ, ਦੋ ਮਿੰਟ ਵਿੱਚ ਕਨਕਲੂਡ ਕਰੋ ।

**ਸਰਦਾਰ ਬਲਬੀਰ ਸਿੰਘ ਸਿੱਧੂ (ਐਸ.ਏ.ਐਸ.ਨਗਰ) :** ਸਪੀਕਰ ਸਾਹਿਬ, ਧੰਨਵਾਦ । ਅੱਜ ਇੱਥੇ ਹਾਊਸ ਵਿੱਚ ਮਤਾ ਪੇਸ਼ ਕੀਤਾ ਗਿਆ ਹੈ । ਕਿਸੇ ਵੀ ਦੇਸ਼ ਜਾਂ ਸੂਬੇ ਦੀ ਤਰੱਕੀ ਉਥੋਂ ਦੀ ਹੈਲਥ ਜਾਂ ਐਜੂਕੇਸ਼ਨ ਤੇ ਡਿਪੈਂਡ ਕਰਦੀ ਹੈ । ਇਸ ਨੂੰ ਮੁੱਖ ਰੱਖਦੇ ਹੋਏ ਜਿਹੜਾ ਇਹ ਮਤਾ ਲੈ ਕੇ ਆਏ ਹਨ, ਮੈਂ ਇਸ ਦੀ ਤਾਈਦ ਕਰਦਾ ਹਾਂ ਪਰ ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ

** Expunged as ordered by Hon'ble Speaker.

[ਸਰਦਾਰ ਬਲਬੀਰ ਸਿੰਘ ਸਿੱਧੂ]

ਕਿ ਮੇਰਾ ਹਲਕਾ ਮੁਹਾਲੀ ਸਭ ਤੋਂ ਪੜ੍ਹਿਆ ਲਿਖਿਆ ਹਲਕਾ ਹੈ । ਉਥੇ ਤਕਰੀਬਨ ਦਸ-ਬਾਰਾਂ ਬੜੇ ਵੱਡੇ ਪ੍ਰਾਈਵੇਟ ਹਸਪਤਾਲ ਵੀ ਹਨ। ਜਿਵੇਂ ਫੋਰਟਿਸ ਹੈ, ਮੈਕਸ ਹੈ, ਗਰੇਸ਼ੀਅਨ ਹੈ, ਮਾਓ ਹੈ । ਇਸ ਤਰ੍ਹਾਂ ਦੇ ਦਸ-ਬਾਰ੍ਹਾਂ ਹਸਪਤਾਲ ਹਨ ਪਰ ਮੈਂ ਇਹ ਕਹਿ ਸਕਦਾ ਹਾਂ ਕਿ ਜਿਹੜੇ ਇਹ 10-12 ਹਸਪਤਾਲ ਹਨ, ਇਹ ਕਮਰਸ਼ੀਅਲ ਦੁਕਾਨਾਂ ਹਨ, ਇਹ ਹਸਪਤਾਲ ਨਹੀਂ ਹਨ। ਜਿਹੜਾ ਬੰਦਾ ਉਥੇ ਚਲਾ ਗਿਆ, ਉਹ ਕੋਈ ਵੀ ਸੁੱਕਾ ਵਾਪਸ ਨਹੀਂ ਆਉਂਦਾ । ਮੈਂ ਦੱਸਣਾ ਚਾਹੁੰਦਾ ਹਾਂ । ਚਾਰ-ਪੰਜ ਰਿਸ਼ਤੇਦਾਰ ਮੇਰੇ ਬਹੁਤ ਨੇੜੇ ਦੇ ਹਨ। ਸਪੀਕਰ ਸਾਹਿਬ, ਤੁਸੀਂ ਵੀ ਜਾਣਦੇ ਹੋ। ਪੁਰਖਾਲੀ ਪਿੰਡ ਵਿੱਚ ਮੇਰੇ ਰਿਸ਼ਤੇਦਾਰ ਹਨ। ਉਹ ਲੈਫਟੀਨੈਂਟ ਜਨਰਲ ਰਿਟਾਇਰ ਹੋਏ ਹਨ। ਉਨ੍ਹਾਂ ਦੀ ਮਦਰ ਬਿਮਾਰ ਹੋ ਗਏ ਤੇ ਉਨ੍ਹਾਂ ਨੂੰ ਹਸਪਤਾਲ ਜਾ ਕੇ ਦਾਖਲ ਕਰਵਾਇਆ । ਸਪੀਕਰ ਸਾਹਿਬ, ਉਨ੍ਹਾਂ ਨੂੰ ਆਈ.ਸੀ.ਯੂ. ਵਿੱਚ ਲੈ ਗਏ ਤੇ 36 ਘੰਟੇ ਦਾਖਲ ਕਰਵਾਇਆ। ਟਰੀਟਮੈਂਟ ਵੀ ਕੀਤਾ । ਉਥੋਂ ਸ਼ਿਫਟ ਕਰਕੇ ਆਰਮੀ ਹਸਪਤਾਲ ਲੈ ਗਏ । ਇਹ ਗੱਲ ਕਿੱਥੋਂ ਬਾਹਰ ਆਈ ? ਇਹ ਗੱਲ ਆਰਮੀ ਹਸਪਤਾਲ ਤੋਂ ਬਾਹਰ ਆਈ ਕਿ ਇਸ ਦਾ ਕੋਈ ਇਲਾਜ ਨਹੀਂ ਕੀਤਾ ਗਿਆ। ਉਹ 92 ਈਅਰਜ਼ ਓਲਡ ਮਾਤਾ ਜੀ ਹਨ । ਉਸ ਤੋਂ ਬਾਅਦ ਉਨ੍ਹਾਂ ਨੇ ਸੈਂਟਰ ਗੌਰਮਿੰਟ ਨੂੰ ਕੰਪਲੇਂਟ ਕੀਤੀ । ਨੈਸ਼ਨਲ ਕਮਿਸ਼ਨ ਨੂੰ ਵੀ ਕੰਪਲੇਂਟ ਕੀਤੀ ਔਰ ਉਨ੍ਹਾਂ ਨੇ ਕਿਹਾ ਹੈ ਕਿ ਇਹ ਪਰਵਿਊ ਸਟੇਟ ਗੌਰਮਿੰਟ ਦਾ ਬਣਦਾ ਹੈ । ਮੈਂ ਤੁਹਾਡੇ ਰਾਹੀਂ ਖਾਸ ਤੌਰ ਤੇ ਸ਼੍ਰੀ ਬ੍ਰਹਮ ਮਹਿੰਦਰਾ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਇਹ ਪ੍ਰਾਈਵੇਟ ਹਸਪਤਾਲ ਹਨ ਜਿਨ੍ਹਾਂ ਨੂੰ ਅਸੀਂ ਕਨਸੈਸ਼ਨਲ ਰੇਟ ਤੇ ਜ਼ਮੀਨ ਦਿੱਤੀ ਹੈ ਔਰ ਬਕਾਇਦਾ ਸ਼ਰਤਾਂ ਹਨ ਕਿ ਜਿਹੜੇ ਵੀਕਰ ਸੈਕਸ਼ਨ ਹਨ ਜਾਂ ਆਰਮੀ ਦੇ ਪੈਨਲ ਤੇ ਹਨ, ਉਨ੍ਹਾਂ ਨੂੰ ਪ੍ਰਾਇਰਟੀ ਤੇ ਟਰੀਟਮੈਂਟ ਦੇਵਾਂਗੇ ਪਰ ਉਨ੍ਹਾਂ ਲੋਕਾਂ ਨਾਲ ਬਹੁਤ ਧੱਕਾ ਹੋਇਆ ਹੈ । ਮੰਤਰੀ ਜੀ, ਉਹ ਨੈਕਸਟ ਵੀਕ ਤੁਹਾਨੂੰ ਮਿਲਣ ਵਾਸਤੇ ਵੀ ਆਉਣਗੇ । ਮੈਂ ਇਹ ਕਹਿਣਾ ਚਾਹੁੰਦਾ ਹਾਂ ਜਿੱਥੇ ਇਹੋ ਜਿਹੇ ਹਸਪਤਾਲ ਹਨ, ਉਨ੍ਹਾਂ ਨੂੰ ਚੈੱਕ ਕਰਨ ਵਾਸਤੇ ਕੋਈ ਅਥਾਰਟੀ ਹੋਣੀ ਚਾਹੀਦੀ ਹੈ ਕਿ ਉਹ ਸਾਡੇ ਮਾਤਹਿਤ ਹਨ। ਮੈਂ ਮੁਹਾਲੀ ਦਾ ਐਮ.ਐਲ.ਏ. ਹਾਂ । ਹਰ ਪੰਜਾਬ ਦੇ ਬੰਦੇ ਦੀ ਕੋਸ਼ਿਸ਼ ਹੁੰਦੀ ਹੈ ਅਤੇ ਉਹ ਐਮ.ਐਲ.ਏ. ਨੂੰ ਅਪਰੋਚ ਕਰਦਾ ਹੈ । ਚਾਹੇ ਉਹ ਐਮ.ਐਲ.ਏ. ਕਿਸੀ ਵੀ ਪਾਰਟੀ ਦਾ ਹੋਵੇ। ਅਸੀਂ ਬਰਾਬਰ ਦੇ ਮੈਂਬਰ ਹਾਂ । ਅਸੀਂ ਕਈ ਵਾਰ ਸਪੈਸ਼ਲੀ ਹਸਪਤਾਲ ਵਿੱਚ ਜਾ ਕੇ ਵੀ ਮਿਲਦੇ ਹਾਂ ਪਰ ਉਥੇ ਕੋਈ ਤਵੱਜੋ ਨਹੀਂ ਦਿੱਤੀ ਜਾਂਦੀ, ਚਾਹੇ ਮੈਕਸ ਵਾਲੇ ਹਨ । ਦੂਜੀ ਗੱਲ ਇਹ ਹੈ ਕਿ ਜਿਹੜਾ ਬੰਦਾ ਉਥੇ ਦਾਖਲ ਹੁੰਦਾ ਹੈ, ਉਸ ਤੋਂ ਜਾਂਦੇ ਹੀ ਚਾਰ-ਪੰਜ ਲੱਖ ਰੁਪਿਆ ਜਮ੍ਹਾਂ ਕਰਵਾ ਲਿਆ ਜਾਂਦਾ ਹੈ ਔਰ ਸਵੇਰ ਛੇ ਵਜਦੇ ਹੀ ਮੈਸੇਜ ਆ ਜਾਂਦਾ ਹੈ ਕਿ ਤੁਹਾਡੇ ਪੈਸੇ ਖਤਮ ਹੋ ਗਏ । ਕਈ ਵਾਰ ਜਿਹੜਾ ਬੰਦਾ ਨਾਲ ਅਟੈਂਡੈਂਟ ਹੁੰਦਾ ਹੈ.... ।

**ਮਾਨਯੋਗ ਸਪੀਕਰ :** ਚਲੋ ਕਨਕਲੂਡ ਕਰੋ ਜੀ ।

**ਸਰਦਾਰ ਬਲਬੀਰ ਸਿੰਘ ਸਿੱਧੂ :** ਜਿਹੜਾ ਨਾਲ ਬੰਦਾ ਅਟੈਂਡੈਂਟ ਹੁੰਦਾ ਹੈ, ਉਹ ਇੰਨਾ ਪਰੇਸ਼ਾਨ ਹੁੰਦਾ ਹੈ ਕਿ ਕਿਤੇ ਉਸ ਨੂੰ ਹਾਰਟ ਅਟੈਕ ਹੀ ਨਾ ਹੋ ਜਾਵੇ । ਮੈਂ ਤੁਹਾਨੂੰ ਖਾਸ ਕਰਕੇ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਇਹੋ ਜਿਹੇ ਹਸਪਤਾਲ ਹਨ, ਉਨ੍ਹਾਂ ਤੋਂ ਬਕਾਇਦਾ ਗਾਰੰਟੀ ਲਓ ਜਾਂ ਉਨ੍ਹਾਂ ਤੋਂ ਅਥਾਰਟੀ ਬਣਾਓ ਜਾਂ ਉਨ੍ਹਾਂ ਵਿੱਚ ਸਰਕਾਰ ਦਾ ਕੋਈ ਨੁਮਾਇੰਦਾ ਹੋਵੇ । ਜਿਵੇਂ ਮੁਹਾਲੀ ਵਿੱਚ ਸਕੂਲ ਹਨ । ਬੜੇ ਸਕੂਲ ਖੁੱਲ੍ਹ ਗਏ ਹਨ । ਸਰਕਾਰ ਨੇ ਉਨ੍ਹਾਂ ਨੂੰ ਜ਼ਮੀਨ ਦਿੱਤੀ ਹੈ । ਕਿਸੇ ਨੂੰ ਰੁਪਿਆ ਗਜ਼ ਤੇ, ਕਿਸੇ ਨੂੰ ਦੋ ਰੁਪਏ ਗਜ਼ ਤੇ ਪਰ ਜਦੋਂ ਐਡਮਿਸ਼ਨ ਲੈਣ ਜਾਂਦੇ ਹਾਂ ਤਾਂ ਉਹ ਕਹਿੰਦੇ ਹਨ ਕਿ ਅਥਾਰਟੀ ਬੰਬੇ ਬੈਠੀ ਹੈ । ਸਾਡੇ ਕੋਲ ਤਾਂ ਫਰੈਂਚਾਈਜ਼ ਹੈ। ਦਿੱਲੀ ਹੈਡਕੁਆਰਟਰਜ਼ ਹੈ । ਕੌਣ ਅਪਰੋਚ ਕਰੇ? ਜਿਹੜਾ ਬਕਾਇਦਾ ਲੋਕਲ ਨੁਮਾਇੰਦਾ ਹੈ, ਚਾਹੇ ਡੀ.ਸੀ. ਹੈ, ਚਾਹੇ ਐਸ.ਡੀ.ਐਮ. ਹੈ, ਉਸ ਦੀ ਜ਼ਰੂਰ ਉਥੇ ਨੁਮਾਇੰਦਗੀ ਹੋਣੀ ਚਾਹੀਦੀ ਹੈ ਜਿਸ ਰਾਹੀਂ ਅਸੀਂ ਆਪਣੇ ਲੋਕਾਂ ਦੀ ਮਦਦ ਕਰ ਸਕੀਏ । ਬਹੁਤ ਬਹੁਤ ਧੰਨਵਾਦ ।

**ਮਾਨਯੋਗ ਸਪੀਕਰ :** ਹਾਂ ਜੀ, ਪ੍ਰੋਫੈਸਰ ਬਲਜਿੰਦਰ **ਕੌਰ** ਜੀ ।

**ਪ੍ਰੋਫੈਸਰ ਬਲਜਿੰਦਰ ਕੌਰ :** ਧੰਨਵਾਦ ਸਪੀਕਰ ਸਾਹਿਬ । ਸਪੀਕਰ ਸਾਹਿਬ, ਮੈਂ ਰੈਜ਼ੋਲਿਊਸ਼ਨ ਦਿੱਤਾ ਸੀ ਕਿ ਅਨੰਦ ਮੈਰਿਜ ਐਕਟ ਨੂੰ ਲਾਗੂ ਕੀਤਾ ਜਾਵੇ । ਟਾਈਮ ਦੀ ਕਮੀ ਕਰਕੇ, ਸ਼ਾਰਟੇਜ ਆਫ ਟਾਈਮ ਕਰਕੇ ਉਸ ਤੇ ਸ਼ਾਇਦ ਡਿਸਕਸ਼ਨ ਨਹੀਂ ਹੋ ਸਕੀ । ਮੈਂ ਤੁਹਾਡੇ ਰਾਹੀਂ ਹਾਊਸ ਨੂੰ ਗੁਜ਼ਾਰਿਸ਼ ਕਰਾਂਗੀ ਕਿ ਇਸ ਨੂੰ ਬਿਨਾਂ ਡਿਸਕਸ਼ਨ ਤੋਂ ਪਾਸ ਕੀਤਾ ਜਾਵੇ ਕਿਉਂਕਿ ਇਹ ਇਹੋ ਜਿਹਾ ਇੰਪਾਰਟੈਂਟ ਇਸ਼ੂ ਹੈ ਜਿਸ ਨੂੰ ਹੋਰ ਲੰਬਾ ਨਹੀਂ ਖਿੱਚ ਸਕਦੇ। ਥੈਂਕਿਊ ।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਅਤੇ ਆਪੋਜ਼ੀਸ਼ਨ ਬੈਂਚਿਜ਼ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਮਤੇ ਤੇ ਬੋਲਣ ਦੀ ਮੰਗ ਕਰ ਰਹੇ ਸਨ ।)

**ਸਰਦਾਰ ਬਲਵਿੰਦਰ ਸਿੰਘ ਬੈਂਸ :** ਸਪੀਕਰ ਸਾਹਿਬ, ਮਤੇ ਵਿੱਚ ਗੁਰੂ ਗ੍ਰੰਥ ਸਾਹਿਬ ਲਿਖਿਆ ਹੈ, ਇਸ ਵਿੱਚ ਸੋਧ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਰ ਲਓ । ਇਹੀ ਮੈਂ ਕਹਿਣਾ ਚਾਹੁੰਦਾ ਹਾਂ । (ਵਿਘਨ)

**ਮਾਨਯੋਗ ਸਪੀਕਰ :** ਕੀ ਕਿਹਾ ਜੀ ?

**ਸਰਦਾਰ ਬਲਵਿੰਦਰ ਸਿੰਘ ਬੈਂਸ :** ਗੁਰੂ ਗ੍ਰੰਥ ਸਾਹਿਬ ਦੀ ਥਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਕਰ ਲਿਆ ਜਾਵੇ।

**ਮਾਨਯੋਗ ਸਪੀਕਰ :** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

**ਸਰਦਾਰ ਬਲਵਿੰਦਰ ਸਿੰਘ ਬੈਂਸ :** ਇਸ ਵਿੱਚ ਲਿਖਿਆ ਨਹੀਂ ਹੋਇਆ ।

**ਮਾਨਯੋਗ ਸਪੀਕਰ :** ਕਿਸ ਵਿੱਚ ?

**ਸਰਦਾਰ ਬਲਵਿੰਦਰ ਸਿੰਘ ਬੈਂਸ :** ਗੁਰੂ ਗ੍ਰੰਥ ਸਾਹਿਬ ਇਕੱਲਾ ਲਿਖਿਆ ਹੋਇਆ ਹੈ ।

**ਮਾਨਯੋਗ ਸਪੀਕਰ :** ਕਿੱਥੇ ਲਿਖਿਆ ਹੋਇਆ ਹੈ ?

**ਸਰਦਾਰ ਬਲਵਿੰਦਰ ਸਿੰਘ ਬੈਂਸ :** ਸ੍ਰੀ ਗੁਰੂ ਗ੍ਰੰਥ ਸਾਹਿਬ ਕੀਤਾ ਜਾਵੇ ।

**ਮਾਨਯੋਗ ਸਪੀਕਰ :** ਕਿਸ ਵਿੱਚ ?

**ਸਰਦਾਰ ਬਲਵਿੰਦਰ ਸਿੰਘ ਬੈਂਸ :** ਮਤੇ ਵਿੱਚ । ਜਿਹੜੇ ਬੰਦਿਆਂ ਨੇ ਮਤਾ ਟਾਈਪ ਕੀਤਾ ਹੈ, ਉਨ੍ਹਾਂ ਨੇ ਇਕੱਲਾ ਗੁਰੂ ਗ੍ਰੰਥ ਸਾਹਿਬ ਲਿਖਿਆ ਹੋਇਆ ਹੈ ਜਦਕਿ ਲਿਖਣਾ ਚਾਹੀਦਾ ਸੀ, ਸ੍ਰੀ ਗੁਰੂ ਗ੍ਰੰਥ ਸਾਹਿਬ । ਮੈਂ ਲਿਖ ਕੇ ਵੀ ਭੇਜਿਆ ਹੈ ।

**ਮਾਨਯੋਗ ਸਪੀਕਰ :** ਇਹ ਸ੍ਰੀ ਦੀ ਦਰੁਸਤੀ ਕਰਦੇ ਹਾਂ ਔਰ ਇਸ ਦੀ ਜਵਾਬ ਤਲਬੀ ਵੀ ਕਰਾਂਗੇ ।

**Sardar Balvinder Singh Bains** : Thank you.

**ਮਾਨਯੋਗ ਸਪੀਕਰ :** ਹਾਂ ਜੀ, ਨਾਗਰਾ ਸਾਹਿਬ।

**ਸਰਦਾਰ ਕੁਲਜੀਤ ਸਿੰਘ ਨਾਗਰਾ (ਫਤਿਹਗੜ੍ਹ ਸਾਹਿਬ) :** ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਹੈ । ਮੈਂ ਤਿੰਨ-ਚਾਰ ਗੱਲਾਂ ਤੁਹਾਡੇ ਨਾਲ ਕਰਨੀਆਂ ਚਾਹੁੰਦਾ ਹਾਂ । ਬਹੁਤ ਸਾਰੀਆਂ ਗੱਲਾਂ ਮੇਰੇ ਮਾਨਯੋਗ ਮੈਂਬਰ ਸਾਹਿਬਾਨਾਂ ਨੇ ਕੀਤੀਆਂ ਹਨ । ਮੈਂ ਉਨ੍ਹਾਂ ਦੀ ਰੈਪੀਟੇਸ਼ਨ ਨਹੀਂ ਕਰਨੀ ਚਾਹੁੰਦਾ । ਸਭ ਤੋਂ ਪਹਿਲਾਂ ਮੰਤਰੀ ਸਾਹਿਬ ਬੈਠੇ ਹਨ, ਸਾਡੇ ਫਤਿਹਗੜ੍ਹ ਸਾਹਿਬ ਸ਼ਹੀਦਾਂ ਦੀ ਉਸ ਪਵਿੱਤਰ ਧਰਤੀ ਉਤੇ ਪਿਛਲੀ ਕਾਂਗਰਸ ਦੀ ਸਰਕਾਰ ਨੇ ਜੱਚਾ ਬੱਚਾ ਹਸਪਤਾਲ ਬਣਾਉਣਾ ਸ਼ੁਰੂ ਕੀਤਾ ਸੀ ਜਿਸ ਦੀ ਜ਼ਮੀਨ ਤੇ 2.5 ਕਰੋੜ ਰੁਪਿਆ ਲੱਗਿਆ ਸੀ । ਉਸ ਤੋਂ ਬਾਅਦ ਜਿਹੜੀ ਪਿਛਲੇ ਦਸ ਸਾਲ ਸਰਕਾਰ ਰਹੀ ਹੈ, ਉਨ੍ਹਾਂ ਨੇ ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫਤਹਿ ਸਿੰਘ ਜੀ ਦੇ ਨਾਂ ਉਤੇ ਉਹ ਜਿਹੜਾ ਜੱਚਾ-ਬੱਚਾ ਸੁਪਰਸਪੈਸ਼ਲਿਟੀ ਹਸਪਤਾਲ ਬਣਨਾ ਸੀ, ਉਸ ਨੂੰ ਵੇਚਣ ਉਤੇ ਲਗਾ ਦਿੱਤਾ ਸੀ । ਸਪੀਕਰ ਸਾਹਿਬ, ਮੈਂ ਮਾਨਯੋਗ ਹਾਈ ਕੋਰਟ ਵਿੱਚ ਪੀ.ਆਈ.ਐਲ. ਪਾ ਕੇ ਉਸ ਦਾ ਕੇਸ ਲੜਦਾ ਰਿਹਾ ਤੇ ਮੁੜ ਕੇ, ਪਿਛਲੀ ਸਰਕਾਰ ਨੇ ਉਸ ਨੂੰ ਪੀ.ਪੀ. ਮੋਡ ਉਤੇ ਬਣਾਉਣ ਦਾ ਹਾਈ ਕੋਰਟ ਕੋਲ ਆਪਣਾ ਐਫੀਡੇਵਿਟ ਦਿੱਤਾ । ਉਸ ਤੋਂ ਬਾਅਦ ਉਹ ਹਸਪਤਾਲ ਜਿਹੜਾ ਹੈ, ਉਹ ਸਾਡੀ ਸਰਕਾਰ ਵਿੱਚ ਆ ਕੇ ਇੱਕ ਪ੍ਰਾਈਵੇਟ ਸੰਸਥਾ ਇੰਡਸ ਨੇ ਪੂਰਾ ਕੀਤਾ ਹੈ। ਸਪੀਕਰ ਸਾਹਿਬ, ਮੈਂ ਪਹਿਲੀ ਤਾਂ ਬੇਨਤੀ ਇਹ ਕਰਨੀ ਚਾਹੁੰਦਾ ਹਾਂ ਕਿ ਉਸ ਵਿੱਚ 2.5 ਕਰੋੜ ਰੁਪਏ ਬਿਲਡਿੰਗ ਸਰਕਾਰ ਦੀ ਲੱਗੀ ਹੈ ਔਰ ਜ਼ਮੀਨ ਸਰਕਾਰ ਨੇ 3.5 ਏਕੜ ਦੇ ਕਰੀਬ ਖਰੀਦ ਕੇ ਦਿੱਤੀ ਹੈ ਪਰ ਲੋਕਾਂ ਨੂੰ ਉਸ ਪੀ.ਪੀ.ਮੋਡ ਵਿਚੋਂ ਕੀ ਸਹੂਲਤ ਮਿਲੇਗੀ ? ਇਹ ਅਜੇ ਤੱਕ ਸਾਨੂੰ ਨਹੀਂ ਦੱਸਿਆ ਗਿਆ। ਉਸ ਬਾਰੇ ਮੈਂ ਮੰਤਰੀ ਸਾਹਿਬ ਨੂੰ ਕਹਾਂਗਾ ਕਿ ਜਲਦੀ ਮੀਟਿੰਗ ਕੀਤੀ ਜਾਵੇ ਤਾਂ ਕਿ ਲੋਕਾਂ ਨੂੰ ਪਤਾ ਲੱਗ ਸਕੇ ਕਿ ਇਸ ਵਿਚੋਂ ਉਨ੍ਹਾਂ ਨੂੰ ਕੀ ਸਹੂਲਤ ਮਿਲੇਗੀ? ਦੂਸਰਾ ਸਪੀਕਰ ਸਾਹਿਬ, ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਔਰ ਮੈਂ ਮੰਤਰੀ ਸਾਹਿਬ ਨਾਲ ਪਹਿਲਾਂ ਵੀ ਕਈ ਵਾਰੀ ਗੱਲ ਕੀਤੀ ਹੈ, ਸਾਡੇ ਪੰਜਾਬ ਵਿੱਚ ਡਾਕਟਰਾਂ ਦੀ ਬਹੁਤ ਵੱਡੀ ਘਾਟ ਹੈ ਔਰ ਉਸ ਘਾਟ ਨੂੰ ਅਸੀਂ ਵਿਚੋਂ ਹੀ ਪੂਰਾ ਕਰ ਸਕਦੇ ਹਾਂ। ਮੰਤਰੀ ਸਾਹਿਬ ਨੇ ਇਸ ਗੱਲ ਉਤੇ ਗੌਰ ਕਰਦਿਆਂ ਹੋਇਆਂ ਇੱਕ ਸਪੈਸ਼ਲ ਮੀਟਿੰਗ ਵੀ ਸੱਦੀ ਸੀ ਔਰ ਉਸ ਵਿੱਚ ਹੁਕਮ ਵੀ ਜਾਰੀ ਕੀਤੇ ਸੀ ਪਰ ਇਸ ਨੂੰ ਹੋਰ ਡੂੰਘੇ ਤਰੀਕੇ ਨਾਲ ਕਰਨ ਦੀ ਲੋੜ ਹੈ। ਸਪੀਕਰ ਸਾਹਿਬ, ਮੈਂ ਇਕੋ ਗੱਲ ਕਹਿਣੀ ਹੈ ਕਿ ਸਾਡੇ ਸਾਰੇ ਜ਼ਿਲ੍ਹਿਆਂ ਵਿੱਚ 22 ਤਾਂ ਸੀ.ਐਮ.ਓ. ਹਨ, ਇਸੇ ਤਰੀਕੇ ਨਾਲ ਇਸ ਤੋਂ ਡਬਲ ਟਰਿੱਪਲ ਸਾਡੇ ਕੋਲ ਐਸ.ਐਮ.ਓ. ਹਨ, ਇਸੇ ਤਰੀਕੇ ਨਾਲ ਡੀ.ਐਚ.ਓ. ਹਨ । ਸਪੀਕਰ ਸਾਹਿਬ, ਬੜੀ ਇੰਪਾਰਟੈਂਟ ਗੱਲ ਹੈ, ਜਿੰਨੇ ਵੀ ਸੀਨੀਅਰ ਡਾਕਟਰ ਹਨ, ਉਨ੍ਹਾਂ ਨੂੰ ਅਸੀਂ ਦਫਤਰੀ ਡਿਊਟੀਆਂ ਤੇ ਬਿਠਾ ਦਿੱਤਾ ਤੇ ਉਹ ਕੋਈ ਡਿਊਟੀ ਨਹੀਂ ਕਰਦੇ, ਇਹ ਪੁਰਾਣਾ ਸਿਸਟਮ ਚਲਿਆ ਆ ਰਿਹਾ ਹੈ, ਉਹ ਕੋਈ ਡਿਊਟੀ ਨਹੀਂ ਕਰਦੇ । ਸੀਨੀਅਰ ਮੋਸਟ ਡਾਕਟਰ ਜਿੰਨੇ ਪੰਜਾਬ ਦੇ ਹਨ, ਉਹ ਦਫਤਰਾਂ ਵਿੱਚ ਕਾਗਜ਼ਾਂ ਤੇ ਸਾਈਨ ਕਰਦੇ ਹਨ । ਜਿਵੇਂ ਡਾਇਰੈਕਟਰ, ਪੀ.ਜੀ.ਆਈ., ਡਿਊਟੀ ਕਰਦਾ ਹੈ ਜਾਂ ਓ.ਪੀ.ਡੀ. ਕਰਦਾ ਹੈ ਜਾਂ ਫਿਰ ਆਪਰੇਸ਼ਨ ਕਰਦਾ ਹੈ ਪਰ ਸਾਡੇ ਡਾਕਟਰ ਇਹ ਡਿਊਟੀਆਂ ਨਹੀਂ ਕਰਦੇ। ਕਿਰਪਾ ਕਰਕੇ ਉਨ੍ਹਾਂ ਤੋਂ ਓ.ਪੀ.ਡੀ. ਤੇ ਓਪਰੇਸ਼ਨਜ਼ ਵਿੱਚ ਡਿਊਟੀਆਂ ਲਈਆਂ ਜਾਣ।

**ਮਾਨਯੋਗ ਸਪੀਕਰ:** ਤੁਸੀਂ ਬੈਠੋ, ਬੈਠੋ । ਹਾਂ ਜੀ, ਰਾਜਾ ਵੜਿੰਗ ਜੀ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਉਹ ਦੋ-ਦੋ ਲੱਖ ਰੁਪਿਆ ਤਨਖਾਹ ਲੈਂਦੇ ਹਨ।

**ਮਾਨਯੋਗ ਸਪੀਕਰ :** ਹਾਂ ਜੀ, ਰਾਜਾ ਵੜਿੰਗ ਜੀ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ (ਗਿੱਦੜਬਾਹਾ) :** ਸਪੀਕਰ ਸਾਹਿਬ, ਜੋ ਮਤਾ ਸਰਦਾਰ ਰਣਦੀਪ ਸਿੰਘ ਨਾਭਾ ਜੀ ਲੈ ਕੇ ਆਏ ਹਨ, ਮੈਂ ਉਸ ਦੀ ਪ੍ਰੋੜ੍ਹਤਾ ਕਰਦਾ ਹਾਂ ਔਰ ਨਾਲ ਦੀ ਨਾਲ ਇੱਕ ਦੋ ਸੁਝਾਅ ਵੀ ਦੇਣਾ ਚਾਹੁੰਦਾ ਹਾਂ। ਹੈਲਥ ਮਨਿਸਟਰ ਸਾਹਿਬ ਤੇ ਉਨ੍ਹਾਂ ਦੀ ਟੀਮ ਬੜੇ ਚੰਗੇ ਢੰਗ ਨਾਲ ਕੰਮ ਕਰ ਰਹੀ ਹੈ ਪਰ ਮੈਂ ਇੱਕ ਗੱਲ ਇਨ੍ਹਾਂ ਦੇ ਧਿਆਨ ਵਿਚ ਲਿਆਉਣੀ ਚਾਹੁੰਦਾ ਹਾਂ ਕਿ ਜਿੰਨੇ ਪ੍ਰਾਈਵੇਟ ਹਸਪਤਾਲ ਹਨ, ਡੀ.ਐਮ.ਸੀ., ਫੋਰਟਿਸ ਤੇ ਜਿੰਨੇ ਵੀ ਹੋਰ ਹਨ, ਇਨ੍ਹਾਂ ਵਿੱਚ ਇਹ ਸਪੈਸ਼ਲ ਹਦਾਇਤ ਹੈ ਕਿ ਪੇਸ਼ੈਂਟ ਜਿਹੜਾ ਹੈ, ਉਹ ਅੰਦਰੋਂ ਦਵਾਈ ਲਵੇਗਾ । ਜਿਸ ਦਾ ਲਿਫਾਫਾ ਬਾਹਰ ਦਾ ਹੁੰਦਾ ਹੈ ਤਾਂ ਉਸ ਨੂੰ ਉਹ ਦਵਾਈ ਵਾਪਸ ਕਰ ਦਿੱਤੀ ਜਾਂਦੀ ਹੈ ਕਿ ਇਹ ਮੈਡੀਸਨ ਨਹੀਂ ਲੱਗੇਗੀ ਜਦਕਿ 30-30, 40-40 ਪ੍ਰਤੀਸ਼ਤ ਮਾਰਜਨ ਹੈ, ਬਾਹਰ ਉਹੀ ਦਵਾਈ ਤਿੰਨ ਹਜ਼ਾਰ ਰੁਪਏ ਦੀ ਆਉਂਦੀ ਹੈ ਜਿਹੜੀ ਅੰਦਰੋਂ ਦਸ ਹਜ਼ਾਰ ਦੀ ਆਉਂਦੀ ਹੈ । ਇਸ ਉਤੇ ਹੈਲਥ ਮਨਿਸਟਰ ਸਾਹਿਬ ਜ਼ਰੂਰ ਗੌਰ ਫਰਮਾਉਣ ਕਿ ਕਿਤੋਂ ਵੀ ਕੋਈ ਦਵਾਈ ਲੈ ਸਕਦਾ ਹੈ, ਜ਼ਰੂਰੀ ਨਹੀਂ ਕਿ ਉਸੇ ਹਸਪਤਾਲ ਤੋਂ ਲਵੇਗਾ । ਸਰ, ਮੈਂ ਦੂਸਰੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕੈਂਸਰ ਦੀ ਬੜੀ ਵੱਡੀ ਸਮੱਸਿਆ ਹੈ। ਇਹ ਕੈਂਸਰ ਵਾਲਿਆਂ ਲਈ ਡੇਢ ਲੱਖ ਰੁਪਿਆ ਰੱਖਿਆ ਗਿਆ ਹੈ ਲੇਕਿਨ ਲੇਟ ਆਉਂਦਾ ਹੈ। ਮੈਂ ਮੈਂਬਰ ਸਾਹਿਬ ਦੀ ਉਸ ਗੱਲ ਨਾਲ ਸਹਿਮਤ ਹਾਂ ।

**ਮਾਨਯੋਗ ਸਪੀਕਰ:** ਹੁਣ ਸਦਨ ਸਨਿੱਚਰਵਾਰ, ਮਿਤੀ 24 ਮਾਰਚ, 2018 ਦੇ 10.00 ਵਜੇ ਸਵੇਰ ਤੱਕ ਸਥੱਗਿਤ ਹੁੰਦਾ ਹੈ।

| | |
|---|---|
| *2.30 ਵਜੇ ਬਾਅਦ ਦੁਪਹਿਰ) | (ਇਸ *ਸਮੇਂ ਸਦਨ ਸਨਿੱਚਰਵਾਰ, ਮਿਤੀ 24 ਮਾਰਚ, 2018 ਦੇ 10.00 ਵਜੇ ਸਵੇਰ ਤੱਕ ਸਥੱਗਿਤ ਹੋ ਗਿਆ।) |

----------

**APPENDIX**

**To**

**PUNJAB VIDHAN SABHA**

**DEBATES**

*Thursday, 22nd March, 2018*

Vol.IV-No.4

**UNSTARRED QUESTIONS AND ANSWERS**

## ਰਾਜ ਵਿੱਚ ਸਰਕਾਰੀ ਕਾਲਜਾਂ ਦਾ ਵੇਰਵਾ

184. **ਸਰਦਾਰ ਬਲਦੇਵ ਸਿੰਘ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਰਾਜ ਵਿੱਚ ਕਿੰਨੇ ਸਰਕਾਰੀ ਕਾਲਜ ਆਉਂਦੇ ਹਨ ਅਤੇ ਉਨ੍ਹਾਂ ਦੇ ਵੇਰਵੇ ਕੀ ਹਨ;

(ਅ) ਉਪਰੋਕਤ ਸਰਕਾਰੀ ਕਾਲਜਾਂ ਵਿੱਚ ਵਿਸ਼ਾ-ਵਾਰ ਕਿੰਨੀਆਂ-ਕਿੰਨੀਆਂ ਅਸਾਮੀਆਂ ਮਨਜ਼ੂਰ-ਸ਼ੁਦਾ ਹਨ ਅਤੇ ਕਿੰਨੀਆਂ-ਕਿੰਨੀਆਂ ਅਸਾਮੀਆਂ ਖਾਲੀ ਪਈਆਂ ਹਨ;

(ੲ) ਉਪਰੋਕਤ ਕਾਲਜਾਂ ਵਿੱਚ ਕਿੰਨੇ ਪ੍ਰਕਾਰ ਦੇ ਵਿਸ਼ਾ-ਵਾਰ ਟੀਚਰ ਪੜ੍ਹਾਉਂਦੇ ਹਨ ਅਤੇ ਕਿਹੜੇ-ਕਿਹੜੇ ਹੈੱਡ ਅਧੀਨ ਕੰਮ ਕਰਦੇ ਹਨ;

(ਸ) ਉਪਰੋਕਤ ਕਾਲਜਾਂ ਵਿੱਚ ਕਾਲਜ-ਵਾਰ ਵਿਦਿਆਰਥੀਆਂ ਦੀ ਗਿਣਤੀ ਕਿੰਨੀ ਹੈ ਅਤੇ ਮੌਜੂਦਾ ਅਧਿਆਪਕ ਵਿਦਿਆਰਥੀ ਅਨੁਪਾਤ ਕਿੰਨਾ ਹੈ;

(ਹ) ਉਪਰੋਕਤ ਕਾਲਜਾਂ ਵਿੱਚ ਆਖਰੀ ਵਾਰ ਅਧਿਆਪਕਾਂ ਦੀ ਭਰਤੀ ਕਦੋਂ ਹੋਈ ਸੀ, ਭਰਤੀ ਦਾ ਵੇਰਵਾ ਇਸ਼ਤਿਹਾਰ ਜਾਰੀ ਹੋਣ ਤੋਂ ਸਿਲੈਕਸ਼ਨ ਲਿਸਟ ਜਾਰੀ ਹੋਣ ਤੱਕ ਦਾ ਦਿੱਤਾ ਜਾਵੇ;

(ਕ) ਇਸ ਸਬੰਧੀ ਮਾਣਯੋਗ ਹਾਈ ਕੋਰਟ ਤੇ ਸੁਪਰੀਮ ਕੋਰਟ ਵਿੱਚ ਚਲਦੇ ਕੇਸਾਂ ਦਾ ਵੇਰਵਾ ਦਿੱਤਾ ਜਾਵੇ;

(ਖ) ਕੀ ਕਾਲਜ ਕੇਡਰ ਦੀ ਭਰਤੀ ਉੱਤੇ ਸਰਕਾਰ ਵੱਲੋਂ ਕੋਈ ਰੋਕ ਲਗਾਈ ਗਈ ਹੈ; ਜੇਕਰ ਲਗਾਈ ਗਈ ਹੈ ਤਾਂ ਉਸਦੇ ਕੀ ਕਾਰਨ ਹਨ?

**ਸ਼੍ਰੀਮਤੀ ਅਰੁਨਾ ਚੌਧਰੀ** : (ੳ) ਰਾਜ ਵਿੱਚ ਕੁੱਲ 48 ਸਰਕਾਰੀ ਕਾਲਜ ਹਨ। ਉਨ੍ਹਾਂ ਦੇ ਵੇਰਵੇ ''ਅਨੁਲੱਗ-ੳ''** ਅਨੁਸਾਰ ਹਨ।

(ਅ) ਸਰਕਾਰੀ ਕਾਲਜਾਂ ਵਿੱਚ ਵਿਸ਼ਾ-ਵਾਰ ਕੁੱਲ ਅਸਾਮੀਆਂ/ਮਨਜ਼ੂਰਸ਼ੁਦਾ ਅਸਾਮੀਆਂ ਅਤੇ ਖਾਲੀ ਅਸਾਮੀਆਂ ਦੇ ਵੇਰਵੇ ''ਅਨੁਲੱਗ-ਅ''** ਅਨੁਸਾਰ ਹਨ।

(ੲ) ਪੰਜਾਬ ਰਾਜ ਦੇ ਸਰਕਾਰੀ ਕਾਲਜਾਂ ਵਿੱਚ ਵਿਸ਼ਾ-ਵਾਰ ਟੀਚਰਾਂ ਦੇ ਪੜ੍ਹਾਉਣ ਸਬੰਧੀ ਵੇਰਵੇ ''ਅਨੁਲੱਗ-ੲ''** ਅਨੁਸਾਰ ਹਨ।

(ਸ) ਪੰਜਾਬ ਰਾਜ ਦੇ ਸਰਕਾਰੀ ਕਾਲਜਾਂ ਵਿੱਚ ਕਾਲਜ-ਵਾਰ ਵਿਦਿਆਰਥੀਆਂ ਦੀ ਗਿਣਤੀ ਦੇ ਵੇਰਵੇ ''ਅਨੁਲੱਗ-ਸ''** ਅਨੁਸਾਰ ਹਨ ਅਤੇ ਮੌਜੂਦਾ ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਅਨੁਪਾਤ 43 ਵਿਦਿਆਰਥੀਆਂ ਤੇ 1 ਅਧਿਆਪਕ (43:1) ਦਾ ਹੈ।

---

**Placed in the Revisor Branch.

(ਹ) ਪੰਜਾਬ ਰਾਜ ਦੇ ਸਰਕਾਰੀ ਕਾਲਜਾਂ ਵਿੱਚ ਅਧਿਆਪਕਾਂ ਦੀ ਆਖਰੀ ਵਾਰ ਭਰਤੀ ਸਬੰਧੀ ਵਿਗਿਆਪਨ ਸਾਲ 1999 ਅਤੇ 2001 ਵਿੱਚ ਦਿੱਤਾ ਗਿਆ ਸੀ। ਇਨ੍ਹਾਂ ਵਿਗਿਆਪਨਾਂ ਦੇ ਸਨਮੁੱਖ ਭਰਤੀ ਸਾਲ 2003 ਵਿੱਚ ਕੀਤੀ ਗਈ ਸੀ। ਇਹ ਭਰਤੀ ਸਰਕਾਰ ਦੀ ਨੋਟੀਫਿਕੇਸ਼ਨ ਮਿਤੀ 16.05.2003 ਰਾਹੀਂ ਰੱਦ ਕਰ ਦਿੱਤੀ ਗਈ ਸੀ।

(ਕ) ਪੰਜਾਬ ਰਾਜ ਦੇ ਸਰਕਾਰੀ ਕਾਲਜਾਂ ਵਿੱਚ ਭਰਤੀ ਸਬੰਧੀ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਖੇ ਸਿਵਲ ਰਿੱਟ ਪਟੀਸ਼ਨ ਨੰ: 7732/2003, CWP No. 7766/2003, CWP No. 1166/2004, CWP No. 1167/2004, CWP No. 13884/2005, CWP No. 22673/2011, CWP No. 6802/2004, CWP No. 12087/2008, CWP No. 15729/ 2009, CWP No. 21186/2010, CWP No. 13877/2005, CWP No. 13878/2005, CWP No. 1657/2004, CWP No. 3102/2008, CWP No. 16635/2009, CWP No. 23338/2010 ਅਤੇ CWP No. 13008/2008 ਚਲ ਰਹੀਆਂ ਹਨ। ਇਹ ਰਿੱਟ ਪਟੀਸ਼ਨਾਂ ਹੁਣ ਮਿਤੀ 04.04.2018 ਨੂੰ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਖੇ ਸੁਣਵਾਈ ਲਈ ਨਿਸ਼ਚਿਤ ਹਨ।

(ਖ) ਨਹੀਂ ਜੀ, ਪੰਜਾਬ ਰਾਜ ਦੇ ਸਰਕਾਰੀ ਕਾਲਜਾਂ ਵਿੱਚ ਕਾਲਜ ਕਾਡਰ ਦੀ ਭਰਤੀ ਉੱਤੇ ਸਰਕਾਰ ਵੱਲੋਂ ਕੋਈ ਰੋਕ ਨਹੀਂ ਲਗਾਈ ਗਈ ਹੈ।ਇਹ ਰੋਕ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਸਿਵਲ ਰਿੱਟ ਪਟੀਸ਼ਨ ਨੰ: CWP No. 7732/2003, CWP No. 7766/2003, CWP No. 1166/2004, CWP No. 1167/2004 ਅਤੇ ਹੋਰ ਰਿੱਟ ਪਟੀਸ਼ਨਾਂ ਦੀ ਸੁਣਵਾਈ ਦੌਰਾਨ ਲਗਾਈ ਗਈ ਹੈ।

--------

## ਹਲਕਾ ਜਗਰਾਉਂ ਵਿੱਚ ਮੰਡੀਕਰਨ ਬੋਰਡ ਕੋਲ ਵਿਕਾਸ ਲਈ ਇਕੱਠੇ ਹੋਏ ਫੰਡਾਂ ਦਾ ਵੇਰਵਾ

186. **ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-**

ੳ) ਹਲਕਾ ਜਗਰਾਉਂ ਵਿਚ ਮੰਡੀਕਰਨ ਬੋਰਡ ਕੋਲ 2012 ਤੋਂ 2018 ਤੱਕ ਕਿੰਨਾ ਫੰਡ ਵਿਕਾਸ ਲਈ ਇਕੱਠਾ ਹੋਇਆ , ਸਲਾਨਾ ਵੇਰਵੇ ਦਿੱਤੇ ਜਾਣ;

ਅ) ਇਸ ਵਿਕਾਸ ਫੰਡ ਰਾਹੀਂ ਕਿਹੜੇ-ਕਿਹੜੇ ਪਿੰਡਾਂ ਦਾ ਵਿਕਾਸ ਹੋਇਆ ਅਤੇ ਕਿਹੜੇ-ਕਿਹੜੇ ਪਿੰਡਾਂ ਦੀਆਂ ਸੜਕਾਂ ਬਣਾਈਆਂ ਹਨ;

ੲ) ਕੀ ਇਹ ਠੀਕ ਹੈ ਕਿ ਪਿੰਡ ਚੱਕਰ ਵੱਲੋਂ 40 ਲੱਖ ਰੁਪਏ ਸੜਕ ਬਣਾਉਣ ਲਈ ਜਮ੍ਹਾਂ ਕਰਵਾਏ ਗਏ ਸੀ ਪ੍ਰੰਤੂ ਸੜਕ ਨਹੀਂ ਬਣਾਈ ਗਈ; ਜੇਕਰ ਅਜਿਹਾ ਹੈ ਤਾਂ ਇਹ ਕਿਉਂ ਨਹੀਂ ਬਣਾਈ ਗਈ; ਵੇਰਵੇ ਦਿੱਤੇ ਜਾਣ?

**ਕੈਪਟਨ ਅਮਰਿੰਦਰ ਸਿੰਘ:** ੳ) ਹਲਕਾ ਜਗਰਾਉਂ ਲਈ ਸਾਲ 2012 ਤੋਂ 2018 ਤੱਕ ਮੰਡੀ ਬੋਰਡ ਕੋਲ ਵਿਕਾਸ ਲਈ 6688.38 ਲੱਖ ਰੁਪਏ ਫੰਡ ਇਕੱਠੇ ਹੋਏ ਹਨ। ਸਾਲ ਵਾਰ ਡਿਟੇਲ ਹੇਠ ਦਰਸਾਏ ਅਨੁਸਾਰ ਹੈ:-

| ਸਾਲ | ਕੁੱਲ ਪ੍ਰਾਪਤ ਫੰਡਜ਼ (ਲੱਖਾਂ ਵਿੱਚ) |
|---|---|
| 2012-13 | 661.50 |
| 2013-14 | 2771.16 |
| 2014-15 | 423.43 |
| 2015-16 | 1856.29 |
| 2016-17 | 941.80 |
| 2017-18 | 34.20 |
| **Total** | **6688.38** |

ਅ) ਇਨ੍ਹਾਂ ਫੰਡਾਂ ਨਾਲ ਮੁਰੰਮਤ ਕੀਤੀਆਂ ਸੜਕਾਂ ਅਤੇ ਮੰਡੀਆਂ ਦੇ ਵਿਕਾਸ ਕਾਰਜਾਂ ਦੀ ਡਿਟੇਲ ਅਨੁਲੱਗ ''ੳ''** ਤੇ ਰੱਖੀ ਗਈ ਹੈ।

ੲ) ਨਹੀਂ ਜੀ।

---

** Placed in the Revisor Branch

## **<u>ਜੀ.ਐਨ.ਡੀ.ਯੂ ਅੰਮ੍ਰਿਤਸਰ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਅਸਾਮੀਆਂ ਦੀ ਗਿਣਤੀ</u>**

187. ਸਰਦਾਰ ਨਿਰਮਲ ਸਿੰਘ: ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

(ੳ) ਜੀ.ਐਨ.ਡੀ.ਯੂ. ਅੰਮ੍ਰਿਤਸਰ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿੱਚ ਕੰਮ ਕਰ ਰਹੇ ਟੀਚਿੰਗ, ਨਾਨ-ਟੀਚਿੰਗ ਅਤੇ ਪੈਰਾ-ਮੈਡੀਕਲ ਸਟਾਫ ਦੀ ਕੁੱਲ **ਸ਼੍ਰੇਣੀਵਾਰ** ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਵਿੱਚ ਖਾਲੀ ਪਈਆਂ ਅਸਾਮੀਆਂ ਦੀ **ਸ਼੍ਰੇਣੀਵਾਰ** ਕੁੱਲ ਗਿਣਤੀ ਕਿੰਨੀ ਹੈ;

(ਅ) ਇਨ੍ਹਾਂ ਯੂਨੀਵਰਸਿਟੀਆਂ ਵਿੱਚ ਉਕਤ **ਸ਼ਣੀਆਂ** (**ਸ਼੍ਰੇਣੀਵਾਰ**) ਨੂੰ ਮਹੀਨਾਵਾਰ ਸਕੱਤਰੇਤ ਭੱਤਾ, ਸਵਾਰੀ ਭੱਤਾ ਅਤੇ ਦੂਸਰੇ ਹੋਰ ਭੱਤੇ, ਜੇਕਰ ਕੋਈ ਦਿੱਤੇ ਜਾਂਦੇ ਹਨ, ਕਿੰਨੇ-ਕਿੰਨੇ ਹਨ?

**ਸ਼੍ਰੀਮਤੀ ਅਰੁਨਾ ਚੌਧਰੀ** : (ੳ) ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਚ ਕੰਮ ਕਰ ਰਹੇ ਪ੍ਰਵਾਨਿਤ ਟੀਚਿੰਗ ਅਸਾਮੀਆਂ ਦੀ ਕੁੱਲ ਗਿਣਤੀ 895 ਹੈ, ਜਿਸ ਵਿੱਚੋਂ 569 ਅਸਾਮੀਆਂ ਖਾਲੀ ਹਨ। ਨਾਨ-ਟੀਚਿੰਗ ਸਟਾਫ ਦੀਆਂ ਕੁਲ ਪ੍ਰਵਾਨਿਤ ਅਸਾਮੀਆਂ 2124 ਹਨ, ਜਿਸ ਵਿਚੋਂ 978 ਅਸਾਮੀਆਂ ਖਾਲੀ ਹਨ। ਪੈਰਾ-ਮੈਡੀਕਲ ਸਟਾਫ ਦੀਆਂ ਕੁਲ ਪ੍ਰਵਾਨਿਤ ਅਸਾਮੀਆਂ 22 ਹਨ, ਜਿਸ ਵਿਚੋਂ 9 ਅਸਾਮੀਆਂ ਖਾਲੀ ਹਨ।

ਪੰਜਾਬੀ ਯੂਨੀਵਰਸਿਟੀ , ਪਟਿਆਲਾ ਵਿਚ ਕੰਮ ਕਰ ਰਹੇ ਪ੍ਰਵਾਨਿਤ ਟੀਚਿੰਗ ਅਸਾਮੀਆਂ ਦੀ ਕੁੱਲ ਗਿਣਤੀ 1843 ਹੈ, ਜਿਸ ਵਿਚੋਂ 795 ਅਸਾਮੀਆਂ ਖਾਲੀ ਹਨ। ਨਾਨ-ਟੀਚਿੰਗ ਸਟਾਫ ਦੀਆਂ ਕੁਲ ਪ੍ਰਵਾਨਿਤ ਅਸਾਮੀਆਂ 3722 ਹਨ;, ਜਿਸ ਵਿਚੋਂ 982 ਅਸਾਮੀਆਂ ਖਾਲੀ ਹਨ। ਪੈਰਾ-ਮੈਡੀਕਲ ਸਟਾਫ ਦੀਆਂ ਕੁੱਲ ਪ੍ਰਵਾਨਿਤ ਅਸਾਮੀਆਂ 38 ਹਨ, ਜਿਸ ਵਿਚੋਂ 14 ਅਸਾਮੀਆਂ ਖਾਲੀ ਹਨ।

(ਅ) ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿੱਚ **ਸ਼੍ਰੇਣੀਵਾਰ** ਸਕੱਤਰੇਤ ਭੱਤਾ, ਸਵਾਰੀ ਭੱਤਾ ਅਤੇ ਦੂਸਰੇ ਹੋਰ ਭੱਤਿਆਂ ਸਬੰਧੀ ਸੂਚਨਾ **'ਅਨੁਲੱਗ-ੲ'** ਤੇ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿੱਚ **ਸ਼੍ਰੇਣੀਵਾਰ** ਸਕੱਤਰੇਤ ਭੱਤਾ, ਸਵਾਰੀ ਭੱਤਾ ਅਤੇ ਦੂਸਰੇ ਹੋਰ ਭੱਤਿਆਂ ਸਬੰਧੀ ਸੂਚਨਾ **'ਅਨੁਲੱਗ-ਸ'** ਤੇ ਰੱਖੀ ਜਾਂਦੀ ਹੈ।

## ਅਨੁਲੱਗ-ੲ

ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨਾਲ ਸਬੰਧਿਤ ਸੂਚਨਾ ਇਸ ਪ੍ਰਕਾਰ ਹੈ:-

**ਟੀਚਿੰਗ ਅਮਲਾ**

| ਲੜੀ ਨੰ: | ਪੋਸਟਾਂ ਦਾ ਨਾਮ | ਹਾਊਸ ਰੈਂਟ ਭੱਤਾ (ਮੁੱਢਲੀ ਤਨਖਾਹ ਦਾ) | ਮੋਬਾਇਲ ਭੱਤਾ (ਰੁਪਏ/ਪ੍ਰਤੀ ਮਹੀਨਾ) | ਮੈਡੀਕਲ ਭੱਤਾ (ਰੁਪਏ/ਪ੍ਰਤੀ ਮਹੀਨਾ) | ਸੀ.ਸੀ.ਏ ਭੱਤਾ (ਰੁਪਏ/ਪ੍ਰਤੀ ਮਹੀਨਾ) |
|---|---|---|---|---|---|
| 1. | ਅਸਿਸਟੈਂਟ ਪ੍ਰੋਫੈਸਰ | 20% | 500 | 500 | 120 |
| 2. | ਐਸੋਸੀਏਟ ਪ੍ਰੋਫੈਸਰ | 20% | 500 | 500 | 120 |
| 3. | ਪ੍ਰੋਫੈਸਰ | 20% | 500 | 500 | 120 |

**ਨਾਨ-ਟੀਚਿੰਗ ਅਮਲਾ**

| ਲੜੀ ਨੰ: | ਪੋਸਟਾਂ ਦਾ ਨਾਮ | ਸਕੱਤਰੇਤ ਭੱਤਾ (ਰੁਪਏ/ਪ੍ਰਤੀ ਮਹੀਨਾ) | ਹਾਊਸ ਰੈਂਟ ਭੱਤਾ (ਰੁਪਏ/ ਪ੍ਰਤੀ ਮਹੀਨਾ) | ਮੋਬਾਇਲ ਭੱਤਾ (ਰੁਪਏ/ਪ੍ਰਤੀ ਮਹੀਨਾ) | ਮੈਡੀਕਲ ਭੱਤਾ (ਰੁਪਏ/ ਪ੍ਰਤੀ ਮਹੀਨਾ) | ਸੀ.ਸੀ. ਏ ਭੱਤਾ (ਰੁਪਏ/ ਪ੍ਰਤੀ ਮਹੀਨਾ) | ਸਵਾਰੀ ਭੱਤਾ (ਰੁਪਏ/ ਪ੍ਰਤੀ ਮਹੀਨਾ) |
|---|---|---|---|---|---|---|---|
| 1. | ਕਲਰਕ | 400 | 20% | 250 | 500 | 120 | 400 |
| 2. | ਜੂਨੀਅਰ ਅਸਿਸਟੈਂਟ | 500 | 20% | 250 | 500 | 120 | 500 |
| 3. | ਸੀਨੀਅਰ ਅਸਿਸਟੈਂਟ | 900 | 20% | 300 | 500 | 120 | 600 |
| 4. | ਸੁਪਰਡੰਟ | 2000 | 20% | 500 | 500 | 120 | 800 |
| 5. | ਅਸਿਸਟੈਂਟ ਰਜਿਸਟਰਾਰ | 2500 | 20% | 500 | 500 | 120 | 800 |
| 6. | ਡਿਪਟੀ ਰਜਿਸਟਰਾਰ | 2500 | 20% | 500 | 500 | 120 | 800 |

**ਪੈਰਾ-ਮੈਡੀਕਲ ਸਟਾਫ**

| ਲੜੀ ਨੰ: | ਪੋਸਟਾਂ ਦਾ ਨਾਮ | ਐਨ.ਪੀ.ਏ (ਮੁੱਢਲੀ ਤਨਖਾਹ ਦਾ) | ਯੂਨੀਫੋਰਮ ਭੱਤਾ (ਰੁਪਏ/ ਪ੍ਰਤੀ ਮਹੀਨਾ) | ਹਾਊਸ ਰੈਂਟ ਭੱਤਾ (ਮੁੱਢਲੀ ਤਨਖਾਹ ਦਾ) | ਸੀ.ਸੀ.ਏ ਭੱਤਾ (ਰੁਪਏ/ ਪ੍ਰਤੀ ਮਹੀਨਾ) | ਮੋਬਾਇਲ ਭੱਤਾ (ਰੁਪਏ/ ਪ੍ਰਤੀ ਮਹੀਨਾ) | ਮੈਡੀਕਲ ਭੱਤਾ (ਰੁਪਏ/ ਪ੍ਰਤੀ ਮਹੀਨਾ) |
|---|---|---|---|---|---|---|---|
| 1. | ਡਾਕਟਰ | 25% | -- | 20% | 120 | 500 | 500 |
| 2. | ਸੀਨੀਅਰ ਲੈਬ ਟੈਕਨੀਸ਼ੀਅਨ | -- | -- | 20% | 120 | 300 | 500 |
| 3. | ਸਟਾਫ ਨਰਸ | -- | 100 | 20% | 120 | 300 | 500 |
| 4. | ਫਾਰਮਾਸਿਸਟ | -- | -- | 20% | 120 | 300 | 500 |
| 5. | ਰੇਡਿਓਗਰਾਫਰ | -- | -- | 20% | 120 | 300 | 500 |

## ਅਨੁਲੱਗ-ਸ

ਪੰਜਾਬੀ ਯੂਨੀਵਰਸਿਟੀ,ਪਟਿਆਲਾ ਨਾਲ ਸਬੰਧਤ ਸੂਚਨਾ ਇਸ ਪ੍ਰਕਾਰ ਹੈ:-

**ਟੀਚਿੰਗ ਅਮਲਾ**

| ਲੜੀ ਨੰ: | ਪੋਸਟਾਂ ਦਾ ਨਾਮ | ਹਾਊਸ ਰੈਂਟ ਭੱਤਾ (ਮੁੱਢਲੀ ਤਨਖਾਹ ਦਾ) | ਮੋਬਾਇਲ ਭੱਤਾ (ਰੁਪਏ/ਪ੍ਰਤੀ ਮਹੀਨਾ) | ਮੈਡੀਕਲ ਭੱਤਾ (ਰੁਪਏ/ਪ੍ਰਤੀ ਮਹੀਨਾ) | ਸੀ.ਸੀ.ਏ ਭੱਤਾ (ਰੁਪਏ/ਪ੍ਰਤੀ ਮਹੀਨਾ) |
|---|---|---|---|---|---|
| 1. | ਅਸਿਸਟੈਂਟ ਪ੍ਰੋਫੈਸਰ | 20% | 500 | 500 | -- |
| 2. | ਐਸੋਸੀਏਟ ਪ੍ਰੋਫੈਸਰ | 20% | 500 | 500 | -- |
| 3. | ਪ੍ਰੋਫੈਸਰ | 20% | 500 | 500 | -- |

**ਨਾਨ-ਟੀਚਿੰਗ ਅਮਲਾ**

| ਲੜੀ ਨੰ: | ਪੋਸਟਾਂ ਦਾ ਨਾਮ | ਸਕੱਤਰੇਤ ਭੱਤਾ (ਰੁਪਏ/ਪ੍ਰਤੀ ਮਹੀਨਾ) | ਹਾਊਸ ਰੈਂਟ ਭੱਤਾ (ਮੁੱਢਲੀ ਤਨਖਾਹ ਦਾ) | ਮੋਬਾਇਲ ਭੱਤਾ (ਰੁਪਏ/ਪ੍ਰਤੀ ਮਹੀਨਾ) | ਮੈਡੀਕਲ ਭੱਤਾ (ਰੁਪਏ/ ਪ੍ਰਤੀ ਮਹੀਨਾ) | ਸੀ.ਸੀ.ਏ ਭੱਤਾ (ਰੁਪਏ/ਪ੍ਰਤੀ ਮਹੀਨਾ) | ਸਵਾਰੀ ਭੱਤਾ (ਰੁਪਏ/ਪ੍ਰਤੀ ਮਹੀਨਾ) |
|---|---|---|---|---|---|---|---|
| 1. | ਕਲਰਕ | 400 | 20% | 250 | 500 | -- | 400 |
| 2. | ਜੂਨੀਅਰ ਅਸਿਸਟੈਂਟ | 400 | 20% | 250 | 500 | -- | 500 |
| 3. | ਸੀਨੀਅਰ ਅਸਿਸਟੈਂਟ | 900 | 20% | 300 | 500 | -- | 600 |
| 4. | ਸੁਪਰਡੰਟ | 2000 | 20% | 500 | 500 | -- | 800 |
| 5. | ਅਸਿਸਟੈਂਟ ਰਜਿਸਟਰਾਰ | 2500 | 20% | 500 | 500 | -- | 800 |
| 6. | ਡਿਪਟੀ ਰਜਿਸਟਰਾਰ | 2500 | 20% | 500 | 500 | -- | 800 |

**ਪੈਰਾ-ਮੈਡੀਕਲ ਸਟਾਫ**

| ਲੜੀ ਨੰ: | ਪੋਸਟਾਂ ਦਾ ਨਾਮ | ਸਕੱਤਰੇਤ ਭੱਤਾ (ਰੁਪਏ/ ਪ੍ਰਤੀ ਮਹੀਨਾ) | ਹਾਊਸ ਰੈਂਟ ਭੱਤਾ (ਮੁੱਢਲੀ ਤਨਖਾਹ ਦਾ) | ਮੋਬਾਇਲ ਭੱਤਾ (ਰੁਪਏ/ਪ੍ਰਤੀ ਮਹੀਨਾ) | ਮੈਡੀਕਲ ਭੱਤਾ (ਰੁਪਏ/ ਪ੍ਰਤੀ ਮਹੀਨਾ) | ਸੀ.ਸੀ.ਏ ਭੱਤਾ (ਰੁਪਏ/ ਪ੍ਰਤੀ ਮਹੀਨਾ) | ਸਵਾਰੀ ਭੱਤਾ (ਰੁਪਏ/ ਪ੍ਰਤੀ ਮਹੀਨਾ) |
|---|---|---|---|---|---|---|---|
| 1. | ਸੀਨੀਅਰ ਮੈਡੀਕਲ ਅਫਸਰ | -- | 20% | 500 | 500 | -- | -- |
| 2. | ਮੈਡੀਕਲ ਅਫਸਰ | -- | 20% | 500 | 500 | -- | -- |
| 3 | ਸਟਾਫ ਨਰਸ | -- | 20% | 300 | 500 | -- | -- |
| 4 | ਫਾਰਮਾਸਿਸਟ | -- | 20% | 250 | 500 | -- | -- |
| 5 | ਵਾਰਡ ਅਟੈਂਡੈਂਟ | -- | 20% | 250 | 500 | -- | 300 |

© 2018

ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰ ਹੇਠ ਪ੍ਰਕਾਸ਼ਿਤ ਅਤੇ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ, ਪੰਜਾਬ, ਚੰਡੀਗੜ੍ਹ ਰਾਹੀਂ ਸਰਕਾਰੀ ਪ੍ਰੈਸ, ਪਟਿਆਲਾ ਵਿਖੇ ਟਾਈਪ ਸੈਟ ਕਰਵਾ ਕੇ ਸਰਕਾਰੀ ਪ੍ਰੈਸ, ਐਸ.ਏ.ਐਸ.ਨਗਰ (ਮੁਹਾਲੀ) ਵਿਖੇ ਛਾਪੀ ਗਈ ।